JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 159 | Friday, August 19, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬਰੈਂਪਟਨ ਇੰਟੇਗ੍ਰਿਟੀ ਕਮਿਸ਼ਨਰ ਵੱਲੋਂ ਪੈਟ੍ਰਿਕ ਬ੍ਰਾਊਨ ਦੋਸ਼ ਮੁਕਤ ਕਰਾਰ

ਬਰੈਂਪਟਨ, 18 ਅਗਸਤ (ਪੋਸਟ ਬਿਊਰੋ) : ਆਪਣੀ ਸਿਆਸੀ ਕੈਂਪੇਨ ਵਿੱਚ ਸਿਟੀ ਦੇ ਸਟਾਫ ਦੀ ਵਰਤੋਂ ਕਰਨ ਦੇ ਲੱਗੇ ਦੋਸ਼ਾਂ ਤੋਂ ਬਰੈਂਪਟਨ ਇੰਟੇਗ੍ਰਿਟੀ ਕਮਿਸ਼ਨਰ ਵੱਲੋਂ ਮੇਅਰ ਪੈਟ੍ਰਿਕ ਬ੍ਰਾਊਨ ਨੂੰ ਮੁਕਤ ਕਰ ਦਿੱਤਾ ਗਿਆ ਹੈ ਤੇ ਇਸ ਸਬੰਧ ਵਿੱਚ ਜਾਂਚ ਵੀ ਖ਼ਤਮ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ 9 ਜੂਨ ਨੂੰ ਸੱਜੇ ਪੱਖੀ ਰੈਬਲ ਮੀਡੀਆ ਵੱਲੋਂ ਇਹ ਪੋਸਟ ਪਾਈ ਗਈ ਸੀ ਕਿ ਬ੍ਰਾਊਨ ਵੱਲੋਂ ਆਪਣੀ ਕੰਜ਼ਰਵੇਟਿਵ ਲੀਡਰਸ਼ਿਪ ਕੈਂਪੇਨ ਲਈ ਸਿਟੀ ਦੇ ਸਟਾਫ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਬਰੈਂਪਟਨ ਦੇ ਇੰਟੇਗ੍ਰਿਟੀ ਕਮਿਸ਼ਨਰ ਵੱਲੋਂ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ। ਇਸ ਸਬੰਧ ਵਿੱਚ ਵੀਰਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਬਰੈਂਪਟਨ ਇੰਟੇਗ੍ਰਿਟੀ ਕਮਿਸ਼ਨਰ ਵੱਲੋਂ ਆਖਿਆ ਗਿਆ ਕਿ ਸਾਨੂੰ ਇਹੋ ਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਖੁਲਾਸਾ ਹੋਵੇ



ਕਿ ਮੇਅਰ ਨੇ ਕੋਡ ਆਫ ਕੰਡਕਟ ਦੀ ਉਲੰਘਣਾ ਕੀਤੀ ਹੋਵੇ।

ਵੀਰਵਾਰ ਦੁਪਹਿਰ ਨੂੰ ਬਿਆਨ ਜਾਰੀ ਕਰਕੇ ਬ੍ਰਾਊਨ ਨੇ ਆਖਿਆ ਕਿ ਇੰਟੇਗ੍ਰਿਟੀ ਕਮਿਸ਼ਨਰ ਵੱਲੋਂ ਉਨ੍ਹਾਂ ਨੂੰ ਕਲੀਨ ਚਿੱਟ ਦਿੱਤੇ ਜਾਣ ਤੋਂ ਬਾਅਦ ਇਹ ਸਿੱਧ ਹੋ ਗਿਆ ਹੈ ਕਿ ਉਨ੍ਹਾਂ ਕੁੱਝ ਗਲਤ ਨਹੀਂ ਕੀਤਾ। ਇਸ ਲਈ ਉਨ੍ਹਾਂ ਉੱਤੇ ਤੇ ਸਿਟੀ ਸਟਾਫ ਉੱਤੇ ਇਹੋ ਜਿਹੀਆਂ ਬੇਸਿਰ ਪੈਰ ਦੀਆਂ ਤੁਹਮਤਾਂ ਲਾਉਣ ਵਾਲਿਆਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਇਹ ਸਾਰੀਆਂ ਮਨਘੜਤ ਕਹਾਣੀਆਂ ਸਿਆਸਤ ਤੋਂ ਪ੍ਰੇਰਿਤ ਸਨ ਤੇ ਸਾਰੀ ਜਾਂਚ ਟੈਕਸਦਾਤਾਵਾਂ ਦੇ ਪੈਸੇ ਦੀ ਬਰਬਾਦੀ ਤੋਂ ਇਲਾਵਾ ਹੋਰ ਕੁੱਝ ਨਹੀਂ ਸੀ।

## ਹੈਲਥ ਕੇਅਰ ਸਿਸਟਮ ਨੂੰ ਲੀਹ ਉੱਤੇ ਲਿਆਉਣ ਲਈ ਫੋਰਡ ਸਰਕਾਰ ਨੇ ਜਾਰੀ ਕੀਤਾ "ਪਲੈਨ ਟੂ ਸਟੇਅ ਓਪਨ"

ਓਨਟਾਰੀਓ, 18 ਅਗਸਤ (ਪੋਸਟ ਬਿਊਰੋ) : ਹੈਲਥ ਕੇਅਰ ਸਿਸਟਮ ਨੂੰ ਲੀਹ ਉੱਤੇ ਲਿਆਉਣ ਲਈ ਫੋਰਡ ਸਰਕਾਰ ਨੇ ਪ੍ਰਾਈਵੇਟ ਕਲੀਨਿਕ ਸਰਜਰੀਜ਼ ਨੂੰ ਫੰਡ ਦੇਣੇ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਮਰੀਜ਼ਾਂ ਨੂੰ ਉਨ੍ਹਾਂ ਦੀਆਂ ਕਮਿਊਨਿਟੀਜ਼ ਤੋਂ ਬਾਹਰ ਲਾਂਗ ਟਰਮ ਕੇਅਰ ਬੈੱਡਜ਼ ਮੁਹੱਈਆ ਕਰਵਾਉਣ ਦੀ ਖੁੱਲ੍ਹ ਦੇਣ ਲਈ ਬਿੱਲ ਲਿਆਉਣ ਦਾ ਫੈਸਲਾ ਵੀ ਕੀਤਾ ਗਿਆ ਹੈ।

ਸਿਹਤ ਮੰਤਰੀ ਸਿਲਵੀਆ ਜੋਨਜ਼ ਨੇ ਵੀਰਵਾਰ ਸਵੇਰੇ ਸੰਨੀਬਰੁੱਕ ਹਸਪਤਾਲ ਤੋਂ ਸਰਕਾਰ ਦੇ "ਪਲੈਨ ਟੂ ਸਟੇਅ ਓਪਨ" ਦਾ ਖੁਲਾਸਾ ਕਰਦਿਆਂ ਆਖਿਆ ਕਿ ਅਸੀਂ ਓਨਟਾਰੀਓ ਦੇ ਹਸਪਤਾਲਾਂ ਉੱਤੇ ਪਏ ਬੋਝ ਨੂੰ ਘਟਾਉਣਾ ਚਾਹੁੰਦੇ ਹਾਂ। ਇੱਥੋਂ ਦੇ ਹਸਪਤਾਲਾਂ ਨੂੰ ਸਟਾਫ ਦੀ ਘਾਟ ਦੇ ਚੱਲਦਿਆਂ ਆਪਣੇ ਐਮਰਜੰਸੀ ਰੂਮਜ਼ ਤੱਕ ਬੰਦ ਕਰਨੇ ਪੈ ਰਹੇ ਹਨ। ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਹਫਤਿਆਂ ਤੋਂ ਅਸੀਂ ਫਰੰਟਲਾਈਨ ਵਰਕਰਜ਼, ਹਸਪਤਾਲਾਂ, ਲਾਂਗ ਟਰਮ ਕੇਅਰ ਤੇ ਯੂਨੀਅਨ ਲੀਡਰਸ਼ਿਪ ਨਾਲ ਰਲ ਕੇ ਇਸ ਸਮੱਸਿਆ ਦਾ ਕੋਈ ਠੋਸ ਹੱਲ ਕੱਢਣ ਲਈ ਕੰਮ ਕਰ ਰਹੇ ਹਾਂ। ਜਿਸ ਨਾਲ ਹਸਪਤਾਲਾਂ ਤੇ ਵਰਕਰਜ਼ ਉੱਤੇ ਪੈ ਰਹੇ ਦਬਾਅ ਨੂੰ ਘਟਾਇਆ ਜਾ ਸਕੇ ਤੇ ਆਉਣ ਵਾਲੀ ਸਰਦ ਰੁੱਤ



ਵਿੱਚ ਮਰੀਜ਼ਾਂ ਦੀ ਤਾਦਾਦ ਵਿੱਚ ਵਾਧਾ ਹੋਣ ਦੀ ਸੰਭਾਵਨਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਤਿਆਰੀ ਕੀਤੀ ਜਾ ਸਕੇ।

ਇਸ ਤੋਂ ਇਲਾਵਾ ਮੌਜੂਦਾ ਪ੍ਰਾਈਵੇਟ ਫੈਸਿਲਿਟੀਜ਼ ਵਿੱਚ ਓਐਚਆਈਪੀ ਵਾਲੇ ਸਰਜੀਕਲ ਪ੍ਰੋਸੀਜਰਜ਼ ਦੀ ਗਿਣਤੀ ਵਧਾ ਕੇ ਹੈਲਥਕੇਅਰ ਸਿਸਟਮ ਦੀ ਸਰਜੀਕਲ ਸਮਰੱਥਾ ਨੂੰ ਵਧਾਉਣ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਨੇ ਇਹ ਨਹੀਂ ਦੱਸਿਆ ਕਿ ਪ੍ਰਾਈਵੇਟ ਕਲੀਨਿਕਸ ਵਿੱਚ ਕਿਸ ਤਰ੍ਹਾਂ ਦੀਆਂ ਸਰਜਰੀਜ਼ ਕਰਵਾਈਆਂ ਜਾ ਸਕਣਗੀਆਂ। ਪੈਰਾਮੈਡਿਕਸ ਕੋਲ ਮਰੀਜ਼ਾਂ ਨੂੰ ਐਮਰਜੰਸੀ ਰੂਮਜ਼ ਤੋਂ ਇਲਾਵਾ ਕਿਸੇ ਹੋਰ ਥਾਂ ਉੱਤੇ ਲਿਜਾਣ ਦੀ ਖੁੱਲ੍ਹ ਵੀ ਹੋਵੇਗੀ। ਉਹ ਮਰੀਜ਼ਾਂ ਦਾ ਘਰ ਵਿੱਚ ਹੀ ਇਲਾਜ ਕਰ ਸਕਣਗੇ ਜਾਂ ਉਨ੍ਹਾਂ ਨੂੰ ਕਿਸੇ ਹੋਰ ਫੈਸਿਲਿਟੀ ਉੱਤੇ ਲਿਜਾ ਸਕਣਗੇ। ਇਸ ਪਲੈਨ ਵਿੱਚ ਇਹ ਵੀ ਸ਼ਾਮਲ ਹੈ ਕਿ ਨਰਸਾਂ ਨੂੰ ਫੁੱਲ ਟਾਈਮ ਰੀਜਨ ਦੇ ਕਈ ਹਸਪਤਾਲਾਂ ਵਿੱਚ ਤਾਇਨਾਤ ਕੀਤਾ ਜਾ ਸਕੇਗਾ ਤੇ ਆਪਣੇ ਕਰੀਅਰ ਦੇ ਮੱਧ ਵਿੱਚ ਜਾਂ ਅਖੀਰ ਵਿੱਚ ਪਹੁੰਚ ਚੁੱਕੀਆਂ ਨਰਸਾਂ ਦੇ ਨਾਲ ਨਾਲ ਰਿਟਾਇਰਡ ਨਰਸਾਂ ਵੀ ਨਵੀਆਂ ਨਰਸਾਂ ਨੂੰ ਕੰਮ ਸਿਖਾ ਸਕਣਗੀਆਂ। ਪ੍ਰੋਵਿੰਸ ਆਰਜ਼ੀ ਤੌਰ ਉੱਤੇ ਕੌਮਾਂਤਰੀ ਪੱਧਰ ਉੱਤੇ ਟਰੇਨਡ ਤੇ ਰਿਟਾਇਰਡ ਨਰਸਾਂ ਲਈ ਪ੍ਰੀਖਿਆ, ਅਰਜ਼ੀ ਤੇ ਰਜਿਸਟ੍ਰੇਸ਼ਨ ਫੀਸ ਕਵਰ ਕਰਨ ਦਾ ਇੰਤਜ਼ਾਮ ਕਰੇਗੀ, ਜਿਸ ਨਾਲ ਉਨ੍ਹਾਂ ਨੂੰ 1500 ਡਾਲਰ ਦੀ ਬਚਤ ਹੋਵੇਗੀ। ਇਸ ਤੋਂ ਇਲਾਵਾ ਲਾਂਗ ਟਰਮ ਕੇਅਰ ਹੋਮਜ਼ ਵਿੱਚ ਪ੍ਰੈਕਟਿਸ ਕਰਨ ਵਾਲੀਆਂ ਨਰਸਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਸਰਕਾਰ ਤਿੰਨ ਸਾਲਾਂ ਦੇ ਅਰਸੇ ਵਿੱਚ 57.6 ਮਿਲੀਅਨ ਡਾਲਰ ਦਾ ਨਿਵੇਸ਼ ਕਰਨ ਬਾਰੇ ਯੋਜਨਾ ਉੱਤੇ ਵੀ ਵਿਚਾਰ ਕਰ ਰਹੀ ਹੈ।

ਜੋਨਜ਼ ਨੇ ਆਖਿਆ ਕਿ ਇਸ ਨਵੇਂ ਪਲੈਨ ਤਹਿਤ ਹਸਪਤਾਲਾਂ ਵਿੱਚ 2500 ਬੈੱਡ ਹੋਰ ਲਾਏ ਜਾਣਗੇ ਤੇ 6,000 ਹੋਰ ਹੈਲਥ ਕੇਅਰ ਵਰਕਰਜ਼ ਭਰਤੀ ਕੀਤੇ ਜਾਣਗੇ।

## ਬੱਚਿਆਂ ਲਈ ਤਰਲ ਟਾਇਨੌਲ ਤੋਂ ਬਾਅਦ ਐਸੇਟਾਮਿਨਫੇਨ ਚਿਊਏਬਲ ਦੀ ਘਾਟ ਵੀ ਪੈਦਾ ਹੋਈ

ਓਟਵਾ, 18 ਅਗਸਤ (ਪੋਸਟ ਬਿਊਰੋ) : ਜੈਨਰਿਕ ਤੇ ਸਟੋਰ-ਬ੍ਰੈਂਡ ਦਵਾਈਆਂ ਦਾ ਨਿਰਮਾਣ ਕਰਨ ਵਾਲੀ ਲੈਬਰੇਟੋਇਰ ਰੀਵਾ ਕੰਪਨੀ ਨੇ ਦੱਸਿਆ ਕਿ ਬੱਚਿਆਂ ਲਈ ਤਿਆਰ ਕੀਤੀ ਜਾਣ ਵਾਲੀ ਐਸੇਟਾਮਿਨਫੇਨ ਚਿਊਏਬਲ ਟੇਬਲੈਟ ਦੀ ਘਾਟ ਵੀ ਪੈਦਾ ਹੋ ਗਈ ਹੈ।



DrugShortagesCanada.ca, ਜੋ ਕਿ ਹੈਲਥ ਕੈਨੇਡਾ ਦੀ ਵੈੱਬਸਾਈਟ ਹੈ ਜਿਹੜੀ ਡਰੱਗ ਵਿਕਰੇਤਾਵਾਂ ਨੂੰ ਦੱਸਦੀ ਹੈ ਕਿ ਉਹ ਡਿਮਾਂਡ ਪੂਰੀ ਕਰਨ ਤੋਂ ਕਦੋਂ ਅਸਮਰੱਥ ਹਨ, ਅਨੁਸਾਰ ਕਿਊਬਿਕ ਸਥਿਤ ਇਸ ਕੰਪਨੀ ਦਾ ਕਹਿਣਾ ਹੈ ਕਿ ਡਿਮਾਂਡ ਵਧਣ ਕਾਰਨ ਹੀ ਇਹ ਘਾਟ ਪੈਦਾ ਹੋਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਬੱਚਿਆਂ ਦੀ ਦਵਾਈ ਟਾਇਨੌਲ ਦੀ ਘਾਟ ਵੀ ਸਪਲਾਈ ਚੇਨ ਦੇ ਮੁੱਦਿਆਂ ਤੇ ਗੈਰਮੌਸਮੀ ਮੰਗ ਵੱਧ ਜਾਣ ਕਾਰਨ ਪੈਦਾ ਹੋਈ ਹੈ। ਟੋਰਾਂਟੋ ਦੇ ਹੌਸਪਿਟਲ ਫੌਰ ਸਿੱਕ ਕਿੱਡਜ਼ ਵੱਲੋਂ ਐਸੇਟਾਮਿਨਫੇਨ ਤੇ ਇਬੂਪ੍ਰੋਫਿਨ ਦੇ ਤਰਲ ਰੂਪ ਨੂੰ ਹਾਸਲ ਕਰਨ ਵਿੱਚ ਆਉਣ ਵਾਲੀਆਂ ਚੁਣੌਤੀਆਂ ਬਾਰੇ ਕੇਅਰਗਿਵਰਜ਼ ਤੇ ਮਰੀਜ਼ਾਂ ਨੂੰ ਸੋਮਵਾਰ ਨੂੰ ਹੀ ਜਾਣੂ ਕਰਵਾ ਦਿੱਤਾ ਗਿਆ ਸੀ।

ਓਟਵਾ ਦੇ ਸੀਐਚਈਓ (ਚਿਲਡਰਨਜ਼ ਹੌਸਪਿਟਲ ਆਫ ਈਸਟਰਨ ਓਨਟਾਰੀਓ) ਨੇ ਆਖਿਆ ਕਿ ਉਨ੍ਹਾਂ ਦੇ ਮਰੀਜ਼ਾਂ ਲਈ ਸਪਲਾਈ ਵਿੱਚ ਕੋਈ ਗੜਬੜੀ ਨਾ ਹੋਵੇ ਇਸ ਲਈ ਉਚੇਚੇ ਕਦਮ ਚੁੱਕੇ ਜਾ ਰਹੇ ਹਨ। ਇਸ ਦੌਰਾਨ ਬੁੱਧਵਾਰ ਨੂੰ ਕੈਨੇਡੀਅਨ ਫਾਰਮਾਸਿਸਟਸ ਐਸੋਸਿਏਸ਼ਨ ਵੱਲੋਂ ਵੀ ਬਿਆਨ ਜਾਰੀ ਕਰਕੇ ਇਹ ਸਪਸ਼ਟ ਕੀਤਾ ਗਿਆ ਕਿ ਤਰਲ ਰੂਪ ਵਿੱਚ ਟਾਇਨੌਲ ਤੇ ਐਡਵਿਲ ਖਰੀਦਣ ਲਈ ਕਿਸੇ ਤਰ੍ਹਾਂ ਦੇ ਡਾਕਟਰੀ ਨੁਸਖੇ ਦੀ ਲੋੜ ਨਹੀਂ ਹੈ। ਆਰਗੇਨਾਈਜ਼ੇਸ਼ਨ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਲੋੜੋਂ ਵੱਧ ਦਵਾਈਆਂ ਖਰੀਦ ਕੇ ਨਾ ਰੱਖੀਆਂ ਜਾਣ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5N 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty
Off: 905.230.3100

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

OURR HOME & APPLIANCES
Late Summer TREATS
PRICE $3199 +TAX
PRICE $1599 +TAX
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

## ਦੱਖਣੀ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਕੀਤੀ ਗਈ ਰੱਦ



ਓਨਟਾਰੀਓ, 18 ਅਗਸਤ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਗਰਜ ਚਮਕ ਨਾਲ ਭਾਰੀ ਮੀਂਹ ਪੈਣ ਦੀ ਜਿਹੜੀ ਪੇਸ਼ੀਨਿਗੋਈ ਕੀਤੀ ਗਈ ਸੀ ਉਸ ਨੂੰ ਰੱਦ ਕਰ ਦਿੱਤਾ ਗਿਆ ਹੈ। ਐਨਵਾਇਰਮੈਂਟ ਕੈਨੇਡਾ ਵੱਲੋਂ ਯੌਰਕ-ਦਰਹਾਮ ਵਿੱਚ ਸ਼ਾਮੀਂ 5:50 ਉੱਤੇ ਭਾਰੀ ਮੀਂਹ ਪੈਣ ਦੀ ਪੇਸ਼ੀਨਿਗੋਈ ਕੀਤੀ ਗਈ ਸੀ। ਇਹ ਭਾਰੀ ਤੂਫਾਨ ਤੇ ਮੀਂਹ ਦੀ ਚੇਤਾਵਨੀ ਯੌਰਕ-ਦਰਹਾਮ ਇਲਾਕੇ ਲਈ ਜਾਰੀ ਕੀਤੀ ਗਈ ਤੇ ਫਿਰ ਕੁੱਝ ਦੇਰ ਮਗਰੋਂ ਵੈਦਰ ਏਜੰਸੀ ਨੇ ਆਖਿਆ ਕਿ ਇਹ ਭਾਰੀ ਮੀਂਹ ਜੈਨੇਟਵਿੱਲ ਵਿੱਚ ਵੀ ਪਵੇਗਾ। ਸ਼ਾਮੀਂ 6:20 ਉੱਤੇ ਪੀਟਰਬਰੋ ਤੇ ਕਵਾਰਥਾ ਲੇਕਜ਼ ਲਈ ਵੀ ਇਹ ਚੇਤਾਵਨੀ ਜਾਰੀ ਕੀਤੀ ਗਈ।

ਮੌਸਮ ਏਜੰਸੀ ਨੇ ਇਹ ਵੀ ਆਖਿਆ ਕਿ ਇਸ ਕਾਰਨ ਪ੍ਰੋਵਿੰਸ ਦੇ ਕਈ ਹਿੱਸਿਆਂ ਵਿੱਚ ਅਚਾਨਕ ਪਾਣੀ ਭਰ ਸਕਦਾ ਹੈ ਤੇ ਹੜ੍ਹ ਵਰਗੀ ਸਥਿਤੀ ਵੀ ਪੈਦਾ ਹੋ ਸਕਦੀ ਹੈ।

## 10 ਡਾਲਰ ਰੋਜ਼ਾਨਾ ਵਾਲੇ ਚਾਈਲਡ ਕੇਅਰ ਪ੍ਰੋਗਰਾਮ ਦੀ ਡੈਡਲਾਈਨ ਵਿਚ ਦੋ ਮਹੀਨੇ ਦਾ ਕੀਤਾ ਗਿਆ ਵਾਧਾ

ਓਨਟਾਰੀਓ, 18 ਅਗਸਤ (ਪੋਸਟ ਬਿਊਰੋ) : 10 ਡਾਲਰ ਰੋਜ਼ਾਨਾ ਵਾਲੇ ਪ੍ਰੋਗਰਾਮ ਵਿੱਚ ਚਾਈਲਡ ਕੇਅਰ ਆਪਰੇਟਰਜ਼ ਨੂੰ ਸ਼ਾਮਲ ਕਰਨ ਲਈ ਓਨਟਾਰੀਓ ਸਰਕਾਰ ਵੱਲੋਂ ਡੈੱਡਲਾਈਨ ਵਿੱਚ ਦੋ ਮਹੀਨੇ ਦਾ ਵਾਧਾ ਕੀਤਾ ਜਾ ਰਿਹਾ ਹੈ।



ਇਸ ਤੋਂ ਪਹਿਲਾਂ ਡੇਅਕੇਅਰ ਆਪਰੇਟਰਜ਼ ਕੋਲ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਪਹਿਲੀ ਸਤੰਬਰ ਤੱਕ ਦਾ ਸਮਾਂ ਸੀ। ਹੁਣ ਇਹ ਡੈੱਡਲਾਈਨ ਵਧਾ ਕੇ ਪਹਿਲੀ ਨਵੰਬਰ ਕਰ ਦਿੱਤੀ ਗਈ ਹੈ। ਬੁੱਧਵਾਰ ਨੂੰ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਇਸ ਸਿਸਟਮ ਨੂੰ ਸਹੀ ਢੰਗ ਨਾਲ ਚਲਾਉਣ ਲਈ ਹੀ ਵਾਧੂ ਸਮਾਂ ਦਿੱਤਾ ਜਾ ਰਿਹਾ ਹੈ। ਸਰਕਾਰ ਚਾਹੁੰਦੀ ਹੈ ਕਿ ਵੱਧ ਤੋਂ ਵੱਧ ਡੇਅਕੇਅਰ ਆਪਰੇਟਰਜ਼ ਇਸ ਪ੍ਰੋਗਰਾਮ ਨਾਲ ਜੁੜ ਸਕਣ।

ਇਸ ਨਾਲ ਕਾਰਵਾਈ ਕਰਨ ਲਈ ਜਿੱਥੇ ਵਧੇਰੇ ਸਮਾਂ ਮਿਲ ਸਕੇਗਾ ਉੱਥੇ ਹੀ ਲਾਲ ਫੀਤਾਸ਼ਾਹੀ ਨੂੰ ਘਟਾਇਆ ਜਾਵੇਗਾ ਤੇ 2023 ਲਈ ਹੋਰ ਫੰਡ ਮੁਹੱਈਆ ਕਰਵਾਉਣ ਦੀ ਕਵਾਇਦ ਨੂੰ ਅਮਲ ਵਿੱਚ ਲਿਆਂਦਾ ਜਾ ਸਕੇਗਾ। ਇਸ ਨਾਲ ਵੱਧ ਤੋਂ ਵੱਧ ਆਪਰੇਟਰਜ਼ ਇਸ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਣਗੇ। ਇਸ ਬਾਰੇ ਕੁਈਨਜ ਪਾਰਕ ਤੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਹੋਰ ਵੇਰਵੇ ਤਾਂ ਮੁਹੱਈਆ ਨਹੀਂ ਕਰਵਾਏ ਪਰ ਮਿਊਂਸਪੈਲਿਟੀਜ਼ ਨੂੰ ਭੇਜੇ ਪੱਤਰ ਵਿੱਚ ਇਹ ਆਖਿਆ ਗਿਆ ਹੈ ਕਿ ਇਸ ਨਾਲ ਆਪਰੇਟਰਜ਼ ਨੂੰ ਫੈਸਲਾ ਲੈਣ ਵਿੱਚ ਵੱਧ ਸਮਾਂ ਮਿਲੇਗਾ ਤੇ ਮਾਪਿਆਂ ਵੱਲੋਂ ਬਚਤ ਯਕੀਨੀ ਬਣਾਈ ਜਾ ਸਕੇਗੀ।

## ਗੈਸ ਦੀਆਂ ਕੀਮਤਾਂ ਭਾਵੇਂ ਘਟੀਆਂ ਪਰ ਨਿੱਤ ਵਰਤੋਂ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਕੋਈ ਫਰਕ ਨਹੀਂ ਪਿਆ

ਓਟਵਾ, 18 ਅਗਸਤ (ਪੋਸਟ ਬਿਊਰੋ) : ਤੇਲ ਦੀਆਂ ਕੀਮਤਾਂ ਘਟਣ ਕਾਰਨ ਜੇ ਕੈਨੇਡੀਅਨਜ਼ ਨੂੰ ਇਸ ਗੱਲ ਦੀ ਖੁਸ਼ੀ ਹੋ ਰਹੀ ਹੈ ਕਿ ਹੁਣ ਉਨ੍ਹਾਂ ਦੀਆਂ ਗੈਸ ਦੀਆਂ ਟੈਂਕੀਆਂ ਭਰੀਆਂ ਜਾਣਗੀਆਂ ਤਾਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਗਲਤਫਹਿਮੀ ਵਿੱਚ ਨਹੀਂ ਰਹਿਣਾ ਚਾਹੀਦਾ।



ਮੰਗਲਵਾਰ ਨੂੰ ਆਪਣਾ ਟਰੱਕ ਭਰਵਾਉਣ ਵਾਲੇ ਕੈਮਰੂਨ ਬੈੱਨ ਨੇ ਦੱਸਿਆ ਕਿ ਉਸ ਨੂੰ 1.66 ਡਾਨਰ ਪ੍ਰਤੀ ਲੀਟਰ ਦੇ ਹਿਸਾਬ ਨਾਲ ਗੈਸ ਭਰਵਾਉਣੀ ਪਈ ਤੇ ਇਹ ਕਿਸੇ ਵੀ ਪਾਸਿਓਂ ਸਸਤੀ ਨਹੀਂ ਹੈ। ਹਾਂ ਐਨਾ ਜ਼ਰੂਰ ਹੋਇਆ ਹੈ ਕਿ ਕੁੱਝ ਮਹੀਨੇ ਪਹਿਲਾਂ ਜਿੱਥੇ ਕੀਮਤਾਂ 2 ਡਾਲਰ ਪ੍ਰਤੀ ਲੀਟਰ ਤੱਕ ਪਹੁੰਚ ਗਈਆਂ ਸਨ ਉੱਥੇ ਹੀ ਹੁਣ ਇਹ 1.66 ਡਾਲਰ ਪ੍ਰਤੀ ਲੀਟਰ ਤੱਕ ਹਨ।

ਪਰ ਇਸ ਦੇ ਬਾਵਜੂਦ ਇੱਕ ਸਾਲ ਪਹਿਲਾਂ ਨਾਲੋਂ ਇਹ ਮਹਿੰਗੀਆਂ ਹਨ। ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਆਖਿਆ ਗਿਆ ਕਿ ਜੁਲਾਈ ਵਿੱਚ ਗੈਸ ਦੀਆਂ ਕੀਮਤਾਂ ਘਟੀਆਂ ਤੇ ਇਸ ਨਾਲ ਮਹਿੰਗਾਈ ਦਰ ਵੀ 8.1 ਫੀ ਸਦੀ ਦੀ ਥਾਂ 7.6 ਫੀ ਸਦੀ ਉੱਤੇ ਆ ਗਈ। ਪਰ ਜੋ ਕੋਈ ਵੀ ਟਰਾਂਜ਼ਿਟ, ਬਾਈਕਸ, ਇਲੈਕਟ੍ਰਿਕ ਕਾਰ ਜਾਂ ਪੈਦਲ ਸਫਰ ਕਰਦਾ ਹੈ ਉਸ ਲਈ ਤਾਂ ਮਹਿੰਗਾਈ ਵਿੱਚ ਕੋਈ ਕਮੀ ਨਹੀਂ ਆਈ। ਇਸ ਤੋਂ ਇਲਾਵਾ ਜਿਨ੍ਹਾਂ ਦੀ ਆਮਦਨ ਫਿਕਸ ਹੈ ਉਨ੍ਹਾਂ ਨੂੰ ਵੀ ਮਹਿੰਗਾਈ ਤੋਂ ਕਿਸੇ ਕਿਸਮ ਦੀ ਰਾਹਤ ਨਹੀਂ ਮਿਲੀ। ਉਨ੍ਹਾਂ ਲਈ ਤਾਂ ਇਸ ਸਾਲ ਹਾਲਾਤ ਹੋਰ ਵੀ ਬਦਤਰ ਹੋ ਗਏ।

ਪਰ ਕਈ ਖਪਤਕਾਰਾਂ ਦਾ ਕਹਿਣਾ ਹੈ ਕਿ ਮਹਿੰਗਾਈ ਉਸ ਨਾਲੋਂ ਕਿਤੇ ਜ਼ਿਆਦਾ ਹੈ ਜਿੰਨੀ ਸਟੈਟੇਸਟਿਕਸ ਕੈਨੇਡਾ ਵੱਲੋਂ ਦੱਸੀ ਜਾ ਰਹੀ ਹੈ। ਰੋਜ਼ਮਰਾ ਦੀਆਂ ਚੀਜ਼ਾਂ ਹੱਦ ਨਾਲੋਂ ਵੱਧ ਮਹਿੰਗੀਆਂ ਹੋ ਗਈਆਂ ਹਨ। ਕਈ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਬੈਂਕ ਆਫ ਕੈਨੇਡਾ ਨੂੰ ਵਿਆਜ਼ ਦਰਾਂ ਵਿੱਚ ਵਾਧਾ ਜਾਰੀ ਰੱਖਣਾ ਚਾਹੀਦਾ ਹੈ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਬੱਚੇ ਦੀ ਹੋਈ ਮੌਤ

ਟੋਰਾਂਟੋ, 18 ਅਗਸਤ (ਪੋਸਟ ਬਿਊਰੋ) : ਵੀਰਵਾਰ ਰਾਤ ਨੂੰ ਮਿਮਿਕੋ ਵਿੱਚ ਇੱਕ ਪਾਰਕਿੰਗ ਲੌਟ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਦੋ ਸਾਲਾ ਬੱਚੇ ਦੀ ਮੌਤ ਹੋ ਗਈ।



ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਰਾਤੀਂ 7:30 ਵਜੇ ਲੇਕ ਸ਼ੋਰ ਬੋਲੀਵੀਆਰਡ ਵੈਸਟ ਤੇ ਐਲਬਰਟ ਐਵਨਿਊ ਉੱਤੇ ਸਥਿਤ ਇੱਕ ਅਪਾਰਟਮੈਂਟ ਕਾਂਪਲੈਕਸ ਦੇ ਪਾਰਕਿੰਗ ਲੌਟ ਵਿੱਚ ਵਾਪਰਿਆ। ਬੱਚੇ ਨੂੰ ਜਾਨਲੇਵਾ ਸੱਟਾਂ ਲੱਗੀਆਂ ਤੇ ਜਦੋਂ ਤੱਕ ਮਦਦ ਕਰਨ ਲਈ ਲੋਕ ਬੱਚੇ ਤੱਕ ਪਹੁੰਚੇ ਤਾਂ ਉਸ ਦੀ ਹਾਲਤ ਕਾਫੀ ਵਿਗੜੀ ਹੋਈ ਸੀ। ਬੱਚੇ ਨੂੰ ਨੇੜਲੇ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਟਵੀਟ ਕਰਕੇ ਪੁਲਿਸ ਨੇ ਦੱਸਿਆ ਕਿ ਗੱਡੀ ਦਾ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਉਸ ਖਿਲਾਫ ਕਿਸੇ ਤਰ੍ਹਾਂ ਦੇ ਚਾਰਜਿਜ਼ ਲਾਏ ਗਏ ਹਨ ਜਾਂ ਨਹੀਂ ਇਸ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

## ਜ਼ੈਲਰਜ਼ ਦੇ ਪਰਤਣ ਤੋਂ ਖੁਸ਼ ਹਨ ਕਈ ਲੋਕ




ਓਟਵਾ, 18 ਅਗਸਤ (ਪੋਸਟ ਬਿਊਰੋ) : ਜ਼ੈਲਰਜ਼ ਬ੍ਰੈਂਡ ਦੀ ਮਾਲਕ ਹਡਸਨ ਬੇਅ ਕੰਪਨੀ ਨੇ ਬੁੱਧਵਾਰ ਨੂੰ ਐਲਾਨ ਕੀਤਾ ਹੈ ਕਿ ਉਹ ਕੁੱਝ ਮੌਜੂਦਾ ਐਚਬੀਸੀ ਸਟੋਰਜ਼ ਨਾਲ ਇਸ ਡਿਪਾਰਟਮੈਂਟ ਸਟੋਰ ਨੂੰ ਮੁੜ ਖੋਲ੍ਹਣ ਜਾ ਰਹੀ ਹੈ। ਇਸ ਦੇ ਨਾਲ ਹੀ ਅਗਲੇ ਸਾਲ ਇਸ ਨੂੰ ਆਨਲਾਈਨ ਵੀ ਸ਼ੁਰੂ ਕੀਤਾ ਜਾਵੇਗਾ।

ਇਸ ਐਲਾਨ ਤੋਂ ਬਾਅਦ ਜ਼ੈਲਰਜ਼ ਦੇ ਪੁਰਾਣੇ ਕਸਟਮਰਜ਼ ਵਿੱਚ ਨਵਾਂ ਜੋਸ਼ ਭਰ ਗਿਆ ਹੈ। ਕਈ ਕੈਨੇਡੀਅਨਜ਼ ਨੇ ਦੱਸਿਆ ਕਿ ਜੈਲਰਜ਼ ਨਾਲ ਉਨ੍ਹਾਂ ਦੀਆਂ ਕਿੰਨੀਆਂ ਚੰਗੀਆਂ ਯਾਦਾ ਜੁੜੀਆਂ ਹੋਈਆਂ ਹਨ। ਜ਼ੈਲਰਜ਼ ਵੱਲੋਂ ਕਈ ਲੋਕਾਂ ਦੀ ਪਰਵਰਿਸ਼ ਨਾਲ ਜੁੜੀਆਂ ਯਾਦਾਂ ਵਿੱਚ ਚੰਗੀ ਭੂਮਿਕਾ ਨਿਭਾਈ ਗਈ ਹੈ। ਕਈਆਂ ਨੂੰ ਜ਼ੈਲਰਜ਼ ਦਾ ਸ਼ਾਪਿੰਗ ਸਬੰਧੀ ਤਜਰਬਾ ਯਾਦਗਾਰੀ ਲੱਗਦਾ ਹੈ ਤੇ ਕਈਆਂ ਨੂੰ ਸਟੋਰ ਦੇ ਅੰਦਰ ਮੌਜੂਦ ਰੈਸਟੋਰੈਂਟ ਵਿੱਚ ਖਾਣਾ ਖਾਣਾ ਬਹੁਤ ਪਸੰਦ ਸੀ। ਇਸ ਡਿਪਾਰਟਮੈਂਟ ਸਟੋਰ ਵਿੱਚ ਕਈ ਕੈਨੇਡੀਅਨ ਡਿਜ਼ਾਈਨਰ ਕੱਪੜੇ ਵੀ ਸਨ ਜਿਵੇਂ ਕਿ ਐਲਫਰੈਡ ਸੰਗ ਆਦਿ। ਇਸ ਸਟੋਰ ਵਿੱਚ ਕੰਮ ਕਰਨ ਵਾਲਿਆਂ ਦਾ ਵੀ ਕਹਿਣਾ ਹੈ ਕਿ ਇੱਥੇ ਕੰਮ ਕਰਨਾ ਉਨ੍ਹਾਂ ਦੀ ਜ਼ਿੰਦਗੀ ਦੇ ਚੰਗੇ ਤਜ਼ਰਬਿਆਂ ਨਾਲ ਜੁੜਿਆ ਹੋਇਆ ਹੈ। 2013 ਵਿੱਚ ਕੈਨੇਡਾ ਭਰ ਵਿੱਚ ਜ਼ੈਲਰਜ਼ ਦੇ ਬਹੁਤੇ ਸਟੋਰ ਬੰਦ ਕਰ ਦਿੱਤੇ ਗਏ ਤੇ ਸਿਰਫ ਕੁੱਝ ਲੋਕੇਸ਼ਨਾਂ ਨੂੰ ਹੀ 2020 ਤੱਕ ਖੁੱਲ੍ਹਾ ਰੱਖਿਆ ਗਿਆ।

## ਧੱਕੇ ਨਾਲ ਗੱਡੀ ਵਿੱਚ ਬਿਠਾਈ ਗਈ ਮਹਿਲਾ ਦੀ ਸੇਫਟੀ ਨੂੰ ਲੈ ਕੇ ਪੁਲਿਸ ਚਿੰਤਤ

ਟੋਰਾਂਟੋ, 18 ਅਗਸਤ (ਪੋਸਟ ਬਿਊਰੋ) : ਵੀਰਵਾਰ ਦੁਪਹਿਰ ਨੂੰ ਸਕਾਰਬਰੋ ਵਿੱਚ ਇੱਕ ਗੱਡੀ ਵਿੱਚ ਇੱਕ ਮਹਿਲਾ ਨੂੰ ਧੱਕੇ ਨਾਲ ਬਿਠਾ ਕੇ ਲਿਜਾਇਆ ਗਿਆ। ਇਸ ਮਾਮਲੇ ਵਿੱਚ ਮਹਿਲਾ ਦੀ ਸੇਫਟੀ ਨੂੰ ਲੈ ਕੇ ਟੋਰਾਂਟੋ ਪੁਲਿਸ ਕਾਫੀ ਪਰੇਸ਼ਾਨ ਹੈ।




ਪੁਲਿਸ ਨੇ ਦੱਸਿਆ ਕਿ ਇਹ ਮਹਿਲਾ ਦੁਪਹਿਰੇ 12:00 ਵਜੇ ਤੋਂ ਬਾਅਦ ਗਿਲਡਵੁੱਡ ਪਾਰਕਵੇਅ ਤੇ ਕਿੰਗਸਟਨ ਰੋਡ ਇਲਾਕੇ ਵਿੱਚ ਸਾਈਡਵਾਕ ਉੱਤੇ ਤੁਰੀ ਜਾ ਰਹੀ ਸੀ ਜਦੋਂ ਇੱਕ ਪੁਰਸ਼ ਨੇ ਗੱਡੀ ਲਿਆ ਕੇ ਉਸ ਦੇ ਸਾਹਮਣੇ ਲਾ ਲਈ ਤੇ ਉਸ ਨੂੰ ਧੱਕੇ ਨਾਲ ਖਿੱਚ ਕੇ ਗੱਡੀ ਅੰਦਰ ਬਿਠਾ ਲਿਆ ਤੇ ਫਿਰ ਗੱਡੀ ਲੈ ਕੇ ਤੇਜ਼ੀ ਨਾਲ ਉੱਥੋਂ ਫਰਾਰ ਹੋ ਗਿਆ। ਮਸ਼ਕੂਕ ਦੀ ਉਮਰ 20 ਤੋਂ 30 ਸਾਲ ਦਰਮਿਆਨ ਦੱਸੀ ਜਾਂਦੀ ਹੈ, ਉਸ ਦਾ ਰੰਗ ਗੋਰਾ, ਕਾਲੇ ਵਾਲ ਤੇ ਉਸ ਦੇ ਦਾੜ੍ਹੀ ਜਾਂ ਬੱਕਰਦਾੜ੍ਹੀ ਰੱਖੀ ਹੋ ਸਕਦੀ ਹੈ। ਉਸ ਨੂੰ ਆਖਰੀ ਵਾਰੀ ਹਲਕੇ ਰੰਗ ਦੀ ਸ਼ਰਟ ਤੇ ਆਫ-ਵ੍ਹਾਈਟ ਕੈਪ ਲਿਆਂ ਦੇਖਿਆ ਗਿਆ। ਗੱਡੀ ਚਿੱਟੇ ਰੰਗ ਦੀ ਦੋ ਜਾਂ ਚਾਰ ਦਰਵਾਜ਼ਿਆਂ ਵਾਲੀ ਕਾਰ ਦੱਸੀ ਜਾਂਦੀ ਹੈ, ਜਿਸ ਦੇ ਪਿਛਲੇ ਹਿੱਸੇ ਵਿੱਚ ਨੀਲੇ ਰੰਗ ਦਾ ਐਂਬਲਮ ਲੱਗਿਆ ਹੋਇਆ ਸੀ।

ਮਹਿਲਾ ਦੀ ਉਮਰ ਵੀ 20 ਤੋਂ 30 ਸਾਲ ਦਰਮਿਆਨ ਦੱਸੀ ਜਾਂਦੀ ਹੈ, ਉਸ ਦੇ ਲੰਮੇਂ ਕਾਲੇ ਵਾਲ ਸਨ। ਉਸ ਨੂੰ ਆਖਰੀ ਵਾਰੀ ਬੈਗ ਨਾਲ ਵੇਖਿਆ ਗਿਆ ਪਰ ਉਸ ਦੇ ਕੱਪੜਿਆਂ ਸਬੰਧੀ ਵੇਰਵਾ ਅਜੇ ਜਾਰੀ ਨਹੀਂ ਕੀਤਾ ਗਿਆ।

## ਗੁਰਦੁਆਰਾ ਬੰਗਲਾ ਸਾਹਿਬ ਰੋਹਤਕ ਵਿੱਚ ਝੜੱਪ, ਗੋਲੀਆਂ ਚੱਲੀਆਂ, ਦੋ ਨੌਜਵਾਨ ਜ਼ਖਮੀ

ਰੋਹਤਕ, 18 ਅਗਸਤ, (ਪੋਸਟ ਬਿਊਰੋ)- ਹਰਿਆਣਾ ਦੇ ਇਸ ਸ਼ਹਿਰ ਦੇ ਮਾਤਾ ਦਰਵਾਜ਼ੇ ਨੇੜਲੇਗੁਰਦੁਆਰਾ ਬੰਗਲਾ ਸਾਹਿਬ ਵਿੱਚਕੱਲ੍ਹ ਦੇਰ ਰਾਤ ਦੋ ਧਿਰਾਂ ਵਿਚਾਲੇ ਮਾਮੂਲੀ ਝਗੜਾ ਵਧਣ ਪਿੱਛੋਂ ਦੋਵਾਂ ਪਾਸਿਆਂ ਤੋਂ ਤਲਵਾਰਾਂ ਚੱਲੀਆਂ ਤੇ ਇਸ ਮੌਕੇ ਹੋਈ ਫਾਇਰਿੰਗ ਵਿੱਚਇੱਕ ਵਿਅਕਤੀ ਨੂੰ ਗੋਲੀ ਲੱਗੀ ਅਤੇਇੱਕ ਹੋਰ ਜ਼ਖ਼ਮੀ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਰਾਤ ਸਮੇਂ ਗੁਰਦੁਆਰੇ ਵਿੱਚ ਸ਼ਬਦ ਕੀਰਤਨ ਨਾਲ ਲੰਗਰ ਚੱਲ ਰਿਹਾ ਸੀ ਤਾਂ ਦੋਵੇਂ ਧਿਰਾਂ ਮੱਥਾ ਟੇਕਣ ਆਈਆਂ ਸਨ। ਜ਼ਖਮੀ ਪੱਖ ਦੇ ਨੌਜਵਾਨ ਨੇ ਦੱਸਿਆ ਕਿ ਅਸੀਂ ਗੁਰ-ਦੁਆਰਾ ਸਾਹਿਬ ਆਏ ਤਾਂ ਕਿਸੇ ਗੱਲ ਬਾਰੇ ਅਚਾਨਕ ਬਹਿਸ ਹੋ ਗਈ ਅਤੇ ਪੰਜ ਜਣਿਆਂ ਨੇ ਹਮਲਾ ਕਰ ਦਿੱਤਾ ਅਤੇ ਪਿਸਤੌਲ ਨਾਲ ਫਾਇਰ ਕੀਤੇ, ਜਿਸ ਕਾਰਨ ਮੇਰੇ ਭਰਾ ਦੇ ਪੇਟ ਵਿੱਚ ਸੱਟ ਲੱਗੀ। ਪੁਲਿਸ ਨੇ ਗੋਲੀਬਾਰੀ ਦੇ ਮੁੱਖਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।ਡੀ ਐੱਸ ਪੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਸੁਖਬੀਰ ਰਾਠੌਰ ਨਾਂ ਦੇ ਵਿਅਕਤੀ ਨੇ ਪੁਲਿਸ ਨੂੰਦੱਸਿਆ ਸੀ ਕਿ ਦੋਸ਼ੀ ਸੁਖਬੀਰ ਉਰਫ਼ ਜੱਸੀ ਨੇ ਸਾਥੀਆਂ ਨਾਲ ਮਿਲ ਕੇ ਫਾਇਰਿੰਗ ਕੀਤੀ ਤੇ ਤਲਵਾਰਾਂ ਨਾਲ ਹਮਲਾ ਕੀਤਾ ਸੀ, ਜਿਸ ਵਿੱਚ ਬਲਦੇਵ ਦੇ ਪੇਟ ਵਿੱਚ ਗੋਲੀ ਲੱਗੀ ਤੇ ਜਸਪਾਲ ਸਿੰਘ ਜ਼ਖ਼ਮੀ ਹੋਇਆ ਹੈ। ਮੁੱਢਲੀ ਜਾਂਚਤੋਂ ਪਤਾ ਲੱਗਾ ਕਿ ਇਹ ਘਟਨਾ ਪੁਰਾਣੀ ਰੰਜਿਸ਼ ਕਾਰਨ ਵਾਪਰੀ ਸੀ। ਇਸ ਕੇਸ ਵਿੱਚਮੁੱਖਦੋਸ਼ੀ ਸੁਖਬੀਰ ਉਰਫ਼ ਜੱਸੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



# ਓਨਟਾਰੀਓ ਦੇ ਡਾਕਟਰ ਖਿਲਾਫ ਲਾਏ ਗਏ ਕਤਲ ਦੇ 3 ਨਵੇਂ ਚਾਰਜਿਜ਼



ਓਨਟਾਰੀਓ, 18 ਅਗਸਤ (ਪੋਸਟ ਬਿਊਰੋ) : ਪੂਰਬੀ ਓਨਟਾਰੀਓ ਦੇ ਡਾਕਟਰ, ਜਿਸ ਨੂੰ ਇੱਕ ਮਰੀਜ਼ ਦੇ ਕਤਲ ਲਈ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਸੀ, ਖਿਲਾਫ ਤਿੰਨ ਹੋਰ ਕਤਲ ਦੇ ਚਾਰਜਿਜ਼ ਲਾਏ ਗਏ ਹਨ। ਇਹ ਐਲਾਨ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਕੀਤਾ ਗਿਆ।

35 ਸਾਲਾ ਡਾਕਟਰ ਬ੍ਰਾਇਨ ਨੈਡਲਰ ਨੂੰ 25 ਮਾਰਚ ਨੂੰ ਪੌਇਟ ਕਲੇਅਰ, ਕਿਊਬਿਕ ਦੇ 89 ਸਾਲਾ ਐਲਬਰਟ ਪੌਇਨਡਿੰਗਰ ਦਾ ਕਤਲ ਕਰਨ ਦੇ ਸਬੰਧ ਵਿੱਚ 2021 ਵਿੱਚ ਚਾਰਜ ਕੀਤਾ ਗਿਆ ਸੀ। ਉਸ ਸਮੇਂ ਨੈਡਲਰ ਹਾਅਕਸਬਰੀ ਤੇ ਡਿਸਟ੍ਰਿਕਟ ਜਨਰਲ ਹਸਪਤਾਲ ਵਿੱਚ ਕੰਮ ਕਰਦਾ ਸੀ। ਪੁਲਿਸ ਨੇ ਦੱਸਿਆ ਕਿ ਉਹ ਹਸਪਤਾਲ ਵਿੱਚ ਹੋਈਆਂ ਕਈ ਸ਼ੱਕੀ ਮੌਤਾਂ ਦੀ ਜਾਂਚ ਪੜਤਾਲ ਕਰ ਰਹੇ ਸਨ। ਪਰ ਉਨ੍ਹਾਂ ਵੱਲੋਂ ਕਦੇ ਇਹ ਖੁਲਾਸਾ ਨਹੀਂ ਕੀਤਾ ਗਿਆ ਕਿ ਇਹ ਜਾਂਚ ਕਿੰਨੀਆਂ ਮੌਤਾਂ ਲਈ ਕੀਤੀ ਜਾ ਰਹੀ ਸੀ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਜਾਂਚ ਲੰਮੀਂ ਚੱਲ ਸਕਦੀ ਹੈ।

ਚਾਰਜ ਕੀਤੇ ਜਾਣ ਤੋਂ ਬਾਅਦ ਨੈਡਲਰ ਦਾ ਮੈਡੀਕਲ ਲਾਇਸੰਸ ਸਸਪੈਂਡ ਕਰ ਦਿੱਤਾ ਗਿਆ। ਕਈ ਸ਼ਰਤਾਂ ਨਾਲ ਉਸ ਨੂੰ ਜੁਲਾਈ 2021 ਵਿੱਚ ਜ਼ਮਾਨਤ ਉੱਤੇ ਰਿਹਾਅ ਕੀਤਾ ਗਿਆ। ਉਸ ਉੱਤੇ ਪ੍ਰੈਕਟਿਸ ਕਰਨ ਉੱਤੇ ਵੀ ਰੋਕ ਲਾਈ ਗਈ ਸੀ। ਇੱਕ ਨਿਊਜ਼ ਰਲੀਜ਼ ਵਿੱਚ ਓਪੀਪੀ ਨੇ ਆਖਿਆ ਕਿ ਨੈਡਲਰ ਨੂੰ ਤਿੰਨ ਹੋਰ ਫਰਸਟ ਡਿਗਰੀ ਕਤਲਾਂ ਦੇ ਸਬੰਧ ਵਿੱਚ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਇਹ ਚਾਰਜਿਜ਼ ਰਿਗਾਡ, ਕਿਊਬਿਕ ਦੀ 80 ਸਾਲਾ ਕਲੇਅਰ ਬ੍ਰੇਰੀ, ਹਾਅਕਸਬਰੀ, ਓਨਟਾਰੀਓ ਦੀ 79 ਸਾਲਾ ਲੋਰੇਨ ਲਲਾਂਡੇ ਤੇ ਈਸਟ ਹਾਅਕਸਬਰੀ ਟਾਊਨਸ਼ਿਪ, ਓਨਟਾਰੀਓ ਦੀ 93 ਸਾਲਾ ਜੂਡਿੱਥ ਲੰਗੂਲੈਸਕੂ ਦੀ ਮੌਤ ਦੇ ਸਬੰਧ ਵਿੱਚ ਲਾਏ ਗਏ ਹਨ।

# ਮੰਤਰੀ ਨੇ ਕੈਨੇਡੀਅਨਜ਼ ਨੂੰ ਜਾਅਲੀ ਟਰੈਵਲ ਪਲੈਨਜ਼ ਬਣਾਉਣ ਤੋਂ ਵਰਜਿਆ

ਓਟਵਾ, 18 ਅਗਸਤ (ਪੋਸਟ ਬਿਊਰੋ) : ਫੈਮਿਲੀਜ਼, ਚਿਲਡਰਨ ਤੇ ਸੋਸ਼ਲ ਡਿਵੈਲਪਮੈਂਟ ਮੰਤਰੀ ਕਰੀਨਾ ਗੋਲਡ ਵੱਲੋਂ ਜਾਅਲੀ ਟਰੈਵਲ ਪਲੈਨਜ਼ ਬਣਾਉਣ ਵਾਲਿਆਂ ਨੂੰ ਅਜਿਹਾ ਨਾ ਕਰਨ ਲਈ ਆਖਿਆ ਗਿਆ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਲਾਈਨ ਵਿੱਚ ਲੱਗਕੇ ਆਪਣੇ ਪਾਸਪੋਰਟਸ ਦੀ ਉਡੀਕ ਕਰਨ ਵਾਲਿਆਂ ਨੂੰ ਨੁਕਸਾਨ ਹੁੰਦਾ ਹੈ।

ਗੋਲਡ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਪਤਾ ਲੱਗਿਆ ਹੈ ਕਿ ਕੁੱਝ ਲੋਕ ਆਪਣੀ ਪਾਸਪੋਰਟ ਅਰਜ਼ੀ ਉੱਤੇ ਜਲਦ ਤੋਂ ਜਲਦ ਕੰਮ ਕਰਵਾਉਣ ਲਈ ਜਾਅਲੀ ਟਰੈਵਲ ਪਲੈਨਜ਼ ਬਣਾ ਕੇ ਬੁਕਿੰਗ ਕਰਵਾ ਰਹੇ ਹਨ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੇ ਮਾਮਲੇ ਬਹੁਤ ਜ਼ਿਆਦਾ ਨਹੀਂ ਹਨ। ਜ਼ਿਕਰਯੋਗ ਹੈ ਕਿ ਕੋਵਿਡ 19 ਕਾਰਨ ਲੱਗੀਆਂ ਰੋਕਾਂ ਤੋਂ ਬਾਅਦ ਸ਼ੁਰੂ ਹੋਏ ਕੌਮਾਂਤਰੀ ਟਰੈਵਲ ਵਿੱਚ ਲੋਕਾਂ ਦੀ ਕਾਫੀ ਦਿਲਚਸਪੀ ਵਧੀ ਹੈ, ਇਸ ਲਈ ਅਚਾਨਕ ਪੈਦਾ ਹੋਏ ਬੈਕਲਾਗ ਨੂੰ ਖ਼ਤਮ ਕਰਨ ਲਈ ਪਾਸਪੋਰਟ ਆਫਿਸਿਜ਼ ਨੂੰ ਜਲਦ ਤੋਂ ਜਲਦ ਅਰਜ਼ੀਆਂ ਕਲੀਅਰ ਕਰਨੀਆਂ ਪੈ ਰਹੀਆਂ ਹਨ। ਜਿਨ੍ਹਾਂ ਨੂੰ ਕਿਸੇ ਖਾਸ ਲੋੜ ਕਾਰਨ ਟਰੈਵਲ ਕਰਨ ਦੀ ਜ਼ਿਆਦਾ ਜਲਦੀ ਹੈ ਅਜਿਹੇ ਵਿੱਚ ਉਨ੍ਹਾਂ ਦੇ ਪਾਸਪੋਰਟਸ ਜਲਦ ਮੁਹੱਈਆ ਕਰਵਾਏ ਜਾ ਰਹੇ ਹਨ। ਮੰਤਰੀ ਨੇ ਆਖਿਆ ਕਿ ਜੇ ਕੋਈ ਅਜਿਹਾ ਕਰ ਰਿਹਾ ਹੈ ਤਾਂ ਉਸ ਨੂੰ ਨਹੀਂ ਕਰਨਾ ਚਾਹੀਦਾ। ਉਨ੍ਹਾਂ ਆਖਿਆ ਕਿ ਹੁਣ ਕੰਮ ਕਾਫੀ ਹੱਦ ਤੱਕ ਲੀਹ ਉੱਤੇ ਆ ਚੱਲਿਆ ਹੈ ਤੇ ਪਾਸਪੋਰਟ ਆਫਿਸਿਜ਼ ਵਿੱਚ ਵੀ ਉਡੀਕ ਸਮਾਂ ਘਟਿਆ ਹੈ। ਇਸ ਲਈ ਅਜਿਹੀ ਗੜਬੜ ਕਰਨ ਦੀ ਕਿਸੇ ਨੂੰ ਕੋਈ ਲੋੜ ਨਹੀਂ।




# ਜੀਟੀਏ ਦੇ ਸੈਂਕੜੇ ਡੇਅਕੇਅਰ ਆਪਰੇਟਰਜ਼ ਨੇ ਅਜੇ ਤੱਕ ਨਹੀਂ ਅਪਣਾਇਆ 10 ਡਾਲਰ ਰੋਜ਼ਾਨਾ ਵਾਲਾ ਚਾਈਲਡਕੇਅਰ ਪ੍ਰੋਗਰਾਮ



ਓਨਟਾਰੀਓ, 18 ਅਗਸਤ (ਪੋਸਟ ਬਿਊਰੋ) : ਅਫੋਰਡੇਬਲ ਡੇਅਕੇਅਰ ਦਾ ਬਦਲ ਚੁਣਨ ਲਈ ਸਿਰਫ ਦੋ ਹਫਤੇ ਦਾ ਸਮਾਂ ਰਹਿ ਗਿਆ ਹੈ ਪਰ ਜੀਟੀਏ ਦੇ ਕਈ ਡੇਅਕੇਅਰ ਆਪਰੇਟਰਜ਼ ਵੱਲੋਂ ਅਜੇ ਤੱਕ ਇਹ ਨਹੀਂ ਦੱਸਿਆ ਗਿਆ ਕਿ ਉਹ ਕੀ ਕਰਨਾ ਚਾਹੁੰਦੇ ਹਨ। ਇਸ ਨਾਲ ਮਾਪਿਆਂ ਨੂੰ ਵੱਡੀ ਪਰੇਸ਼ਾਨੀ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਡੇਅਕੇਅਰ ਆਪਰੇਟਰਜ਼ ਕੋਲ ਪਹਿਲੀ ਸਤੰਬਰ ਤੱਕ ਦਾ ਸਮਾਂ ਹੈ, ਜਿਸ ਵਿੱਚ ਉਹ ਇਸ ਪ੍ਰੋਗਰਾਮ ਨੂੰ ਅਪਨਾਉਣ ਜਾਂ ਨਾ ਅਪਨਾਉਣ ਬਾਰੇ ਦੱਸ ਸਕਦੇ ਹਨ। ਸਿਟੀ ਆਫ ਟੋਰਾਂਟੋ ਨੇ ਦੱਸਿਆ ਕਿ 1000 ਤੋਂ ਵੀ ਵੱਧ ਅਜਿਹੇ ਚਾਈਲਡਕੇਅਰ ਸੈਂਟਰ ਹਨ ਤੇ ਲਾਇਸੰਸਸ਼ੁਦਾ ਹੋਮ ਚਾਈਲਡਕੇਅਰ ਏਜੰਸੀਆਂ ਹਨ ਜਿਹੜੀਆਂ ਇਸ ਪ੍ਰੋਗਰਾਮ ਲਈ ਅਪਲਾਈ ਕਰਨ ਵਾਸਤੇ ਯੋਗ ਹਨ। ਅਜੇ ਤੱਕ 570 ਚਾਈਲਡਕੇਅਰ ਆਪਰੇਟਰਜ਼ ਨੇ ਪ੍ਰੋਗਰਾਮ ਨੂੰ ਅਪਨਾਉਣ ਦਾ ਫੈਸਲਾ ਕੀਤਾ ਹੈ ਜਦਕਿ 32 ਵੱਲੋਂ ਇਸ ਪ੍ਰੋਗਰਾਮ ਤੋਂ ਪਾਸੇ ਰਹਿਣ ਦਾ ਫੈਸਲਾ ਕੀਤਾ ਗਿਆ ਹੈ।

ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਅਪਨਾਉਣ ਦਾ ਫੈਸਲਾ ਕੀਤਾ ਹੈ ਉਨ੍ਹਾਂ ਵਿੱਚੋਂ 99 ਕਮਰਸ਼ੀਅਲ ਸੈਂਟਰਜ਼ ਹਨ ਜਾਂ ਇਹ ਆਖ ਲਿਆ ਜਾਵੇ ਕਿ ਮੁਨਾਫੇ ਲਈ ਕੰਮ ਕਰਨ ਵਾਲੇ ਅਦਾਰੇ ਹਨ। ਜਿਨ੍ਹਾਂ 32 ਆਪਰੇਟਰਜ਼ ਵੱਲੋਂ ਇਸ ਪ੍ਰੋਗਰਾਮ ਤੋਂ ਪਾਸੇ ਰਹਿਣ ਦਾ ਫੈਸਲਾ ਕੀਤਾ ਗਿਆ ਹੈ ਉਨ੍ਹਾਂ ਵਿੱਚੋਂ 19 ਵੀ ਮੁਨਾਫੇ ਲਈ ਇਹ ਕੰਮ ਕਰ ਰਹੇ ਹਨ। ਇਸ ਦੌਰਾਨ ਟੋਰਾਂਟੋ ਕੋਲੀਸ਼ਨ ਫੌਰ ਬੈਟਰ ਚਾਈਲਡਕੇਅਰ ਦੀ ਐਬੀਗੇਲ ਡੌਰਿਸ ਨੇ ਆਖਿਆ ਕਿ ਡੈੱਡਲਾਈਨ ਤੋਂ ਪਹਿਲਾਂ ਮੁਨਾਫੇ ਲਈ ਕੰਮ ਨਾ ਕਰਨ ਵਾਲੇ ਬਹੁਗਿਣਤੀ ਚਾਈਲਡਕੇਅਰ ਸੈਂਟਰ ਇਸ ਪ੍ਰੋਗਰਾਮ ਨਾਲ ਜੁੜ ਜਾਣਗੇ।

ਡੌਰਿਸ ਨੇ ਆਖਿਆ ਕਿ ਗੈਰ ਮੁਨਾਫੇ ਵਾਲੇ ਚਾਈਲਡਕੇਅਰ ਸੈਂਟਰਜ਼ ਨੂੰ ਵਾਲੰਟੀਅਰ ਬੋਰਡ ਆਫ ਡਾਇਰੈਕਟਰਜ਼ ਵੱਲੋਂ ਆਪਰੇਟ ਕੀਤਾ ਜਾਂਦਾ ਹੈ ਜਿਸ ਦੀ ਨੁਮਾਇੰਦਗੀ ਮਾਪਿਆਂ ਵੱਲੋਂ ਕੀਤੀ ਜਾਂਦੀ ਹੈ। ਇਹ ਵੀ ਇੱਕ ਮੁੱਦਾ ਹੈ ਕਿ ਉਹ ਗਰਮੀਆਂ ਵਿੱਚ ਨਹੀਂ ਮਿਲਣ ਵਾਲੇ, ਇਸ ਲਈ ਆਪਰੇਟਰਜ਼ ਇਹ ਯਕੀਨੀ ਬਣਾਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਨੂੰ ਆਪਣੇ ਸਬੰਧਤ ਬੋਰਡਜ਼ ਤੋਂ ਮਨਜ਼ੂਰੀ ਲੈਣ ਤੋਂ ਪਹਿਲਾਂ ਸਾਰੀ ਜਾਣਕਾਰੀ ਹਾਸਲ ਹੋ ਜਾਵੇ ਤਾਂ ਕਿ ਉਹ ਇਸ ਪ੍ਰੋਗਰਾਮ ਨੂੰ ਅਪਣਾ ਸਕਣ। ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਹੀ ਅਜਿਹਾ ਪ੍ਰੋਵਿੰਸ ਸੀ ਜਿਸ ਨੇ ਬਸੰਤ ਵਿੱਚ ਫੈਡਰਲ ਸਰਕਾਰ ਨਾਲ ਸੱਭ ਤੋਂ ਅਖੀਰ ਵਿੱਚ 13.2 ਬਿਲੀਅਨ ਡਾਲਰ ਦੀ ਇਹ ਡੀਲ ਸਿਰੇ ਚੜ੍ਹਾਈ ਸੀ।

# ਚਾਕੂ ਨਾਲ ਮਹਿਲਾ ਨੂੰ ਜ਼ਖ਼ਮੀ ਕਰਨ ਵਾਲੇ ਮਸ਼ਕੂਕ ਨੂੰ ਪੁਲਿਸ ਨੇ ਮਾਰੀ ਗੋਲੀ, ਮਸ਼ਕੂਕ ਹਲਾਕ




ਸਕਾਰਬਰੋ, 18 ਅਗਸਤ (ਪੋਸਟ ਬਿਊਰੋ) : ਸਕਾਰਬਰੋ ਦੇ ਇੱਕ ਘਰ ਵਿੱਚ ਇੱਕ ਮਹਿਲਾ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਤੋਂ ਬਾਅਦ ਬੱਚੇ ਨੂੰ ਘਰ ਵਿੱਚ ਬੰਦੀ ਬਣਾਉਣ ਵਾਲੇ ਵਿਅਕਤੀ ਨੂੰ ਟੋਰਾਂਟੋ ਪੁਲਿਸ ਅਧਿਕਾਰੀਆਂ ਵੱਲੋਂ ਗੋਲੀ ਮਾਰ ਦਿੱਤੀ ਗਈ। ਇਹ ਘਟਨਾ ਸ਼ਨਿੱਚਰਵਾਰ ਦੁਪਹਿਰ ਨੂੰ ਵਾਪਰੀ। ਮਿਡਲੈਂਡ ਐਵਨਿਊ ਤੇ ਕਿੰਗਸਟਨ ਰੋਡ ਨੇੜੇ ਵਾਪਰੀ ਇਸ ਘਟਨਾ ਦੀ ਜਾਂਚ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ (ਐਸਆਈਯੂ) ਵੱਲੋਂ ਕੀਤੀ ਜਾ ਰਹੀ ਹੈ। ਟੋਰਾਂਟੋ ਪੁਲਿਸ ਅਨੁਸ-ਾਰ ਇੱਕ ਮਹਿਲਾ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਦੀ ਰਿਪੋਰਟ ਮਿਲਣ ਤੋਂ ਬਾਅਦ ਉਹ ਦੁਪਹਿਰੇ 2:30 ਵਜੇ ਮੌਕਾ ਏ ਵਾਰਦਾਤ ਉੱਤੇ ਪਹੁੰਚੇ। ਐਸਆਈਯੂ ਨੇ ਦੱਸਿਆ ਕਿ ਇੱਕ 42 ਸਾਲਾ ਮਸ਼ਕੂਕ, ਜਿਸ ਨੇ ਮਹਿਲਾ ਨੂੰ ਜ਼ਖ਼ਮੀ ਕੀਤਾ ਸੀ, ਬੱਚੇ ਨੂੰ ਫੜ੍ਹ ਕੇ ਆਪਣੇ ਨਾਲ ਘਰ ਦੇ ਅੰਦਰ ਲੈ ਗਿਆ।

ਟੋਰਾਂਟੋ ਪੁਲਿਸ ਚੀਫ ਜੇਮਜ਼ ਰੈਮਰ ਨੇ ਦੱਸਿਆ ਕਿ ਪੁਲਿਸ ਨੇ ਮਸ਼ਕੂਕ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਐਸਆਈਯੂ ਅਨੁਸਾਰ ਤਿੰਨ ਪੁਲਿਸ ਅਧਿਕਾਰੀਆਂ ਵੱਲੋਂ ਵਿਅਕਤੀ ਨੂੰ ਗੋਲੀ ਮਾਰੀ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਰੈਮਰ ਨੇ ਦੱਸਿਆ ਕਿ ਜ਼ਖ਼ਮੀ ਮਹਿਲਾ ਦੀ ਹਾਲਤ ਵੀ ਨਾਜ਼ੁਕ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਦੀ ਹਾਲਤ ਸਥਿਰ ਹੋ ਗਈ। ਇਸ ਘਟਨਾ ਵਿੱਚ ਬੱਚੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਮਸ਼ਕੂਕ ਦਾ ਮਹਿਲਾ ਤੇ ਬੱਚੇ ਨਾਲ ਕੀ ਰਿਸ਼ਤਾ ਸੀ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਫੈਡਰਲ ਸਰਕਾਰ ਨੇ ਐਲਾਨੀਆਂ ਚਾਰ ਨਵੀਆਂ ਪਾਸਪੋਰਟ ਸਰਵਿਸ ਸਾਈਟਸ



ਓਟਵਾ, 18 ਅਗਸਤ (ਪੋਸਟ ਬਿਊਰੋ) : ਪਾਸਪੋਰਟ ਸਬੰਧੀ ਅਰਜ਼ੀਆਂ ਦੇ ਵੱਡੇ ਬੈਕਲਾਗ ਨੂੰ ਕਲੀਅਰ ਕਰਨ ਲਈ ਫੈਡਰਲ ਸਰਕਾਰ ਵੱਲੋਂ ਕੈਨੇਡਾ ਭਰ ਵਿੱਚ ਚਾਰ ਨਵੀਆਂ ਪਾਸਪੋਰਟ ਸਰਵਿਸ ਲੋਕੇਸ਼ਨਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

ਸੋਸ਼ਲ ਡਿਵੈਲਪਮੈਂਟ ਮੰਤਰੀ ਕਰੀਨਾ ਗੋਲਡ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਹੁਣ ਲੋਕ ਆਪਣੇ ਪਾਸਪੋਰਟ ਲਈ ਅਪਲਾਈ ਕਰਨ ਵਾਸਤੇ ਤੇ ਪਾਸਪੋਰਟ ਲੈਣ ਵਾਸਤੇ ਸਰਵਿਸ ਕੈਨੇਡਾ ਦੀਆਂ ਚਾਰ ਨਵੀਆਂ ਲੋਕੇਸ਼ਨਾਂ ਦੀ ਵਰਤੋਂ ਕਰ ਸਕਣਗੇ। ਇਨ੍ਹਾਂ ਲੋਕੇਸ਼ਨਾਂ ਵਿੱਚ ਰੈੱਡ ਡੀਅਰ, ਅਲਬਰਟਾ, ਸੂ ਸੇਂਟ ਮਰੀ, ਓਨਟਾਰੀਓ, ਟਰੌਇਸ ਰਿਵਿਏਰਜ਼, ਕਿਊਬਿਕ ਅਤੇ ਸ਼ਾਰਲੈਟਟਾਊਨ, ਪ੍ਰਿੰਸ ਐਡਵਰਡ ਆਈਲੈਂਡ ਸ਼ਾਮਲ ਹਨ।

ਇਸ ਤੋਂ ਪਹਿਲਾਂ ਜੁਲਾਈ ਵਿੱਚ ਵੀ ਪੰਜ ਨਵੀਆਂ ਲੋਕੇਸ਼ਨਾਂ ਸ਼ਾਮਲ ਕੀਤੀਆਂ ਗਈਆਂ ਸਨ ਤੇ ਗੋਲਡ ਨੇ ਆਖਿਆ ਕਿ ਜਲਦ ਹੀ ਉਨ੍ਹਾਂ ਵੱਲੋਂ ਸੱਤ ਤੋਂ ਨੌਂ ਹੋਰ ਲੋਕੇਸ਼ਨਾਂ ਇਸ ਪ੍ਰੋਗਰਾਮ ਨਾਲ ਜੋੜੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਇਹ ਵੱਡੀ ਤੇ ਅਹਿਮ ਤਬਦੀਲੀ ਹੈ। ਉਨ੍ਹਾਂ ਆਖਿਆ ਕਿ ਸਾਡੇ ਵਰਗੇ ਅਰਬਨ ਏਰੀਆ ਵਿੱਚ ਰਹਿਣ ਵਾਲਿਆਂ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਅਸੀਂ ਕਿੰਨੇ ਖੁਸ਼ਕਿਸਮਤ ਹਾਂ ਕਿ ਅਸੀਂ ਪਾਸ-ਪੋਰਟ ਆਫਿਸ ਦੇ ਐਨਾ ਨੇੜੇ ਰਹਿੰਦੇ ਹਾਂ। ਉਨ੍ਹਾਂ ਆਖਿਆ ਕਿ ਸਰਕਾਰ ਦੇ ਇਨ੍ਹਾਂ ਉਪਰਾਲਿਆਂ ਨਾਲ ਬੈਕਲਾਗ ਜਲਦ ਘਟਣ ਦੀ ਉਮੀਦ ਹੈ।

# ਕੈਨਬਰਾ ਹਵਾਈ ਅੱਡੇ ਉਤੇ ਗੋਲੀਆਂ ਚਲਾਉਣ ਵਾਲਾ ਗ੍ਰਿਫਤਾਰ

## * ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇ ਆਧਾਰ ਉੱਤੇ ਜਾਂਚ ਜਾਰੀ




ਕੈਨਬਰਾ, 18 ਅਗਸਤ (ਪੋਸਟ ਬਿਊਰੋ)- ਆਸਟਰੇਲੀਆ ਦੇ ਕੈਨਬਰਾ ਹਵਾਈ ਅੱਡੇ ਉੱਤੇ ਟਰਮੀਨਲ ਦੀ ਇਮਾਰਤ ਉੱਤੇ ਪਰਸੋਂ ਗੋਲੀਆਂ ਚਲਾਉਣ ਵਾਲੇ ਵਿਅਕਤੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਦੇਸ਼ ਦੀ ਕੈਪੀਟਲ ਟੈਰੀਟਰੀ (ਏ ਸੀ ਟੀ) ਪੁਲੀਸਿੰਗ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰਨ ਤੋਂ ਕੁਝ ਸਮੇਂ ਬਾਅਦ ਇੱਕ ਹਥਿਆਰ ਮਿਲਿਆ। ਪੁਲਸ ਨੇ ਦੱਸਿਆ ਕਿ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਗਈ ਅਤੇ ਮੰਨਿਆ ਜਾ ਰਿਹਾ ਹੈ ਕਿ ਫੜਿਆ ਗਿਆ ਦੋਸ਼ੀ ਇਕੱਲਾ ਇਸ ਘਟਨਾ ਲਈ ਜ਼ਿੰਮੇਵਾਰ ਸੀ। ਏ ਸੀ ਟੀ ਪੁਲੀਸਿੰਗ ਦੇ ਡਿਟੈਕਟਿਵ ਐਕਟਿੰਗ ਸੁਪਰਡੈਂਟ ਡੇਵ ਕਰਾਫਟ ਨੇ ਦੱਸਿਆ, ‘‘ਕੈਨਬਰਾ ਹਵਾਈ ਅੱਡੇ ਨੂੰ ਚੌਕਸੀ ਵਜੋਂ ਖਾਲੀ ਕਰਾਇਆ ਸੀ, ਪਰ ਹਵਾਈ ਅੱਡੇ ਉੱਤੇ ਸਥਿਤੀ ਕਾਬੂ ਹੇਠ ਹੈ। ਕਿਸੇ ਦੇ ਵੀ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ।''

ਉਨ੍ਹਾਂ ਦੱਸਿਆ ਕਿ ਦੋਸ਼ੀ ਵਿਅਕਤੀ ਸਥਾਨਕ ਸਮੇਂ ਮੁਤਾਬਕ ਲਗਭਗ 1.30 ਵਜੇ ਹਵਾਈ ਅੱਡੇ ਵਿੱਚ ਆਇਆ ਅਤੇ ਜਾਣ ਵਾਲੇ ਯਾਤਰੀਆਂ ਦੀ ਚੈਕਿੰਗ ਵਾਲੇ ਸਥਾਨ ਨੇੜੇ ਬੈਠ ਗਿਆ। ਕੁਝ ਸਮੇਂ ਬਾਅਦ ਉਸ ਨੇ ਟਰਮੀਨਲ ਦੇ ਸ਼ੀਸ਼ੇ ਉੱਤੇ ਗੋਲੀਆਂ ਚਲਾਈਆਂ। ਲੋਕਾਂ ਜਾਂ ਸਟਾਫ ਵਿੱਚੋਂ ਕਿਸੇ ਨੂੰ ਗੋਲੀ ਨਹੀਂ ਲੱਗੀ। ਪ੍ਰਧਾਨ ਮੰਤਰੀ ਐਂਥਨੀ ਐਲਬਾਨੀਜ਼ ਨੇ ਆਸਟਰੇਲੀਅਨ ਫੈਡਰਲ ਪੁਲਸ ਤੋਂ ਇਸ ਬਾਰੇ ਜਾਣਕਾਰੀ ਲਈ ਤੇ ਕਿਹਾ, ‘‘ਮੈਨੂੰ ਦੱਸਿਆ ਗਿਆ ਹੈ ਕਿ ਇੱਕ ਜਣੇ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਉਥੇ ਕੋਈ ਖਤਰਾ ਨਹੀਂ ਹੈ।''

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
■ ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
■ ਧਰਨ ਚੁਕ ਅਤੇ ਬੈਕ ਪਰਾਬਲਮ
■ ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
■ ਮੈਂਟਲ ਹੈਲਥ ਪਰਾਬਲਮ
■ ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

ukttc UK
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਵਾਅਨ ਦੇ ਮੇਅਰ ਦੀ ਚੋਣ ਲੜਨਗੇ ਡੈੱਲ ਡੂਕਾ



ਓਨਟਾਰੀਓ, 18 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਦੇ ਸਾਬਕਾ ਆਗੂ ਸਟੀਵਨ ਡੈੱਲ ਡੂਕਾ ਵੱਲੋਂ ਵਾਅਨ ਦੇ ਮੇਅਰ ਦੀ ਚੋਣ ਲੜਨ ਦਾ ਫੈਸਲਾ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਡੈੱਲ ਡੂਕਾ ਮੰਗਲਵਾਰ ਨੂੰ ਇਸ ਚੋਣ ਵਿੱਚ ਨਿੱਤਰਣਗੇ। ਵਾਅਨ-ਵੁੱਡਬ੍ਰਿੱਜ ਹਲਕੇ ਵਿੱਚ ਪੀਸੀ ਉਮੀਦਵਾਰ ਮਾਈਕਲ ਟਿਬੋਲੋ ਹੱਥੋਂ ਹਾਰਨ ਤੋਂ ਬਾਅਦ ਡੈੱਲ ਡੂਕਾ ਨੇ ਓਨਟਾਰੀਓ ਦੀ ਲਿਬਰਲ ਪਾਰਟੀ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਜੂਨ ਵਿੱਚ ਡੈੱਲ ਡੂਕਾ ਨੇ ਆਖਿਆ ਸੀ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਓਨਟਾਰੀਓ ਵਿਧਾਨਸਭਾ ਵਿੱਚ ਜਿਹੜੇ ਮਹਿਲਾਵਾਂ ਤੇ ਪੁਰਸ਼ ਪਹੁੰਚੇ ਹਨ ਉਹ ਓਨਟਾਰੀਓ ਵਿੱਚ ਨਵੀਂ ਤੇ ਊਰਜਾ ਨਾਲ ਭਰਪੂਰ ਮੂਵਮੈਂਟ ਦਾ ਵਿਸਥਾਰ ਕਰਨਗੇ। ਇਸ ਮੂਵਮੈਂਟ ਦੀ ਅਗਵਾਈ ਨਵੇਂ ਆਗੂ ਵੱਲੋਂ ਕੀਤੀ ਜਾਵੇਗੀ।

ਸਾਬਕਾ ਪ੍ਰੀਮੀਅਰ ਕੈਥਲੀਨ ਵਿੰਨ ਦੀ ਅਗਵਾਈ ਵਾਲੀ ਸਰਕਾਰ ਵਿੱਚ 2014 ਤੇ 2018 ਦਰਮਿਆਨ ਡੈੱਲ ਡੂਕਾ ਟਰਾਂਸਪੋਰਟੇਸ਼ਨ ਮੰਤਰੀ ਸਨ ਤੇ 2018 ਵਿੱਚ ਜਿਨ੍ਹਾਂ ਲਿਬਰਲਾਂ ਨੂੰ ਆਪਣੀਆਂ ਸੀਟਾਂ ਗੁਆਣੀਆਂ ਪਈਆਂ ਉਨ੍ਹਾਂ ਵਿੱਚ ਵੀ ਸ਼ਾਮਲ ਸਨ। ਉਹ 7 ਮਾਰਚ, 2020 ਨੂੰ ਲਿਬਰਲ ਪਾਰਟੀ ਦੇ ਆਗੂ ਚੁਣੇ ਗਏ। ਜੌਹਨ ਫਰੇਜ਼ਰ ਨੂੰ ਪ੍ਰੋਵਿੰਸ਼ੀਅਲ ਲਿਬਰਲਾਂ ਵੱਲੋਂ ਆਪਣਾ ਅੰਤਰਿਮ ਆਗੂ ਚੁਣਿਆ ਗਿਆ।

# ਸਕਾਰਬਰੋ ਵਿੱਚ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ ਜ਼ਖ਼ਮੀ

ਸਕਾਰਬਰੋ, 18 ਅਗਸਤ (ਪੋਸਟ ਬਿਊਰੋ) : ਸਕਾਰਬਰੋ ਵਿੱਚ ਕਈ ਗੋਲੀਆਂ ਲੱਗਣ ਕਾਰਨ ਬੁਰੀ ਤਰ੍ਹਾਂ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।




ਲਾਅਰੈਂਸ ਐਵਨਿਊ ਤੇ ਸਕਾਰ-ਬਰੋ ਗੋਲਫ ਕਲੱਬ ਰੋਡ ਨੇੜੇ ਸੁਜ਼ਨ ਤੇ ਮਾਰਸੈਲਾ ਸਟਰੀਟਸ ਉੱਤੇ ਰਾਤੀਂ 1:45 ਉੱਤੇ ਟੋਰਾਂਟੋ ਪੁਲਿਸ ਨੂੰ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਇੱਕ ਵਿਅਕਤੀ ਕਈ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਸੀ ਤੇ ਇਸ ਸਮੇਂ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਦੀ ਹਾਲਤ ਕਾਫੀ ਨਾਜ਼ੁਕ ਸੀ ਪਰ ਹੁਣ ਉਸ ਨੂੰ ਖਤਰੇ ਤੋਂ ਬਾਹਰ ਦੱਸਿਆ ਜਾ ਰਿਹਾ ਹੈ।


ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੂੰ ਮੌਕਾ ਏ ਵਾਰਦਾਤ ਤੋਂ ਪੈਦਲ ਹੀ ਫਰਾਰ ਹੁੰਦਿਆਂ ਵੇਖਿਆ ਗਿਆ। ਪਰ ਪੁਲਿਸ ਨੇ ਆਖਿਆ ਕਿ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਸ ਸ਼ੂਟਿੰਗ ਵਿੱਚ ਇੱਕ ਮਸ਼ਕੂਕ ਜਾਂ ਹੋਰ ਲੋਕ ਵੀ ਸ਼ਾਮਲ ਸਨ। ਪੁਲਿਸ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਘਟਨਾ ਦੌਰਾਨ ਜਿਸ ਵਿਅਕਤੀ ਉੱਤੇ ਹਮਲਾ ਹੋਇਆ ਉਹ ਗੱਡੀ ਵਿੱਚ ਵੀ ਦਾਖਲ ਹੋਇਆ ਪਰ ਉਹ ਬਹੁਤੀ ਦੂਰ ਨਹੀਂ ਜਾ ਸਕਿਆ ਤੇ ਉਸ ਦੀ ਗੱਡੀ ਇਲਾਕੇ ਵਿੱਚ ਹੀ ਹਾਦਸਾਗ੍ਰਸਤ ਹੋ ਗਈ।

ਅਜੇ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਉਸ ਵਿਅਕਤੀ ਨੂੰ ਗੱਡੀ ਦੇ ਅੰਦਰ ਰਹਿੰਦਿਆਂ ਗੋਲੀਆਂ ਮਾਰੀਆਂ ਗਈਆਂ ਜਾਂ ਉਸ ਤੋਂ ਪਹਿਲਾਂ ਜਦੋਂ ਉਹ ਗੱਡੀ ਤੋਂ ਬਾਹਰ ਸੀ ਉਸ ਸਮੇਂ ਗੋਲੀਆਂ ਮਾਰੀਆਂ ਗਈਆਂ।

# ਪਾਰਕ ਵਿੱਚ ਬਣਾਏ ਗਏ ਮੇਕਸ਼ਿਫਟ ਨਾਈਟਕਲੱਬ ਦੇ ਸਬੰਧ ਵਿੱਚ ਕੀਤੀ ਜਾ ਰਹੀ ਹੈ ਜਾਂਚ

ਬਰੈਂਪਟਨ, 18 ਅਗਸਤ (ਪੋਸਟ ਬਿਊਰੋ) : ਮਿਊਂਸਪਲ ਪਾਰਕ ਵਿੱਚ ਹੋਈ ਪਾਰਟੀ ਦੇ ਸਬੰਧ ਵਿੱਚ ਬਾਇਲਾਅ ਜਾਂਚ ਸ਼ੁਰੂ ਕੀਤੀ ਗਈ ਹੈ। ਸਿਟੀ ਆਫ ਬਰੈਂਪਟਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉੱਥੇ ਮੇਕਸ਼ਿਫਟ ਨਾਈਟਕਲੱਬ ਬਣਾਇਆ ਗਿਆ ਸੀ ਜਿੱਥੇ ਗੈਰਕਾਨੂੰਨੀ ਤੌਰ ਉੱਤੇ ਲੋਕਾਂ ਨੂੰ ਸ਼ਰਾਬ ਵੇਚੀ ਗਈ।

ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਨੂੰ ਰਾਤੀਂ 8:40 ਤੋਂ ਬਾਅਦ ਹਾਈਵੇਅ 410 ਦੇ ਪੱਛਮ ਤੇ ਸੈਂਡਲਵੁੱਡ ਪਾਰਕਵੇਅ ਈਸਟ ਦੇ ਦੱਖਣ ਵੱਲ ਹਾਰਟ ਲੇਕ ਰੋਡ ਉੱਤੇ ਸਥਿਤ ਵ੍ਹਾਈਟ ਸਪਰੂਸ ਪਾਰਕ ਤੋਂ ਉੱਚੀਆਂ ਆਵਾਜ਼ਾਂ ਆਉਣ ਦੀਆਂ ਕਈ ਸ਼ਿਕਾਇਤਾਂ ਸਿਟੀ ਆਫ ਬਰੈਂਪਟਨ ਦੇ ਬਾਇਲਾਅ ਅਧਿਕਾਰੀਆਂ ਨੂੰ ਮਿਲੀਆਂ। ਇਸ ਸਬੰਧੀ ਜਾਰੀ ਕੀਤੇ ਬਿਆਨ ਵਿੱਚ ਦੱਸਿਆ ਗਿਆ ਕਿ ਸਿਟੀ ਆਫ



ਬਰੈਂਪਟਨ ਵੱਲੋਂ 400 ਲੋਕਾਂ ਦੇ ਨੇੜੇ ਤੇੜੇ ਵਾਲੇ ਇੱਕ ਪਰਿਵਾਰਕ ਫੰਕਸ਼ਨ ਲਈ ਉਨ੍ਹਾਂ ਵੱਲੋਂ ਪਰਮਿਟ ਦਿੱਤਾ ਗਿਆ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਬਾਇਲਾਅ ਐਨਫੋਰਸਮੈਂਟ ਅਧਿਕਾਰੀਆਂ ਨੂੰ 500 ਤੋਂ ਵੱਧ ਲੋਕ ਮਿਲੇ ਜਿਨ੍ਹਾਂ ਨੇ ਗੈਰਕਾਨੂੰਨੀ ਤੌਰ ਉੱਤੇ ਘਾਹ ਉੱਤੇ ਹੀ ਗੱਡੀਆਂ ਪਾਰਕ ਕੀਤੀਆਂ ਹੋਈਆਂ ਸਨ। ਬਿਆਨ ਵਿੱਚ ਆਖਿਆ ਗਿਆ ਕਿ ਐਨਫੋਰਸਮੈਂਟ ਅਧਿਕਾਰੀਆਂ ਨੇ ਪਾਇਆ ਕਿ ਮਿਊਜ਼ਿਕ ਬਹੁਤ ਉੱਚੀ ਆਵਾਜ਼ ਵਿੱਚ ਚੱਲ ਰਿਹਾ ਸੀ ਤੇ ਉੱਥੇ ਮੌਜੂਦ ਲੋਕਾਂ ਨੂੰ ਖਾਣਾ ਤੇ ਸ਼ਰਾਬ ਗੈਰਕਾਨੂੰਨੀ ਢੰਗ ਨਾਲ ਵੇਚੀ ਗਈ। ਇਸ ਤੋਂ ਇਲਾਵਾ ਥੋੜ੍ਹੇ ਜਿਹੇ ਏਰੀਆ ਵਿੱਚ ਫੈਂਸ ਲਾਈ ਗਈ ਸੀ ਤੇ ਜਿੱਥੇ ਮੇਕਸ਼ਿਫਟ ਨਾਈਟਕਲੱਬ ਵਿੱਚ ਦਾਖਲ ਹੋਣ ਲਈ ਲੋਕ ਲਾਈਨਾਂ ਬਣਾ ਕੇ ਖੜ੍ਹੇ ਸਨ।

ਪਾਰਕ ਨੂੰ ਖਾਲੀ ਕਰਵਾਉਣ ਲਈ ਸਕਿਊਰਿਟੀ ਸਰਵਿਸਿਜ਼ ਤੇ ਸਿਟੀ ਸਟਾਫ ਮੌਕੇ ਉੱਤੇ ਪਹੁੰਚਿਆ। ਪਰ ਪਾਰਕ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਵੇਖਦੇ ਹੋਏ ਪੀਲ ਰੀਜਨਲ ਪੁਲਿਸ ਨੂੰ ਵੀ ਸੱਦਿਆ ਗਿਆ। 12:45 ਉੱਤੇ ਪੁਲਿਸ ਪਾਰਕ ਖਾਲੀ ਕਰਵਾਉਣ ਵਿੱਚ ਕਾਮਯਾਬ ਹੋਈ। ਪਰ ਪੀਲ ਪੁਲਿਸ ਵੱਲੋਂ ਕਿਸੇ ਖਿਲਾਫ ਚਾਰਜਿਜ਼ ਦਰਜ ਨਹੀਂ ਕੀਤੇ ਗਏ। ਬਿਆਨ ਵਿੱਚ ਆਖਿਆ ਗਿਆ ਕਿ ਸਿਟੀ ਆਫ ਬਰੈਂਪਟਨ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਮਾਮਲੇ ਵਿੱਚ ਬਾਇਲਾਅ ਚਾਰਜਿਜ਼ ਲਾਏ ਜਾ ਸਕਦੇ ਹਨ।

# ਮਿਸੀਸਾਗਾ ਦੇ ਘਰ ਵਿੱਚ ਮਹਿਲਾ ਤੇ ਪੁਰਸ਼ ਮ੍ਰਿਤਕ ਪਏ ਮਿਲੇ

ਮਿਸੀਸਾਗਾ, 18 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਦੇ ਇੱਕ ਘਰ ਵਿੱਚ ਦੋ ਵਿਅਕਤੀਆਂ ਦੀ ਲਾਸ਼ ਮਿਲਣ ਮਗਰੋਂ ਪੀਲ ਪੁਲਿਸ ਦੀ ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਮੰਗਲਵਾਰ ਨੂੰ ਸਵੇਰੇ 8:00 ਵਜੇ ਪੁਲਿਸ ਅਧਿਕਾਰੀਆਂ ਨੂੰ ਵੈੱਲਨੈੱਸ ਚੈੱਕ ਲਈ ਕੁਈਨ ਸਟਰੀਟ ਸਾਊਥ ਤੇ ਬ੍ਰਿਸਟਲ ਰੋਡ ਵੈਸਟ ਨੇੜੇ ਪ੍ਰਿੰਸੈੱਸ ਸਟਰੀਟ ਉੱਤੇ ਸਥਿਤ ਘਰ



ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਘਰ ਵਿੱਚ ਉਨ੍ਹਾਂ ਨੂੰ ਇੱਕ ਮਹਿਲਾ ਤੇ ਪੁਰਸ਼ ਮ੍ਰਿਤਕ ਪਏ ਮਿਲੇ। ਦੋਸਤਾਂ ਤੇ ਗੁਆਂਢੀਆਂ ਨੇ ਮ੍ਰਿਤਕਾਂ ਦੀ ਪਛਾਣ ਮੋਨਿਕਾ ਤੇ ਟੀਨੋ ਵਜੋਂ ਕੀਤੀ। ਉਨ੍ਹਾਂ ਦੇ ਸ਼ਰੀਰ ਉੱਤੇ ਸੱਟਾਂ ਦੇ ਨਿਸ਼ਾਨ ਵੀ ਪਾਏ ਗਏ। ਮ੍ਰਿਤਕਾਂ ਦੀ 18 ਸਾਲਾ ਬੇਟੀ ਦੀ ਸਹੇਲੀ ਨੇ ਦੱਸਿਆ ਕਿ ਇਸ ਜੋੜੇ ਦਾ ਇੱਕ 20 ਸਾਲਾ ਲੜਕਾ ਵੀ ਹੈ।

ਮ੍ਰਿਤਕਾਂ ਵਿਚਾਲੇ ਕੀ ਸਬੰਧ ਸੀ ਇਸ ਬਾਰੇ ਪੁਲਿਸ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ। ਪੁਲਿਸ ਨੇ ਆਖਿਆ ਕਿ ਉਹ ਇਸ ਇਲਾਕੇ ਵਿੱਚ ਰਹਿੰਦੇ ਸਨ ਪਰ ਉਨ੍ਹਾਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਕਿ ਉਹ ਉਸ ਘਰ ਵਿੱਚ ਰਹਿੰਦੇ ਸਨ ਜਿੱਥੇ ਉਨ੍ਹਾਂ ਦੀ ਮੌਤ ਹੋਈ। ਜਾਂਚਕਾਰਾਂ ਵੱਲੋਂ ਇਨ੍ਹਾਂ ਮੌਤਾਂ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ। ਅਜੇ ਤੱਕ ਕਿਸੇ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ।

# ਇੱਕ ਵ੍ਹੀਕਲ ਵਿੱਚੋਂ ਡਿੱਗੇ ਕੰਟੇਨਰ ਨਾਲ ਟਕਰਾ ਕੇ ਮੋਟਰਸਾਈਕਲਿਸਟ ਜ਼ਖ਼ਮੀ



ਟੋਰਾਂਟੋ, 18 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਹਾਈਵੇਅ 401 ਉੱਤੇ ਇੱਕ ਵ੍ਹੀਕਲ ਵਿੱਚੋਂ ਡਿੱਗੇ ਟੋਟ ਕੰਟੇਨਰ ਨਾਲ ਟਕਰਾ ਜਾਣ ਕਾਰਨ ਇੱਕ ਮੋਟਰਸਾਈਕਲਿਸਟ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਮੰਗਲਵਾਰ ਨੂੰ ਦੁਪਹਿਰੇ 12:30 ਵਜੇ ਦੇ ਨੇੜੇ ਤੇੜੇ ਪੋਰਟ ਯੂਨੀਅਨ ਦੇ ਹਾਈਵੇਅ ਈਸਟ ਉੱਤੇ ਪੁਲਿਸ ਨੂੰ ਸੱਦਿਆ ਗਿਆ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਆਖਿਆ ਕਿ ਕੰਟੇਨਰ 4×4 ਦਾ ਸੀ ਤੇ ਉਸ ਨੂੰ ਸਹੀ ਢੰਗ ਨਾਲ ਬੰਨ੍ਹ ਕੇ ਨਹੀਂ ਸੀ ਰੱਖਿਆ ਗਿਆ। ਪੁਲਿਸ ਨੇ ਆਖਿਆ ਕਿ ਦੂਜਾ ਵ੍ਹੀਕਲ ਵੀ ਲੋਕੇਟ ਕਰ ਲਿਆ ਗਿਆ ਹੈ। ਹਾਈਵੇਅ 401 ਦੀਆਂ ਮੀਡੋਵਾਲ ਤੋਂ ਬ੍ਰੌਕ ਰੋਡਜ਼ ਤੱਕ ਐਕਸਪ੍ਰੈੱਸ ਲੇਨਜ਼ ਨੂੰ ਬੰਦ ਕੀਤਾ ਗਿਆ ਹੈ। ਪੁਲਿਸ ਵੱਲੋਂ ਭਾਰੀ ਸਮਾਨ ਢੋਣ ਵਾਲੇ ਡਰਾਈਵਰਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਆਪਣੇ ਸਮਾਨ ਨੂੰ ਚੰਗੀ ਤਰ੍ਹਾਂ ਬੰਨ੍ਹ ਕੇ ਤੇ ਸਾਂਭ ਕੇ ਲੈ ਕੇ ਜਾਣ।

# ਜਹਾਜ਼ ਹਾਦਸਾਗ੍ਰਸਤ, ਦੋ ਵਿਅਕਤੀਆਂ ਦੀ ਹੋਈ ਮੌਤ



ਓਟਵਾ, 18 ਅਗਸਤ (ਪੋਸਟ ਬਿਊਰੋ) : ਇਸ ਵੀਕੈਂਡ ਪੋਰਟ ਹੋਪ, ਓਨਟਾਰੀਓ ਵਿੱਚ ਇੱਕ ਨਿੱਕੇ ਜਹਾਜ਼ ਦੇ ਕਰੈਸ਼ ਹੋਣ ਕਾਰਨ ਓਟਵਾ ਦੇ ਦੋ ਵਿਅਕਤੀਆਂ ਦੀ ਮੌਤ ਹੋ ਗਈ।

ਨੌਰਥੰਬਰਲੈਂਡ ਓਪੀਪੀ ਦਾ ਕਹਿਣਾ ਹੈ ਕਿ ਸ਼ਨਿੱਚਰਵਾਰ ਨੂੰ ਰਾਤੀਂ 9:00 ਵਜੇ ਤੋਂ ਠੀਕ ਬਾਅਦ ਪਾਈਪਰ ਚਿਰੋਕੀ ਜਹਾਜ਼ ਪੋਰਟ ਹੋਪ ਦੇ ਕੈਲੌਗ ਤੇ ਮੈਸੀ ਰੋਡ ਇਲਾਕੇ ਵਿੱਚ ਇੱਕ ਪ੍ਰਾਈਵੇਟ ਸਟਰਿੱਪ ਨੇੜੇ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ 74 ਸਾਲਾ ਐਲਵਿਨ ਕ੍ਰੌਸਬੀ ਤੇ 72 ਸਾਲਾ ਸੁਜ਼ੇਨ ਪੇਰੈਂਟ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

ਓਪੀਪੀ ਵੱਲੋਂ ਏਰੀਆ ਨੂੰ ਸਾਫ ਕਰ ਦਿੱਤਾ ਗਿਆ ਹੈ ਤੇ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਆਫ ਕੈਨੇਡਾ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਟੋਰਾਂਟੋ ਦੇ ਹਾਈਵੇਅ 401 ਉੱਤੇ ਗੋਲੀ ਚਲਾਉਣ ਵਾਲਾ ਗ੍ਰਿਫਤਾਰ

ਟੋਰਾਂਟੋ, 18 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਦੁਪਹਿਰ ਨੂੰ ਟੋਰਾਂਟੋ ਦੇ ਹਾਈਵੇਅ 401 ਉੱਤੇ ਗੋਲੀ ਚੱਲਣ ਦੀ ਵਾਪਰੀ ਘਟਨਾ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਨੂੰ ਦੁਪਹਿਰੇ 2:15 ਉੱਤੇ ਗੋਲੀ ਚੱਲਣ ਦੀਆਂ ਖਬਰਾਂ ਦੇ ਕੇ ਯੌਰਕਡੇਲ ਮਾਲ ਨੇੜੇ ਸੱਦਿਆ ਗਿਆ। ਚਸ਼ਮਦੀਦਾਂ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਐਲਨ ਰੋਡ ਨੇੜੇ ਹਾਈਵੇਅ 401 ਉੱਤੇ ਗੂੜ੍ਹੇ ਨੀਲੇ ਰੰਗ ਦੀ ਐਕਿਊਰਾ ਵਿੱਚ ਜਾ ਰਿਹਾ ਸੀ, ਗੋਲੀਆਂ ਉਸ ਵੱਲੋਂ ਚਲਾਈਆਂ ਗਈਆਂ।

ਗੋਲੀਆਂ ਚਲਾਏ ਜਾਣ ਤੋਂ ਬਾਅਦ ਇਹ ਵਿਅਕਤੀ ਗੱਡੀ ਲੈ ਕੇ ਮਾਲ ਦੇ ਪਾਰਕਿੰਗ ਲੌਟ ਵਿੱਚ ਚਲਾ ਗਿਆ। ਪੁਲਿਸ ਵੱਲੋਂ ਮੌਕੇ ਤੋਂ 30 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਕੋਲੋਂ ਹਥਿਆਰ ਵੀ ਬਰਾਮਦ ਕੀਤਾ ਗਿਆ ਹੈ। ਯੌਰਕਡੇਲ ਮਾਲ ਨੂੰ ਥੋੜ੍ਹੀ ਦੇਰ ਲਈ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਆਮ ਕੰਮ ਕਾਜ ਪਹਿਲਾਂ ਵਾਂਗ ਹੀ ਸ਼ੁਰੂ ਕਰ ਦਿੱਤਾ ਗਿਆ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।




# ਮਾਉਂਟਨਐਸ਼ ਸੀਨੀਅਰ ਕਲੱਬ ਵਲੋਂ ਮਨਾਇਆ ਗਿਆ ਕੈਨੇਡਾ ਡੇ





ਬਰੈਂਪਟਨ, 18 ਅਗਸਤ (ਪੋਸਟ ਬਿਊਰੋ): ਮਾਉਟਨਐਸ਼ ਸੀਨੀਅਰ ਕਲੱਬ, ਜਿਸ ਦੇ 100 ਦੇ ਕਰੀਬ ਮੈਂਬਰ ਹਨ, ਵਲੋਂ ਆਪਣੇ ਇਲਾਕੇ ਵਿਚ ਪ੍ਰਧਾਨ ਸੁਰਜੀਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਕੈਨੇਡਾ ਡੇ ਮਨਾਇਆ ਗਿਆ। ਇਸ ਕੈਨੇਡਾ ਡੇ ਦੇ ਜਸ਼ਨਾਂ ਵਿਚ ਜਿੱਥੇ ਵੱਖ-ਵੱਖ ਸਿਆਸਤਦਾਨਾਂ ਨੇ ਭਾਗ ਲਿਆ, ਉਥੇ ਹੀ ਬੱਚਿਆਂ ਅਤੇ ਔਰਤਾਂ ਦੇ ਮਨੋਰੰਜਨ ਦੇ ਵੀ ਪ੍ਰਬੰਧ ਕੀਤੇ ਗਏ। ਬੱਚਿਆਂ ਲਈ ਵੱਖ ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਗਏ, ਇਸ ਦੇ ਨਾਲ ਹੀ ਔਰਤਾਂ ਲਈ ਮਿਊਜ਼ੀਕਲ ਚੇਅਰ ਕਰਵਾਈ ਗਈ। ਆਸਪਾਸ ਦੇ ਇਲਾਕੇ ਦੇ 200 ਦੇ ਕਰੀਬ ਮੈਂਬਰਾਂ ਨੇ ਇਸ ਕੈਨੇਡਾ ਡੇ ਦੇ ਜਸ਼ਨਾਂ ਵਿਚ ਸ਼ਿਰਕਤ ਕੀਤੀ ਅਤੇ ਚਾਹ ਪਾਰਟੀ ਦਾ ਖੂਬ ਆਨੰਦ ਮਾਣਿਆ। ਮੁੱਖ ਮਹਿਮਾਨਾਂ ਵਿਚ ਸ਼ਾਮਲ ਮੈਂਬਰ ਪਾਰਲੀਮੈਂਟ ਕਮਲ ਖਹਿਰਾ, ਮੇਅਰ ਪੈਟ੍ਰਿਕ ਬ੍ਰਾਊਨ, ਐਮਪੀਪੀ ਹਰਦੀਪ ਗਰੇਵਾਲ, ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ, ਕੌਂਸਲਰ ਹਰਕੀਰਤ ਸਿੰਘ ਅਤੇ ਸਕੂਲ ਟਰੱਸਟੀ ਲਈ ਉਮੀਦਵਾਰ ਸਤਪਾਲ ਜੌਹਲ ਨੇ ਸ਼ਿਰਕਤ ਕੀਤੀ ਅਤੇ ਆਏ ਮਹਿਮਾਨਾਂ ਨੂੰ ਸੰਬੋਧਨ ਕੀਤਾ।

# ਟਰੂਡੋ ਤੇ ਜਰਮਨੀ ਦੇ ਚਾਂਸਲਰ ਸ਼ੌਲਜ਼ ਸਾਈਨ ਕਰਨਗੇ ਹਾਈਡਰੋਜਨ ਡੀਲ

ਨਿਊਫਾਊਂਡਲੈਂਡ, 18 ਅਗਸਤ (ਪੋਸਟ ਬਿਊਰੋ) :ਇਸ ਮਹੀਨੇ ਦੇ ਅਖੀਰ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਜਰਮਨੀ ਦੇ ਚਾਂਸਲਰ ਓਲਫ ਸ਼ੌਲਜ਼ ਵੱਲੋਂ ਨਿਊਫਾਊਂਡਲੈਂਡ ਵਿੱਚ ਗ੍ਰੀਨ ਐਨਰਜੀ ਸਮਝੌਤੇ ਉੱਤੇ ਸਹੀ ਪਾਈ ਜਾਵੇਗੀ। ਇਸ ਨਾਲ ਕੈਨੇਡਾ ਦੀ ਹਾਈਡਰੋਜਨ ਇੰਡਸਟਰੀ ਨੂੰ ਕਾਫੀ ਫਾਇਦਾ ਹੋਵੇਗਾ।



ਸ਼ੁੱਕਰਵਾਰ ਨੂੰ ਜਰਮਨੀ ਦੀ ਸਰਕਾਰ ਵੱਲੋਂ ਇੱਕ ਬਿਆਨ ਜਾਰੀ ਕਰਕੇ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਹ ਸਮਝੌਤਾ 23 ਅਗਸਤ ਨੂੰ ਸਟੀਫਨਵਿੱਲ ਵਿੱਚ ਹੋਵੇਗਾ ਜਿੱਥੇ ਨਿਊਫਾਊਂਡਲੈਂਡ ਅਧਾਰਤ ਕੰਪਨੀ ਜ਼ੀਰੋ ਰਿਸਾਅ ਵਾਲਾ ਪਲਾਂਟ ਤਿਆਰ ਕਰੇਗੀ। ਇਸ ਪਲਾਂਟ ਵਿੱਚ ਵਿੰਡ ਐਨਰਜੀ ਨੂੰ ਹਾਈਡਰੋਜਨ ਤੇ ਅਮੋਨੀਆ ਤਿਆਰ ਕਰਨ ਲਈ ਬਣਾਇਆ ਜਾਵੇਗਾ। ਫਿਰ ਹਾਈਡਰੋਜਨ ਤੇ ਅਮੋਨੀਆ ਨੂੰ ਐਕਸਪੋਰਟ ਕੀਤਾ ਜਾਵੇਗਾ।

ਜੇ ਇਸ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਹ ਆਪਣੀ ਕਿਸਮ ਦਾ ਕੈਨੇਡਾ ਦਾ ਪਹਿਲਾ ਪ੍ਰੋਜੈਕਟ ਹੋਵੇਗਾ। ਜ਼ਿਕਰਯੋਗ ਹੈ ਕਿ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਧਾਵੇ ਤੋਂ ਬਾਅਦ ਨੈਚੁਰਲ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਤੋਂ ਬਾਅਦ ਜਰਮਨੀ ਵੱਲੋਂ ਐਨਰਜੀ ਦੇ ਨਵੇਂ ਸਰੋਤਾਂ ਦੀ ਖੋਜ ਕੀਤੀ ਜਾ ਰਹੀ ਹੈ। ਇੱਥੇ ਹੀ ਬੱਸ ਨਹੀਂ ਰੂਸ ਵੱਲੋਂ ਆਪਣੇ ਯੂਰਪੀਅਨ ਗਾਹਕਾਂ ਨੂੰ ਨੈਚੁਰਲ ਗੈਸ ਦੀ ਸਪਲਾਈ ਘੱਟ ਕੀਤੀ ਜਾ ਰਹੀ ਹੈ ਇਸ ਨਾਲ ਸਪਲਾਈ ਦੀ ਘਾਟ ਵੀ ਪੈਦਾ ਹੋ ਗਈ ਹੈ।



## ਅੱਜ ਨਾਮਾ

ਯੂ ਪੀ ਤਰਫ ਕਿਰਸਾਨਾਂ ਦੇ ਜਥੇ ਤੁਰ ਪਏ,
ਗਏ ਹਨ ਕਰਨ ਇਨਸਾਫ ਦੀ ਮੰਗ ਮੀਆਂ।
ਪਿਛਲੇ ਸਾਲ ਵਿੱਚ ਦਿੱਲੀ ਦੇ ਬਾਰਡਰਾਂ ’ਤੇ,
ਚੱਲ ਰਹੀ ਜਦੋਂ ਸੀ ਹੱਕਾਂ ਲਈ ਜੰਗ ਮੀਆਂ।
ਓਦੋਂ ਯੂ ਪੀ ਵਿੱਚ ਵਰਤਿਆ ਕਾਂਡ ਸੀ ਗਾ,
ਸਾਰਾ ਭਾਰਤ ਹੀ ਹੋਇਆ ਸੀ ਦੰਗ ਮੀਆਂ।
ਪੰਜ ਕਤਲਾਂ ਲਈ ਨਹੀਂ ਇਨਸਾਫ ਮਿਲਿਆ,
ਦਿੱਸਿਆ ਚੰਗਾ ਨਹੀਂ ਅਜੇ ਤੱਕ ਰੰਗ ਮੀਆਂ।
ਲੋਕਤੰਤਰ ਵਿੱਚ ਨਿਆਂ ਨਹੀਂ ਜਦੋਂ ਮਿਲਦਾ,
ਨਿਕਲਦੇ ਓਦੋਂ ਇਨਸਾਫ ਲਈ ਲੋਕ ਮੀਆਂ।
ਕਾਫਲਾ ਓਦੋਂ ਤੱਕ ਨਿਕਲਦਾ ਇੰਜ ਰਹਿਣਾ,
ਆਉਂਦੇ ਕਾਬੂ ਨਹੀਂ ਜਦੋਂ ਤੱਕ ਬੋਕ ਮੀਆਂ।

**ਤੀਸ ਮਾਰ ਖਾਂ**

# ਪਰਲ ਚਿੱਟ ਫੰਡ ਕੰਪਨੀ ਦੀ ਉੱਚ ਪੱਧਰੀ ਜਾਂਚ ਦੇ ਲਈ ਮੁੱਖ ਮੰਤਰੀ ਮਾਨ ਵੱਲੋਂ ਹੁਕਮ ਜਾਰੀ

ਚੰਡੀਗੜ੍ਹ, 18 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਹੁ-ਚਰਚਿਤ ਚਿੱਟ ਫੰਡ ਕੰਪਨੀ ‘ਪਰਲ’ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਹਨ। ਇਸ ਨਾਲ ਇਸ ਕੰਪਨੀ ਵੱਲੋਂ ਲੁੱਟੇ ਜਾਣ ਮਗਰੋਂ ਕਈ ਸਾਲਾਂ ਤੋਂ ਇਨਸਾਫ ਦੀ ਮੰਗ ਕਰ ਕਰੇ ਲੱਖਾਂ ਲੋਕਾਂ ਨੂੰ ਨਿਆਂ ਮਿਲ ਸਕਣ ਲਈ ਆਸ ਬੱਝੀ ਹੈ।‘ਇਨਸਾਫ ਦੀ ਆਵਾਜ਼’ ਜਥੇਬੰਦੀ ਦੇ ਮੁਤਾਬਿਕ ਪੰਜਾਬ ਵਿੱਚ ਇਸ ਕੰਪਨੀ ਵੱਲੋਂ ਲੁੱਟੇ ਗਏ ਲੋਕਾਂ ਦੀ ਗਿਣਤੀ 25 ਤੋਂ 30 ਲੱਖ ਦੇ ਕਰੀਬਬਣ ਜਾਂਦੀ ਹੈ, ਜਿਨ੍ਹਾਂ ਨੇ ਆਪਣਾ ਪੈਸਾ ਚੰਗੇ ਮੁਨਾਫੇ ਦੀ ਆਸ ਵਿੱਚ ਇਸ ਗਰੁੱਪ ਨੂੰ ਦਿੱਤਾ ਸੀ।

ਮਿਲੀ ਜਾਣਕਾਰੀ ਮੁਤਾਬਿਕ ਜਸਟਿਸ ਆਰ ਐਮ ਲੋਢਾ ਕਮੇਟੀ ਨੇ ਪਰਲ ਕੰਪਨੀ ਦੀਆਂ ਅਚੱਲ ਜਾਇਦਾਦਾਂ ਵੇਚ ਕੇ ਅੱਜ ਤੱਕ878.20 ਕਰੋੜ ਰੁਪਏ ਜੋੜੇ ਹਨ। ਇਸ ਨਾਲ 60,000 ਕਰੋੜ ਰੁਪਏ ਦੇ ਠੱਗੀ ਘੁਟਾਲੇ ਦੇ ਪੀੜਤ ਲੋਕਾਂ ਨੂੰ ਪੈਸੇ ਵਾਪਸ ਕੀਤੇ ਜਾਣਗੇ।ਜਾਂਚ ਕਮੇਟੀ ਦੇ ਮੁਤਾਬਕ ਜਾਂਚ ਏਜੰਸੀ ਸੀਬੀਆਈ ਨੇ ਉਨ੍ਹਾਂ ਨੂੰ ਪੀ ਜੀ ਐੱਫ (ਪਰਲ ਗਰੀਨ ਲਿਮਿਟਿਡ) ਅਤੇ ਪੀਏਸੀਐੱਲ (ਪਰਲ ਐਗਰੋ ਕਾਰਪੋਰੇਸ਼ਨ ਲਿਮਿਟਿਡ) ਦੀ 42,950 ਰੁਪਏ ਦੀ ਜਾਇਦਾਦ ਦੇ ਕਾਗਜ਼ਾਤ ਅਤੇ ਰੋਲਸ ਰਾਇਸ, ਪੋਰਸ਼ੇ ਕੇਏਨ, ਬੈਂਟਲੇ ਅਤੇ ਬੀਐਮਡਬਲਯੂ-7 ਸੀਰੀਜ਼ ਦੀਆਂ



ਲਗਜ਼ਰੀ ਗੱਡੀਆਂ ਵੀ ਦਿੱਤੀਆਂ ਸਨ, ਜਿਨ੍ਹਾਂ ਨੂੰ ਲੋਕਾਂ ਦੇ ਪੈਸੇ ਮੋੜਨ ਲਈ ਵੇਚਿਆ ਜਾ ਸਕਦਾ ਹੈ।

ਵਰਨਣ ਯੋਗ ਹੈ ਕਿ ਸਰਕਾਰ ਦੇ ਅੰਕੜਿਆਂ ਅਨੁਸਾਰ ਲੋਢਾ ਕਮੇਟੀ ਨੂੰਅੱਜਤੱਕਪੀ ਏ ਸੀ ਐੱਲ ਅਤੇ ਇਸ ਦੀਆਂ ਹੋਰ ਕੰਪਨੀਆਂ ਵਿੱਚ ਨਿਵੇਸ਼ ਕਰਨ ਵਾਲੇ 1.5 ਕਰੋੜ ਲੋਕਾਂ ਦੇ ਰਿਫੰਡ ਦੇ ਕਲੇਮਮਿਲੇ ਹਨ। ਸੁਪਰੀਮ ਕੋਰਟ ਨੇ 2016 ਵਿੱਚਲੋਢਾ ਕਮੇਟੀਬਣਾਈ ਸੀ ਅਤੇ ਇਸ ਨੇ ਪੀਏਸੀਐੱਲ ਅਤੇ ਇਸ ਦੇਜਿਹੜੇਯੂਨਿਟਾਂ ਦੀਆਂ ਜਾਇਦਾਦਾਂ ਵੇਚ ਕੇ 878.20 ਕਰੋੜ ਰੁਪਏ ਵਸੂਲੇ ਹਨ, ਉਨ੍ਹਾਂਵਿੱਚ ਆਸਟ੍ਰੇਲੀਆ ਵਿੱਚ ਪਰਲਜ਼ ਇਨਫਰਾਸਟਰੱਕਚਰ ਪ੍ਰੋਜੈਕਟਸ ਦੇ ਯੂਨਿਟਸਵੀ ਹਨ। ਆਸਟ੍ਰੇਲੀਆ ਵਿੱਚ ਕਾਰਵਾਈ ਵਾਸਤੇਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ)ਨੇ ਉਥੋਂ ਦੀ ਫੈਡਰਲ ਕੋਰਟਵਿੱਚਕੇਸ ਕੀਤਾ ਸੀ ਅਤੇ ਉਥੋਂ ਮਨਜ਼ੂਰੀ ਮਿਲਣ ਪਿੱਛੋਂਲੋਢਾ ਕਮੇਟੀ ਨੇ ਉਸ ਤੋਂ 369.20 ਕਰੋੜ ਰੁਪਏ ਵਸੂਲੇ ਹਨ। ਇਸ ਤੋਂ ਬਿਨਾ ਸਰਕਾਰ ਨੇ ਪੀ ਏ ਸੀ ਐੱਲ ਅਤੇ ਇਸ ਦੀਆਂ ਹੋਰ ਕੰਪਨੀਆਂ ਦੇ ਖਾਤੇ ਫ੍ਰੀਜ਼ ਕਰਕੇ 308.04 ਕਰੋੜ ਰੁਪਏ ਕਮਾਏ ਹਨ। ਸਰਕਾਰ ਨੂੰ ਕੰਪਨੀ ਦੇ ਫਿਕਸ ਡਿਪਾਜ਼ਿਟ ਤੋਂ 98.45 ਕਰੋੜ ਰੁਪਏ ਮਿਲੇ ਅਤੇ ਕੰਪਨੀ ਦੀਆਂ 75 ਲਗਜ਼ਰੀ ਗੱਡੀਆਂ ਵੇਚ ਕੇ 15.62 ਕਰੋੜ ਰੁਪਏ ਕਮਾਈ ਹੋਈ ਹੈ।

ਪੀ ਏ ਸੀ ਐੱਲ ਨੂੰ ‘ਪਰਲ ਗਰੁੱਪ’ ਵੀ ਕਿਹਾ ਜਾਂਦਾ ਸੀ।ਇਸ ਕੰਪਨੀ ਨੇ ਖੇਤੀਬਾੜੀ ਤੇ ਰੀਅਲ ਅਸਟੇਟ ਵਰਗੇ ਕਾਰੋਬਾਰ ਦੇ ਆਧਾਰ ਉੱਤੇ ਆਮ ਲੋਕਾਂ ਤੋਂ ਲਗਭਗ 60,000 ਕਰੋੜ ਰੁਪਏ ਇਕੱਠੇ ਕੀਤੇ ਤੇ ਇਹ ਨਿਵੇਸ਼ 18 ਸਾਲਾਂ ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਕਰਾਇਆ ਸੀ। ਜਦੋਂ ਵਾਪਸੀ ਦਾ ਸਮਾਂ ਆਇਆ ਤਾਂ ਕੰਪਨੀ ਪਿੱਛੇ ਹਟ ਗਈ ਸੀ। ਫਿਰ ਸੇਬੀ ਨੇ ਇਸ ਕੇਸ ਵਿੱਚ ਦਖਲ ਦਿੱਤਾ ਅਤੇ ਕੇਸ ਸੁਪਰੀਮ ਕੋਰਟ ਤੱਕਚਲਾ ਗਿਆ ਸੀ।

# ਸਕ੍ਰੈਪ ਦੀਆਂ 87 ਮਾਰੂਤੀ ਕਾਰਾਂ ਗਾਹਕਾਂ ਨੂੰ ਨਵੀਂਆਂ ਕਹਿ ਕੇ ਵੇਚਣ ਵਾਲੇ ਫਸ ਗਏ

*** ਤਿੰਨ ਮੁਲਜ਼ਮਾਂ ਨਾਲ ਸਕਰੈਪ ਡੀਲਰ ਗ੍ਰਿਫ਼ਤਾਰ, 40 ਕਾਰਾਂ ਬਰਾਮਦ**

ਚੰਡੀਗੜ੍ਹ, 18 ਅਗਸਤ, (ਪੋਸਟ ਬਿਊਰੋ)- ਸਕ੍ਰੈਪ ਕਾਰਾਂ ਦੀ ਵਿਕਰੀ ਵਿੱਚ ਵੱਡੇ ਘੁਟਾਲੇ ਦਾ ਪਰਦਾਫਾਸ਼ ਕਰਦਿਆਂ ਪੰਜਾਬ ਪੁਲਿਸ ਨੇ ਮਾਨਸਾ ਦੇ ਇੱਕ ਸਕਰੈਪ ਡੀਲਰ ਸਣੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਮਾਰੂਤੀ ਸੁਜ਼ੂਕੀ ਕਾਰਾਂ ਦੇ ਚੈਸੀ ਨੰਬਰਾਂ ਨਾਲ ਛੇੜਛਾੜ ਕਰਕੇ ਅਤੇ ਗਾਹਕਾਂ ਨੂੰ ਜਾਇਜ਼ ਕਾਰਾਂ ਵਜੋਂ ਰਜਿਸਟਰਡ ਕਰਵਾਉਣ ਲਈ ਧੋਖੇ ਨਾਲ ਵੇਚਣ ਦੇ ਦੋਸ਼ ਹੇਠ ਇਨ੍ਹਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।



ਅੱਜ ਏਥੇ ਰੋਪੜ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪਟਿਆਲਾ ਦੇ ਬਹਾਦਰਗੜ੍ਹ ਵਿਖੇ ਅਟੇਲੀਅਰ ਆਟੋਮੋਬਾਈਲਜ਼ ਨਾਂਅ ਦੀ ਮਾਰੂਤੀ ਸੁਜ਼ੂਕੀ ਡੀਲਰਸ਼ਿਪ ਨੇ ਸ਼ੋਅਰੂਮ ਦੇ ਅਹਾਤੇ ਵਿੱਚ ਹੜ੍ਹ ਨਾਲ ਨੁਕਸਾਨੀਆਂ ਘੱਟੋ-ਘੱਟ 87 ਕਾਰਾਂ ਨੂੰ ਵੇਚਿਆ ਹੈ। ਸਕਰੈਪ ਕੁੱਲ 85 ਲੱਖ ਰੁਪਏ ਦਾ ਲਿਆ ਸੀ। ਇਹ ਕਾਰਾਂ ਬਿਲਕੁਲ ਨਵੀਆਂ ਸਨ, ਪਰ ‘ਵਰਤਣ ਲਈ ਅਯੋਗ’ ਕਰਾਰ ਸਨ, ਕਿਉਂਕਿ ਉਹ ਕੁਝ ਸਮੇਂ ਤੋਂ ਹੜ੍ਹਾਂ ਵਾਲੇ ਸ਼ੋਅਰੂਮ ਵਿੱਚ ਪਈਆਂ ਸਨ। ਇਨ੍ਹਾਂ ਨੂੰ 27 ਜੁਲਾਈ 2019 ਨੂੰ ਮਾਨਸਾ ਦੇ ਸਕਰੈਪ ਡੀਲਰ ਨੂੰ ਵੇਚਿਆ ਸੀ, ਜਿਸ ਦੀ ਪਛਾਣ ਪੁਨੀਤ ਗੋਇਲ ਦੀ ਮਾਲਕੀ ਵਾਲੀ ਮੈਸਰਜ਼ ਪੁਨੀਤ ਟਰੇਡਿੰਗ ਕੰਪਨੀ ਵਜੋਂ ਹੋਈ ਹੈ। ਪੁਨੀਤ ਗੋਇਲ ਫਰਾਰ ਹੈ ਤੇ ਪੁਲਿਸ ਨੇ ਉਸ ਦੀ ਗ੍ਰਿਫਤਾਰੀ ਲਈ ਛਾਪੇਮਾਰ ਰਹੀ ਹੈ। ਫੜੇ ਗਏ ਲੋਕਾਂ ਵਿੱਚ ਰਾਜਪਾਲ ਸਿੰਘ (ਪੁਨੀਤ ਗੋਇਲ ਦੇ ਪਿਤਾ), ਜਸਪ੍ਰੀਤ ਸਿੰਘ ਉਰਫ਼ ਰਿੰਕੂ (ਮੁੱਖ ਦੋਸ਼ੀ ਅਤੇ ਕਾਰ ਡੀਲਰ) ਅਤੇ ਦੋਵੇਂ ਵਾਸੀ ਮਾਨਸਾ ਅਤੇ ਨਵੀਨ ਕੁਮਾਰ (ਬਠਿੰਡਾ ਟਰਾਂਸਪੋਰਟ ਅਥਾਰਟੀ ਦਾ ਏਜੰਟ) ਸ਼ਾਮਲ ਹਨ। ਪੁਲਿਸ ਨੇ ਪੁਨੀਤ ਗੋਇਲਉੱਤੇ ਕੇਸ ਦਰਜ ਕੀਤਾ ਅਤੇ 40 ਕਾਰਾਂ ਫੜੀਆਂ ਹਨ, ਜਿਨ੍ਹਾਂ ਵਿੱਚ ਅੱਠ ਸਿਆਜ਼, ਦੋ ਸਵਿਫਟ, ਅੱਠ ਸਵਿਫਟ ਡਿਜ਼ਾਇਰ, ਚਾਰ ਬਲੇਨੋ, ਤਿੰਨ ਬਰੇਜ਼ਾ, 10 ਆਲਟੋ ਕੇ10, ਦੋ ਸੇਲੇਰੀਓ ਅਤੇ ਇੱਕ-ਇੱਕ ਅਰਟਿਗਾ, ਐਸ-ਕਰਾਸ ਅਤੇ ਇਗਨਿਸ ਸ਼ਾਮਲ ਹਨ।

ਡੀਆਈਜੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੇਪਰ ਟਰੇਲ ਦੀ ਜਾਂਚ ਵਿੱਚ ਪਤਾ ਲੱਗਾ ਕਿ 87 ਗੱਡੀਆਂ, ਜਿਨ੍ਹਾਂ ਦੇ ਚੈਸੀ ਨੰਬਰ ਪੀਸ ਕੇ ਏਜੰਸੀ ਨੇ ਸਕ੍ਰੈਪ ਕਰਨ ਦੇ ਲਈ ਰੱਖੇ ਸਨ, ਜਾਅਲਸਾਜ਼ੀ ਨਾਲ ਜਾਇਜ਼ ਵਾਹਨਾਂ ਵਜੋਂ ਰਜਿਸਟਰਡ ਕੀਤੇ ਗਏ ਹਨ।ਇਸ ਬਾਰੇ ਪੰਜਾਬ ਅਤੇ ਹੋਰ ਰਾਜਾਂ ਦੇ ਵੱਖ-ਵੱਖਟਰਾਂਸਪੋਰਟ ਦਫ਼ਤਰਾਂ ਦੇ ਅਧਿਕਾਰੀਆਂ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ ਅਤੇ ਹੋਰ ਗ੍ਰਿਫਤਾਰੀਆਂ ਹੋ ਸਕਦੀਆਂ ਹਨ।

# ਖਪਤਕਾਰਾਂ ਦੇ ਹਿੱਤਾਂ ਨਾਲ ਛੇੜਛਾੜ ਕਰਦੇ ਰਾਜਾਂ ਨੂੰ ਕੇਂਦਰ ਸਰਕਾਰ ਦਾ ਅਲਟੀਮੇਟਮ

*** ਪੰਜਾਬ ਦਾ ਨਾਂਅ ਦਾਗੀ ਰਾਜਾਂ ਵਿੱਚ ਨਹੀਂ**

ਨਵੀਂ ਦਿੱਲੀ, 18 ਅਗਸਤ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਖਪਤਕਾਰਾਂ ਦੀ ਸੁਰੱਖਿਆ ਵਿੱਚ ਢਿੱਲ ਕਰਦੇ ਰਾਜਾਂ ਨੂੰ ਚੇਤਾਵਨੀ ਦਿੱਤੀ ਅਤੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਪਛੜਦੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਾਫ ਸ਼ਬਦਾਂ ਵਿੱਚ ਤੁਰੰਤ ਪ੍ਰਭਾਵੀ ਕਦਮ ਚੁੱਕਣ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਬਣਾਏ ਗਏ ਨੌਂ ਰਾਜਾਂ ਦੇ ਰਾਜ ਖਪਤਕਾਰ ਕਮਿਸ਼ਨਾਂ ਦੇ ਚੇਅਰਮੈਨ ਅਤੇ 50 ਤੋਂ ਵੱਧ ਮੈਂਬਰਾਂ ਦੇ ਅਹੁਦੇ ਖਾਲੀ ਹਨ।ਜ਼ਿਲ੍ਹਾ ਪੱਧਰੀ ਖਪਤਕਾਰ ਕਮਿਸ਼ਨਾਂ ਦੀ ਹਾਲਤ ਹੋਰ ਵੀ ਮਾੜੀ ਹੋਣ ਕਾਰਨਲੋਕਾਂ ਦੀਆਂ ਸ਼ਿਕਾਇਤਾਂ ਦੀ ਸੁਣਵਾਈਨਹੀਂ ਹੁੰਦੀ। ਕੇਂਦਰੀ ਖਪਤਕਾਰ ਮੰਤਰਾਲੇ ਨੇ ਤਸੱਲੀਬਖਸ਼ ਕੰਮ ਨਾ ਕਰ ਰਹੇ ਰਾਜਾਂ ਵਿਰੁੱਧ ਨਾਰਾਜ਼ਗੀ ਦਿਖਾਈ ਹੈ। ਖਪਤਕਾਰ ਮਾਮਲਿਆਂ ਦੇ ਕੇਂਦਰੀ ਮੰਤਰਾਲੇ ਅਨੁਸਾਰਰਾਜਾਂ ਦੇਖਪਤਕਾਰ ਕਮਿਸ਼ਨਾਂ ਵਿੱਚ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਤੇ ਗੁਜਰਾਤ ਵਰਗੇ ਰਾਜਾਂ ਵਿੱਚ ਸਭ ਤੋਂ ਵੱਧ ਲੋਕਾਂ ਦੀਆਂ ਸ਼ਿਕਾਇਤਾਂ ਹਨ। ਰਾਜ ਪੱਧਰੀ ਖਪਤਕਾਰ ਕਮਿਸ਼ਨਾਂਵਿੱਚਪੈਂਡਿੰਗ ਕੇਸ ਦੀ ਗਿਣਤੀ ਸਾਲੋ-ਸਾਲ ਵੱਧ ਰਹੀ ਹੈ। ਮਹਾਰਾਸ਼ਟਰ ਵਰਗੇ ਰਾਜ ਵਿੱਚ ਪੈਂਡਿੰਗ ਕੇਸਵੱਧਹਨ।ਓਥੇ ਔਰੰਗਾਬਾਦ ਤੇ ਨਾਸਿਕ ਬੈਂਚਾਂ ਵਿੱਚਸ਼ਿਕਾਇਤਾਂ ਵੱਧ ਪੈਂਡਿੰਗ ਹਨ ਅਤੇ ਏਥੇ ਸ਼ਿਕਾਇਤਾਂ ਨਿਬੇੜਨ ਦੀ ਔਸਤ ਡਬਲ ਅੰਕੜੇ ਤੱਕ ਨਹੀਂ ਜਾਂਦੀ। ਉੱਤਰ ਪ੍ਰਦੇਸ਼ ਵਿੱਚ ਵੀ ਹਾਲ ਚੰਗਾ ਨਹੀਂ। ਸਾਲ 2021 ਦੌਰਾਨ ਏਥੇ ਆਈਆਂ ਸ਼ਿਕਾਇਤਾਂ ਵਿੱਚੋਂ ਸਿਰਫ਼ 13 ਫ਼ੀਸਦੀ ਹੱਲ ਹੋਈਆਂ ਹਨ।

ਖਪਤਕਾਰ ਮਾਮਲਿਆਂ ਦੇ ਕੇਂਦਰੀ ਮੰਤਰਾਲੇ ਨੇ ਇਸ ਹਫ਼ਤੇ ਸਮੀਖਿਆ ਬੈਠਕਵਿੱਚ ਰਾਜਾਂ ਨੂੰ ਕੇਸ ਦੇ ਨਿਪਟਾਰੇਵਿੱਚ ਢਿੱਲ-ਮੱਠ ਬਾਰੇ ਝਾੜ ਪਾਈ ਹੈ। ਤੇਲੰਗਾਨਾ, ਕਰਨ-ਾਟਕ, ਗੁਜਰਾਤ ਅਤੇ ਮੱਧ ਪ੍ਰਦੇਸ਼ ਦੀਹਾਲਤ ਲੋਕਾਂ ਦੇ ਹੱਕ ਵਿੱਚ ਨਹੀਂ ਨਿਕਲੀ ਤੇ ਇਸ ਤੋਂ ਇਲਾਵਾ ਅੱਧੀ ਦਰਜਨ ਰਾਜਾਂ ਵਿੱਚ ਰਾਜ ਖਪਤਕਾਰ ਕਮਿਸ਼ਨਾਂ ਕੋਲ ਸ਼ਿਕਾਇਤਾਂ ਘੱਟ ਦਰਜ ਕਰਵਾਈਆਂ ਜਾਂਦੀਆਂ ਹਨ।ਇਨ੍ਹਾਂ ਢਿੱਲੇ ਰਾਜਾਂ ਵਿੱਚ ਪੰਜਾਬ ਦਾ ਨਾਮ ਨਹੀਂ ਹੈ।

# ਭਾਜਪਾ ਨੇਤਾ ਸ਼ਾਹਨਵਾਜ਼ ਹੁਸੈਨ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰਨ ਦੇ ਹੁਕਮ

*** ਅਦਾਲਤ ਨੇ ਜਾਂਚ ਲਈ ਸਮਾਂ ਸੀਮਾ ਵੀ ਤੈਅ ਕੀਤੀ**

ਨਵੀਂ ਦਿੱਲੀ, 18 ਅਗਸਤ, (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਸਾਬਕਾ ਕੇਂਦਰੀ ਮੰਤਰੀ ਅਤੇ ਸੀਨੀਅਰ ਭਾਜਪਾ ਨੇਤਾ ਸ਼ਾਹਨਵਾਜ਼ ਹੁਸੈਨ ਦੇ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ। ਇਹ ਹੁਕਮ 2018 ਵਿੱਚ ਭਾਜਪਾ ਨੇਤਾ ਉੱਤੇ ਲੱਗੇ ਦੋਸ਼ਾਂ ਕਾਰਨਦਿੱਤਾ ਗਿਆ ਹੈ। ਹਾਈਕੋਰਟ ਨੇ ਪੁਲਿਸ ਨੂੰ ਤਿੰਨ ਮਹੀਨਿਆਂ ਵਿੱਚ ਜਾਂਚ ਪੂਰੀ ਕਰਕੇ ਹੇਠਲੀ ਅਦਾਲਤ ਨੂੰ ਰਿਪੋਰਟ ਸੌਂਪਣ ਲਈ ਕਿਹਾ ਹੈ।ਜਸਟਿਸ ਆਸ਼ਾ ਮੇਨਨ ਨੇ ਸੁਣਵਾਈ ਦੌਰਾਨ ਦਿੱਲੀ ਪੁਲਿਸ ਨੂੰ ਫਟਕਾਰ ਲਾਈ ਤੇ ਕਿਹਾ ਕਿ ਪੁਲਿਸ ਦਾ ਵਿਹਾਰ ਢਿੱਲਾ ਹੈ।

ਦੂਸਰੇ ਪਾਸੇ ਸੁਪਰੀਮ ਕੋਰਟ ਵਿੱਚ ਦਾਇਰ ਅਪੀਲ ਵਿੱਚ ਭਾਜਪਾ ਨੇਤਾ ਨੇ ਕਿਹਾ ਕਿ ਇਸ ਕੇਸ ਉੱਤੇ ਜਲਦੀ ਸੁਣਵਾਈ ਹੋਣੀ ਚਾਹੀਦੀ ਹੈ, ਪਰ ਅਦਾਲਤ ਨੇ ਇਸ ਤੋਂ ਨਾਂਹ ਕਰ ਦਿੱਤੀ ਹੈ। ਪੀੜਤਾ ਨੇ



ਜਨਵਰੀ 2018 ਵਿੱਚ ਹੇਠਲੀ ਅਦਾਲਤ ਵਿੱਚਅਰਜ਼ੀ ਪੇਸ਼ ਕਰ ਕੇ ਸ਼ਾਹਨਵਾਜ਼ ਹੁਸੈਨ ਦੇ ਖਿਲਾਫਬਲਾਤਕਾਰ ਕੇਸ ਦਰਜ ਕਰਨ ਦੀ ਅਪੀਲ ਕੀਤੀ ਸੀ।ਉਸ ਨੇ ਦੱਸਿਆ ਸੀ ਕਿ ਭਾਜਪਾ ਨੇਤਾ ਨੇ ਛਤਰਪੁਰ ਫਾਰਮ ਹਾਊਸ ਉੱਤੇ ਉਸ ਨਾਲ ਬਲਾਤਕਾਰ ਕੀਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ। ਪੀੜਤਾ ਨੇ ਦਿੱਲੀ ਪੁਲਿਸ ਤੋਂ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ।

ਮੈਟਰੋਪੋਲਿਟਨ ਮੈਜਿਸਟਰੇਟ ਨੇ 12 ਜੁਲਾਈ 2018 ਨੂੰ ਸ਼ਾਹਨ-ਵਾਜ਼ ਹੁਸੈਨ ਦੇ ਵਿਰੁੱਧ ਕੇਸਦਰਜ ਕਰਨ ਦਾ ਹੁਕਮ ਦਿੱਤਾ ਸੀ, ਪਰ ਸ਼ਾਹਨਵਾਜ਼ ਨੇ ਇਸ ਬਾਰੇ ਰਿਵੀਜ਼ਨ ਪਟੀਸ਼ਨ ਦਾਇਰ ਕਰ ਦਿੱਤੀ ਸੀ। ਇਸ ਅਪੀਲ ਰੱਦ ਹੋਣ ਪਿੱਛੋਂ ਭਾਜਪਾ ਨੇਤਾ ਨੇ ਦਿੱਲੀ ਹਾਈ ਕੋਰਟ ਪਹੁੰਚ ਕੀਤੀ, ਪਰ ਏਥੇ ਵੀ ਰਾਹਤ ਨਹੀਂ ਮਿਲੀ ਅਤੇਉਸਦੇ ਖਿਲਾਫ ਕੇਸ ਦਰਜ ਹੋ ਗਿਆ। ਅਦਾਲਤ ਨੇ ਕਿਹਾ ਕਿ ਕੇਸ ਸ਼ਿਕਾਇਤਵਿੱਚ ਦਰਜ ਅਪਰਾਧ ਦੀ ਜਾਂਚ ਦਾ ਆਧਾਰ ਹੈ। ਪੁਲਿਸ ਜਾਂਚ ਤੋਂ ਬਾਅਦ ਇਸ ਨਤੀਜੇ ਉੱਤੇ ਪਹੁੰਚ ਸਕਦੀ ਹੈ ਕਿ ਜੁਰਮ ਕੀਤਾ ਗਿਆ ਜਾਂ ਨਹੀਂ ਜਾਂ ਇਸ ਕੇਸ ਦੀ ਪੈਰਵੀ ਕਰਨੀ ਹੈ ਜਾਂ ਇਹ ਮੰਨਣਾ ਹੈ ਕਿ ਕੋਈ ਕੇਸ ਹੀ ਨਹੀਂ ਬਣਦਾ।

# ਦਲਿਤ ਗ੍ਰੰਥੀ ਨਾਲ ਬਦਸਲੂਕੀ, ਸ਼ਫ਼ਾਈ ਕਮਿਸ਼ਨ ਦੇ ਮੁਖੀ ਨੇ ਨੋਟਿਸ ਲਿਆ

ਫ਼ਤਹਿਗੜ੍ਹ ਸਾਹਿਬ, 18 ਅਗਸਤ, (ਪੋਸਟ ਬਿਊਰੋ)- ਮਾਲੇਰਕੋਟਲਾ ਨੇੜੇ ਇੱਕ ਗ੍ਰੰਥੀ ਦੇ ਨਾਲ ਸ਼ਰਮਸਾਰ ਕਰਨ ਵਾਲੀ ਘਟਨਾ ਵਾਪਰਨ ਮਗਰੋਂ ਪੰਜਾਬ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਤੇ ਸੈਂਟਰਲ ਵਾਲਮੀਕਿ ਸਭਾ ਇੰਡੀਆ ਦੇ ਕੌਮੀ ਪ੍ਰਧਾਨ ਗੇਜਾ ਰਾਮ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ।

ਪੀੜਤ ਗ੍ਰੰਥੀ ਹਰਦੇਵ ਸਿੰਘ ਅੱਜ ਸਰਹਿੰਦ ਵਿਖੇ ਪ੍ਰਧਾਨ ਗੇਜਾ ਰਾਮ ਦੇ ਘਰ ਉੱਤੇ ਉਨ੍ਹਾਂ ਨੂੰ ਮਿਲੇ ਤੇ ਘਟਨਾ ਦੀ ਸ਼ਿਕਾਇਤ ਕੀਤੀ। ਪਤਾ ਲੱਗਾ ਹੈ ਕਿ ਗ੍ਰੰਥੀ ਦਾ ਮੂੰਹ ਕਾਲਾ ਕਰਨ ਤੇ ਉਸ ਨੂੰ ਪਿਸ਼ਾਬ ਪਿਆਉਣ ਦੀ ਕੋ ਸ਼ਿਸ਼ ਵੀ ਹੋਈ ਸੀ। ਸੀਨੀਅਰ ਭਾਜਪਾ ਨੇਤਾ ਗੇਜਾ ਰਾਮ ਨੇ ਕਿਹਾ ਕਿ ਇਸ ਘਟਨਾ ਨੇ ਅੱਜ ਤੋਂ 200-300 ਸਾਲ ਪੁਰਾਣਾ ਸਮਾਂ ਯਾਦ ਕਰਵਾ ਦਿੱਤਾ ਹੈ। ਉਨ੍ਹਾ ਕਿਹਾਕਿ ਕਹਿਣ ਨੂੰ ਸਮਾਜਤੋਂ ਵਿਤਕਰਾ ਖ਼ਤਮ ਹੋਇਆ ਹੈ, ਪਰ ਸੱਚ ਸਭ ਦੇ ਸਾਹਮਣੇ ਹੈ। ਚੇਅਰਮੈਨ ਨੇ ਕਿਹਾ ਕਿ ਵਾਲਮੀਕਿ ਸਮਾਜ ਨਾਲ ਸਬੰਧਤ ਹਰਦੇਵ ਸਿੰਘ ਨੂੰ ਪਹਿਲਾਂ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਸੇਵਾ ਤੋਂ ਹਟਾਇਆ ਅਤੇ ਫਿਰ ਕੋਠੀ ਦੇ ਮਹੂਰਤ ਮੌਕੇ ਅਰਦਾਸ ਕਰਨ



ਬਹਾਨੇ ਸੱਦ ਕੇ ਜ਼ਲੀਲ ਕੀਤਾ ਗਿਆ ਹੈ।

ਗ੍ਰੰਥੀ ਹਰਦੇਵ ਸਿੰਘ ਨੇ ਦੱਸਿਆ ਕਿ ਉਸ ਨੂੰ ਪਹਿਲਾਂ ਕੁੱਟਿਆ ਅਤੇ ਫਿਰ ਮੂੰਹ ਕਾਲਾ ਕੀਤਾ ਗਿਆ ਅਤੇ ਜਾਤੀ ਸੂਚਕ ਸ਼ਬਦ ਬੋਲੇ ਗਏ ਤੇ ਪਿਸ਼ਾਬ ਪਿਆਉਣ ਦੀ ਕੋਸ਼ਿਸ਼ ਕੀਤੀ ਗਈ। ਉਸ ਦੇ ਭਰਾ ਗੁਰਚਰਨ ਸਿੰਘ ਨੇ ਦੱਸਿਆ ਕਿ ਉਸ ਦੇ ਵੀ ਕੱਪੜੇ ਲਾਹ ਕੇ ਵੀਡੀਓ ਬਣਾਈ ਗਈ। ਫ਼ਤਹਿਗੜ੍ਹ ਸਾਹਿਬ ਵਿੱਚ ਇੱਕ ਸਮਾਗਮਲਈ ਏਥੇ ਆਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਉਕਤ ਗ੍ਰੰਥੀ ਨਾਲ ਵਾਪਰੀ ਘਟਨਾ ਬਾਰੇ ਪੱਤਰਕਾਰਾਂ ਨੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦੀ ਪੂਰੀ ਜਾਣਕਾਰੀ ਨਹੀਂ, ਕਿਉਂਕਿ ਉਹ ਸਵੇਰ ਦੇ ਇਕ ਧਾਰਮਿਕ ਸਮਾਗਮ ਵਿੱਚ ਰੁੱਝੇ ਹੋਏ ਸਨ, ਫਿਰ ਵੀ ਉਨ੍ਹਾਂ ਕਿਹਾ ਕਿ ਇਹ ਮਾੜੀ ਗੱਲ ਹੋਈ ਹੈ।

# ਬਕਾਏ ਨਾ ਦੇ ਰਹੇ 13 ਰਾਜਾਂ ਦੀਆਂ ਪਾਵਰ ਐਕਸਚੇਂਜਾਂ ਉੱਤੇ ਪਾਬੰਦੀ ਲਾਈ ਗਈ

ਨਵੀਂ ਦਿੱਲੀ, 18 ਅਗਸਤ, (ਪੋਸਟ ਬਿਊਰੋ)- ਪਾਵਰ ਪਲਾਂਟਾਂ ਦੇ ਬਕਾਏ ਕਲੀਅਰ ਹੋਣ ਤੱਕ ਭਾਰਤ ਦੇ 13 ਰਾਜਾਂ ਨੂੰ ਪਾਵਰ ਐਕਸਚੇਂਜ ਪਲੇਟਫਾਰਮਾਂ ਉੱਤੇਬਿਜਲੀ ਲੈਣ ਅਤੇ ਵੇਚਣ ਤੋਂ ਰੋਕਣ ਨਾਲ ਇਨ੍ਹਾਂ ਰਾਜਾਂ ਵਿੱਚ ਹਨੇਰਾ ਛਾ ਸਕਦਾ ਹੈ। ਇਨ੍ਹਾਂ ਰਾਜਾਂਵਿੱਚ ਤਾਮਿਲਨਾਡੂ, ਤੇਲੰਗਾਨਾ, ਮੱਧ ਪ੍ਰਦੇਸ਼, ਮਨੀਪੁਰ, ਮਿਜ਼ੋਰਮ, ਝਾਰਖੰਡ, ਬਿਹਾਰ, ਜੰਮੂ ਕਸ਼ਮੀਰ, ਰਾਜਸਥਾਨ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕ ਅਤੇ ਛੱਤੀਸਗੜ੍ਹ ਸ਼ਾਮਲ ਹਨ।

ਪਤਾ ਲੱਗਾ ਹੈ ਕਿ ਭਾਰਤ ਸਰਕਾਰ ਦੀ ਪਾਵਰ ਸਿਸਟਮ ਆਪ੍ਰੇਸ਼ਨ ਕਾਰਪੋਰੇਸ਼ਨ ਲਿਮਿਟਿਡ ਨੇ ਦੇਸ਼ ਵਿੱਚਲੀਆਂ ਤਿੰਨ ਪਾਵਰ ਐਕਸਚੇਂਜਾਂ: ਇੰਡੀਅਨ ਐਨਰਜੀ



ਐਕਸਚੇਂਜ, ਪਾਵਰ ਐਕਸਚੇਂਜ ਆਫ ਇੰਡੀਆ ਤੇ ਹਿੰਦੁਸਤਾਨ ਪਾਵਰ ਐਕਸਚੇਂਜ (ਜੈਨਕੋਸ) ਨੂੰ 27 ਡਿਸਟ੍ਰੀਬਿਊਸ਼ਨ ਕੰਪਨੀਆਂ (ਡਿਸਕਾਮ) ਵੱਲੋਂ ਪਾਵਰ ਵਪਾਰ ਨੂੰ ਸੀਮਤ ਕਰਨ ਨੂੰ ਕਹਿ ਦਿੱਤਾ ਹੈ। ਸੂਤਰਾਂ ਮੁਤਾਬਕ ਜਿਹੜੇ ਰਾਜਾਂ ਵੱਲ ਬਕਾਏ ਹਨ, ਇਸ ਕਦਮ ਨਾਲ ਉਨ੍ਹਾ ਰਾਜਾਂ ਦੇ ਬਿਜਲੀ ਕੱਟ ਹੋਰ ਆਮ ਹੋ ਸਕਦੇ ਹਨ।ਜੈਨਕੋਸ ਵੱਲ ਰਾਜਾਂ ਦੀਆਂ ਡਿਸਕਾਮ ਦਾ ਕੁੱਲ ਬਕਾਇਆ 5,085 ਕਰੋੜ ਰੁਪਏ ਬਣਦਾ ਹੈ।

ਇਹ ਪਹਿਲੀ ਵਾਰ ਹੈ ਕਿ ਇੱਕ ਦਰਜਨ ਤੋਂ ਵੱਧ ਰਾਜਾਂ ਵਿੱ-ਚਇੱਕੋ ਸਮੇਂ ਪਾਬੰਦੀ ਲਾਈ ਗਈ ਹੈ। ਇਹ ਬਿਜਲੀ ਮੰਤਰਾਲੇ ਵੱਲੋਂ ਡਿਸਕੌਮ ਅਤੇ ਜੈਨਕੋਸ ਦੇ ਬਕਾਏ ਦਾ ਭੁਗਤਾਨ ਨਾ ਕਰਨ ਲਈ ਬਣਾਏ ਨਿਯਮਾਂ ਕਾਰਨ ਲੱਗੀ ਹੈ। ਨਵੇਂ ਲੇਟ ਪੇਮੈਂਟ ਸਰਚਾਰਜ ਨਿਯਮਾਂ ਹੇਠਪਾਵਰ ਐਕਸਚੇਂਜਾਂ ਵੱਲੋਂ ਡਿਸਕਾਮ ਉੱਤੇ ਪਾਬੰਦੀ ਲਾਉਂਦੇ ਹਨ ਕਿ ਜੇ ਉਹ ਸੱਤ ਮਹੀਨਿਆਂ ਤੋਂ ਵੱਧ ਸਮਾਂ ਜੈਨਕੋਸ ਦੇ ਬਕਾਏ ਦਾ ਭੁਗਤਾਨ ਨਾ ਕਰਨ, ਇਨ੍ਹਾ ਰਾਜਾਂ ਵਿੱਚ ਡਿਸਕਾਮ ਦੇ ਨਵੇਂ ਬਿਜਲੀ (ਦੇਰੀ ਭੁਗਤਾਨ ਸਰਚਾਰਜ) ਨਿਯਮਾਂ ਹੇਠ ਕਾਰਵਾਈ ਹੋ ਸਕਦੀ ਹੈ।







# ਖੇਤੀ ਨੂੰ ਲਾਹਵੰਦ ਬਣਾਉਣ ਲਈ ਮਾਰਕੀਟਿੰਗ ਇੰਟੇਲੀਜੇਂਸ ਦੀ ਲੋੜ



ਡਾ. ਅਮਨਪ੍ਰੀਤ ਸਿੰਘ ਬਰਾੜ

ਅੱਜ ਹਰ ਪਾਸੇ ਖੇਤੀ ਨੂੰ ਲੈ ਕੇ ਚਿੰਤਾ ਜਤਾਈ ਜਾ ਰਹੀ ਹੈ। ਇਥੋਂ ਤੱਕ ਕਿ 2008 ਵਿੱਚ ਵਰਲਡ ਬੈਂਕ ਨੇ ਇੱਕ ਚਿੱਠੀ ਵਿੱਚ ਕਿਹਾ ਕਿ ਜ਼ਮੀਨ ਇੱਕ ਪੈਦਾਵਾਰ ਦਾ ਸਰੋਤ ਹੈ ਜਿਸਨੂੰ ਅਕੁਸ਼ਲ ਹੱਥਾਂ ਵਿੱਚ ਨਹੀ ਛੱਡਿਆ ਜਾ ਸਕਦਾ ਹੈ। ਇਹ ਗੱਲ ਨਹੀ ਸਮਝ ਆਉਂਦੀ ਕਿ ਕਿਸਾਨ ਜਿਨ੍ਹਾਂ ਨੇ ਪੈਦਾਵਾਰ ਵਿੱਚ ਰਿਕਾਰਡ ਤੋੜਤੇ ਅਤੇ ਦੇਸ਼ ਨੂੰ ਆਤਮ ਨਿਰਭਰ ਬਣਾਇਆ ਉਹ ਅੱਜ ਅਕੁਸ਼ਲ ਕਿਵੇਂ ਹੋ ਗਏ। ਦਰਅਸਲ ਇਸ ਸੰਦਰਭ ਦੇ ਵਿੱਚ ਜੇ ਪੰਜਾਬ ਦੀ ਗੱਲ ਕਰੀਏ, ਤਾਂ ਪੰਜਾਬ ਵਿੱਚ ਸਮੱਸਿਆ ਪੈਦਾਵਾਰ ਦੀ ਨਹੀਂ ਬਲਕਿ ਮੰਡੀਕਰਨ ਦੀ ਹੈ। ਅੱਜ ਜ਼ਮੀਨੀ ਹਕੀਕਤ ਇਹ ਹੈ ਕਿ ਕਿਸਾਨਾਂ ਨੂੰ ਪੈਦਾਵਾਰ ਵੇਚਣ ਲਈ ਕਣਕ ਅਤੇ ਝੋਨੇ ਤੋਂ ਇਲਾਵਾ ਬਾਕੀ ਫਸਲਾਂ ਲਈ ਉਚਿੱਤ ਮੰਡੀ ਨਹੀਂ ਮਿਲਦੀ ਅਤੇ ਜਿਸ ਕਰਕੇ ਉਸ ਨੂੰ ਬਹੁਤੀਆਂ ਫਸਲਾਂ ਤੇ ਤਾਂ ਲਾਗਤ ਮੁੱਲ ਵੀ ਨਹੀ ਮਿਲਦਾ, ਬਹੁਤੀ ਵੇਰੀ ਜਦੋਂ ਫਸਲ ਆਉਂਦੀ ਹੈ ਤਾਂ ਮੰਡੀ ਵਿੱਚ ਭਾਅ ਡਿੱਗ ਜਾਂਦਾ ਹੈ, ਪਰ ਜਦੋਂ ਜਿਨਸ ਕਿਸਾਨਾਂ ਤੋ ਨਿਕਲ ਕੇ ਵਪਾਰੀਆਂ ਦੇ ਹੱਥਾਂ ਵਿਚ ਪਹੁੰਚ ਜਾਂਦੀ ਹੈ ਉਸ ਵੇਲੇ ਭਾਅ ਵਧ ਜਾਂਦਾ ਹੈ। ਜਿਵੇਂ ਪਿਛੇ ਕਣਕ ਦੀ ਫਸਲ ਨਾਲ ਹੋਇਆ ਜਦੋਂ ਕਿਸਾਨਾਂ ਕੋਲ ਸੀ ਤਾਂ ਸਰਕਾਰੀ ਰੇਟ ਤੇ ਵਿਕੀ, ਪਰ ਬਾਅਦ ਵਿੱਚ ਰੇਟ ਵਧਣ ਲੱਗਾ ਤਾਂ ਸਰਕਾਰ ਨੇ ਨਿਰਯਾਤ ਤੇ ਰੋਕ ਲਗਾ ਦਿੱਤੀ ਅਤੇ ਭਾਅ ਐਮ ਐਸ ਪੀ ਤੋਂ ਹੇਠਾਂ ਆ ਗਿਆ ਜਿੱਥੇ ਸਰਕਾਰੀ ਖਰੀਦ ਨਹੀਂ ਸੀ। ਸਰਕਾਰ ਨੇ ਪੰਜਾਬ ਅਤੇ ਹਰਿਆਣੇ ਵਿੱਚ ਸਰਕਾਰੀ ਖਰੀਦ 31 ਮਈ, 2022 ਤੱਕ ਵਧਾ ਦਿੱਤੀ ਪਰ ਸਿਰਫ 46 ਹਜ਼ਾਰ ਟਨ ਕਣਕ ਆਈ। ਇਸ ਵਿੱਚ ਜੁਲਾਈ ਵਿੱਚ ਆ ਕਿ ਭਾਅ ਮੁੜ ਵੱਧਿਆ ਤੇ 2350 ਰੁਪਏ ਕੁਵਿੰਟਲ ਹੋਇਆ ਹੈ। ਪਰ ਫਿਰ ਹੁਣ ਉਧਰੋਂ ਯੂਕਰੇਨ ਵਾਲੀ ਕਣਕ ਆਉਣ ਨਾਲ ਭਾਅ ਹੇਠਾਂ ਵੱਲ ਨੂੰ ਤੁਰਿਆ ਹੈ ਅਤੇ ਅੱਗੋਂ ਅਮਰੀਕਾ, ਅਸਟਰੇਲੀਆ ਦੀ ਕਣਕ ਆ ਜਾਣੀ ਹੈ, ਜੋ ਅਨੁਮਾਨ ਹੈ ਕਿ ਭਰਪੂਰ ਫਸਲ ਹੈ, ਯਾਣੀ ਭਾਅ ਹੇਠਾਂ ਆਉਣਗੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ।

ਮੂੰਗੀ- ਇਸ ਵਾਰ ਪੰਜਾਬ ਸਰਕਾਰ ਨੇ ਫਸਲੀ ਵਭਿੰਨਤਾ ਦੇ ਚੱਕਰ ਵਿੱਚ ਮੂੰਗੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਖਰੀਦ ਦੀ ਗਰੰਟੀ ਕੀਤੀ ਤੇ ਕਿਹਾ ਜੋ ਕਿਸਾਨ ਮੂੰਗੀ ਬੀਜੇਗਾ ਉਸਦੀ ਫਸਲ ਐਮ ਐਸ ਪੀ ਤੇ ਸੂਬਾ ਸਰਕਾਰ ਚੁੱਕੇਗੀ । ਇਸ ਨਾਲ ਇਹ ਵੀ ਦੱਸਿਆ ਗਿਆਕਿ ਮੂੰਗੀ ਤੋਂ ਬਾਅਦ ਉਹ ਝੋਨੇ ਦੀ ਲੇਟ ਵਾਲੀ ਵਰਾਇਟੀ ਪੀ ਆਰ 126 ਜਾਂ ਫਿਰ ਬਾਸਮਤੀ ਲਗਾ ਸਕਦੇ ਹਨ। ਇਸ ਪਿੱਛੇ ਮੰਤਵ ਸੀ ਪਾਣੀ ਬਚਾਉਣਾ, ਪਰ ਸਰਕਾਰ ਇਹ ਭੁੱਲ ਗਈ ਕਿ ਜਿਹੜੀ ਮੂੰਗੀ ਦੀ ਉਹ ਸਿਫਾਰਿਸ਼ ਕਰ ਰਹੇ ਸਨ ਉਹ ਸੱਠੀ ਮੂੰਗੀ ਹੈ, ਜਿਸ ਦਾ ਬਿਜਾਈ ਦਾ ਸਮਾ 10 ਅਪ੍ਰੈਲ ਤੱਕ ਹੁੰਦਾ ਹੈ, ਜਦਕਿ ਸਰਕਾਰੀ ਬਿਆਨ 20 ਅਪ੍ਰੈਲ ਨੂੰ ਆਉਂਦਾ ਹੈ। ਪਰ ਅਸੀ ਇਸ ਨੂੰ ਮੰਡੀਕਰਨ ਵਿੱਚ ਵੇਖੀਏ ਤਾਂ ਦਾਲਾਂ ਦੀ ਸੂਬੇ, ਦੇਸ਼ ਅਤੇ ਦੁਨਿਆ ਵਿੱਚ ਥੁੱੜ ਹੈ ਪਰ ਜਦੋਂ ਇਹ ਮੂੰਗੀ ਵਿਕਣ ਲਈ ਆਈ ਤਾਂ ਸਰਕਾਰੀ ਤੰਤਰ ਨੇ ਇਸ ਵਿੱਚ ਸਮੱਸਿਆਵਾਂ ਜਿਵੇਂ ਕਿ ਰੰਗ ਦਾ ਫਰਕ, ਕੁਵਾਲਟੀ ਦੇ ਚੱਕਰ ਪਾਉਣੇ ਸ਼ੁਰੂ ਕਰ ਦਿੱਤੇ ਅਤੇ ਕਈ ਕਿਸਾਨਾਂ ਨੇ ਇਸ ਨੂੰ ਘੱਟ ਰੇਟ ਤੇ ਵਪਾਰੀਆਂ ਨੂੰ ਵੇਚਿਆ। ਫਿਰ ਕਿਸਾਨ ਜਥੇਬੰਦੀਆਂ ਦੇ ਰੋਸ ਮੁਜਾਹਰਿਆਂ ਕਰਕੇ ਸਰਕਾਰ ਨੇ ਕਿਸਾਨਾਂ ਦੀ ਭਰਪਾਈ ਕਰਨ ਦਾ ਜੁੰਮਾ ਲਿਆ । ਨਤੀਜਾ ਕੀ ਨਿਕਲਿਆ ਜੇ ਸਰਕਾਰੀ ਖਰੀਦ ਹੈ ਤਾਂ ਕਿਸਾਨ ਨੂੰ ਭਾਅ ਮਿਲਦਾ ਹੈ, ਨਹੀਂ ਤਾਂ ਵਪਾਰੀ ਐਮ ਐਸ ਪੀ ਤੋਂ ਘੱਟ ਤੇ ਹੀ ਖਰੀਦ ਕਰਦੇ ਹਨ। ਇਸੇ ਤਰ੍ਹਾਂ ਗੰਨੇ ਦਾ ਹਾਲ ਹੈ ਪੈਦਾਵਾਰ ਦਾ ਮਸਲਾ ਘੱਟ ਹੈ ਪਰ ਮੰਡੀਕਰਨ ਅਤੇ ਫਸਲ ਦੀ ਕੀਮਤ ਵਸੂਲਣ ਦਾ ਜ਼ਿਆਦਾ ।

ਡਾਈਵਰਸੀਫਿਕੇਸ਼ਨ ਜਦੋਂ ਝੋਨੇ ਦਾ ਸੀਜ਼ਨ ਆਉਂਦਾ ਤਾਂ ਉਸ ਵੇਲੇ ਸਾਰਿਆਂ ਨੂੰ ਡਾਈਵਰਸੀਫਿਕੇਸ਼ਨ ਦੀ ਯਾਦ ਆ ਜਾਂਦੀ ਚਾਹੇ ਉਹ ਸਰਕਾਰਾਂ ਹੋਣ ਜਾਂ ਫਿਰ ਮਾਹਿਰ ਪਰ ਹਰ ਬੰਦਾ ਇਹ ਕਹਿ ਕਿ ਪੱਲਾ ਛੁਡਾ ਲੈਂਦਾ ਹੈ ਕਿ ਕਿਸਾਨ ਕਿਸੇ ਦੀ ਸੁਣਦੇ ਨਹੀ। ਪਰ



ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦਾ ਕਿਸਾਨ ਹਰ ਸਿਫਾਰਿਸ਼ ਅਪਣਾਉਂਦਾ ਹੈ, ਚਾਹੇ ਉਹ ਖੇਤੀਬਾੜੀ ਯੂਨੀਵਰਸਿਟੀ ਦੀ ਹੋਵੇ ਜਾਂ ਫਿਰ ਪੰਜਾਬ ਖੇਤੀਬਾੜੀ ਮਹਿਕਮੇ ਦੀ ਫੇਰ ਇਹ ਕਿਵੇਂਕਿਹਾ ਜਾ ਸਕਦਾ ਕੇ ਉਹ ਫਸਲੀ ਵਭਿੰਨਤਾ ਤੇ ਇਹਨਾਂ ਦੀ ਗੱਲ ਨਹੀ ਸੁਣਦੇ। ਦਰਅਸਲ ਅਸੀ ਆਪਣੀਆਂ ਕਮੀਆਂ ਨੂੰ ਲਕੋਣ ਲਈ ਦੋਸ਼ ਉਸ ਵਰਗ ਦੇ ਗਲ ਮੜ੍ਹ ਦਿੰਦੇ ਹਾਂ ਜੋ ਕਮਜ਼ੋਰ ਹੈ ਕਿਉਂਕਿ ਸਾਡਾ ਸਮਾਜ ਸ਼ੁਰੂ ਤੋਂ ਹੀ ਤਕੜੇ ਦੀ ਗੱਲ ਸੁਣਦਾ ਆਇਆ ਹੈ ਅਤੇ ਕਹਾਵਤ ਵੀ ਬਣੀ ਹੈ "ਤਕੜੇ ਦਾ ਸੱਤੀ ਵੀਹੀ ਸੌ" ਖਾਸ ਕਰਕੇ ਜਿਹੜੇ ਵੱਡੇ ਆਹੁਦਿਆਂ ਤੇ ਬੈਠੇ ਹਨ। ਇਸ ਵੇਲੇ ਕਿਸਾਨਾਂ ਦੀ ਮੁੱਖ ਸੱਮਸਿਆ ਹੈ ਕਿ ਉਹਨਾਂ ਨੂੰਫਸਲਾਂ ਦਾ ਸਹੀ ਮੁੱਲ ਨਹੀ ਮਿਲਦਾ ਹਾਲਾਂਕਿ ਸਰਕਾਰ 23 ਫਸਲਾਂ ਦੀ ਐਮ ਐਸ ਪੀ ਨਿਰਧਾਰਤ ਕਰਦੀ ਹੈ। ਪਰ ਮਿਲਦੀ ਸਿਰਫ 2 ਤੇ ਹੈ (ਕਣਕ, ਝੋਨੇ) ਤੇ ਜਿਸਦੀ ਸਰਕਾਰੀ ਖਰੀਦ ਹੈ। ਬਾਕੀ ਫਸਲਾਂ ਵੱਲ ਵੀ ਕਿਸਾਨ ਆਕਰਸ਼ਿਤ ਹੁੰਦੇ ਹਨ ਪਰ ਜਦੋ ਫਸਲ ਆਉਂਦੀ ਹੈ ਤਾਂ ਭਾਅ ਡਿੱਗ ਪੈਂਦਾ ਹੈ। ਜਿਸ ਨਾਲ ਕਿਸਾਨਾ ਦੀ ਬਹੁਤੀ ਵਾਰੀ ਲਾਗਤ ਵੀ ਪੂਰੀ ਨਹੀ ਹੁੰਦੀ।

ਅਸਲ ਵਿੱਚ ਸਾਨੂੰ ਲੋੜ ਹੈ ਕਿਸਾਨਾਂ ਦੀ ਬਾਂਹ ਫੜਨ ਦੀ ਅਤੇ ਉਹਨਾਂ ਨੂੰ ਦੱਸਣ ਦੀ ਕਿ ਉਹ ਆਪਣੀ ਫਸਲ ਕਿਥੇ ਤੇ ਕਦੋਂ ਵੇਚਣ। ਇਸ ਵੇਲੇ ਹੋ ਇਹ ਰਿਹਾ ਹੈ ਕਿ ਖੇਤੀਬਾੜੀ ਮਹਿਕਮਾ ਜਾਂ ਫਿਰ ਖੇਤੀਬਾੜੀ ਯੂਨੀਵਰਸਿਟੀ ਸਾਨੂੰ ਪੈਦਾਵਾਰ ਵਧਾਉਣ ਦੇ ਢੰਗ ਹੀ ਦੱਸ ਰਹੀ ਹੈ ਜਦਕਿ ਇਸ ਦੀ ਲੋੜ, ਪੰਜਾਬ ਵਿੱਚ ਸਿਰਫ 10% ਹੀ ਰਹਿ ਗਈ ਹੈ ਕਿਉਂਕਿ ਪੁਰਾਣੀਆਂ ਫਸਲਾਂ ਵਿੱਚ ਕਿਸਾਨਾਂ ਨੇ ਮੁਹਾਰਤਹਾਸਲ ਕਰ ਲਈ ਹੈ। ਸਿਰਫ ਨਵੀਂ ਖੋਜ ਦੱਸਣ ਦੀ ਹੀ ਲੋੜ ਹੈ, 90% ਉਹਨਾਂ ਨੂੰ ਮਾਰਕੀਟਿੰਗ ਦੇ ਢੰਗ, ਤਰੀਕਿਆਂ ਬਾਰੇ ਜਾਣਕਾਰੀ ਹੀ ਦੇਣ ਦੀ ਲੋੜ ਹੈ। ਇਸ ਲਈ ਮਾਰਕੀਟਿੰਗ ਸੈਲ ਵੀ ਖੋਲ੍ਹੇ ਗਏ ਹਨ, ਪਰ ਇਹਨਾਂ ਦਾ ਕੰਮ ਸਿਰਫ ਮੰਡੀ ਵਿੱਚ ਜਿਨਸਾਂ ਦੇ ਭਾਅ ਦੱਸਣ ਤੱਕ ਸੀਮਤ ਰਹਿ ਗਿਆ ਹੈ। ਜਦਕਿ ਮਾਰਕਿਟ ਇੰਨਟੈਲੀਜੇਨਸ ਦਾ ਮੁੱਖ ਕੰਮ, ਭਾਅ ਦੱਸਣਾ ਹੀ ਨਹੀਂ ਸਗੋਂ ਕਿਹੜੀ ਜਿਨਸ ਦੀ ਕਿਥੇ ਅਤੇ ਕਿੰਨੀ ਜਰੂਰਤ ਹੋ ਸਕਦੀ ਹੈ ਉਹ ਲੱਭ ਕੇ ਕਿਸਾਨਾਂ ਤੋਂ ਉਸ ਦੇ ਹਿਸਾਬ ਨਾਲ ਫਸਲ ਬਿਜਵਾਈ ਜਾਵੇ ਤਾਂ ਕਿ ਜਦੋਂ ਪੈਦਾਵਾਰ ਆਵੇ ਤਾਂ ਉਸਨੂੰ ਨਾਂ ਤਾਂ ਵੇਚਣ ਵਿੱਚ ਸੱਮਸਿਆ ਆਵੇ ਅਤੇ ਨਾਲ ਹੀ ਉਸਦਾ ਲਾਹੇਵੰਦ ਮੁੱਲ ਵੀ ਮਿਲੇ।

ਨਵੇਂ ਇੰਸਟੀਚਿਊਟ ਖੋਲ੍ਹਣੇ : ਅੱਜ ਵੀ ਪੂਰਾ ਜ਼ੋਰ ਲੱਗਿਆ ਹੈ ਨਵੇਂ ਇੰਸਟੀਚਿਊਟ ਖੋਲਣ ਤੇ ਹੁਣ ਵੀ ਪੀ ਏ ਯੂ ਵਿੱਚ ੲਿਛਆ਼ ਵੱਲੋਂ ਮੱਕੀ ਰਿਸਰਚ ਇੰਸਟੀਚਿਊਟ ਖੋਲਿਆ ਜਾ ਰਿਹਾ ਹੈ। ਬਹੁਤ ਵਧੀਆ ਗੱਲ ਹੈ ਕਿਉਂਕਿ ਮੱਕੀ ਵਿਭਿੰਨਤਾ ਵਿੱਚ ਵੱਡਾ ਰੋਲ ਅਦਾ ਕਰ ਸਕਦੀ ਪਰ ਨਾਲ ਹੀ ਇਸ ਨੂੰ ਮੰਡੀਕਰਨ ਕਰਨ ਲਈ ਵੀ ਧਿਆਨ ਦੇਣਾ ਚਾਹੀਦਾ ਹੈ। ਅੱਜ ਵੀ ਮੱਕੀ ਦੇ ਫੇਲ ਹੋਣ ਦਾ ਕਾਰਨ ਉਚਿਤ ਮੁੱਲ ਨਾ ਮਿੱਲਣਾ ਹੀ ਹੈ। ਏਸੇ ਕਰਕੇ ਇਸ ਫਸਲ ਹੇਠ ਰਕਬਾ ਵੱਧ ਨਹੀ ਰਿਹਾ, ਚਾਹੀਦਾ ਇਹ ਹੈ ਕਿ ਸਰਕਾਰ ਦੇ ਖੇਤੀਬਾੜੀ ਨਾਲ ਸਬੰਧਤ ਅਰਥ ਸ਼ਾਸ਼ਤਰੀ ਇਕ ਨੀਤੀ ਬਣਾ ਕੇ ਗਾਈਡ ਕਰਨ।

ਇਸ ਵਿੱਚ ਖਾਸ ਕਰ ਕੇ ਖੇਤੀਬਾੜੀ ਯੂਨੀਵਰਸਿਟੀ ਦੇ ਬਿਜਨਸ ਮੈਨੇਜਮੈਂਟ ਮਹਿਕਮੇ ਨੂੰ ਸ਼ਮੂਲਿਅਤ ਕਰਨੀ ਚਾਹੀਦੀ ਹੈ ਜਿੰਨਾਂ ਨਾਲ ਸਰਕਾਰ ਦੇ ਖੇਤੀਬਾੜੀ ਮਹਿਕਮੇ ਦੇ ਮਾਰਕੀਟਿੰਗ ਸੈਲ ਨੂੰ ਜੋੜਿਆ ਜਾਵੇ ਇਹ ਸਭ ਤੋਂ ਪਹਿਲਾ ਇਹ ਦੇਖਣ ਕਿ ਸੂਬੇ ਦੀ 3 ਕਰੋੜ ਅਬਾਦੀ ਦੀ ਜਰੂਰਤ ਕੀ ਹੈ, ਜਿਸ ਨੂੰ ਪੂਰੀ ਕਰਨ ਲਈ ਅਸੀਂ ਕੀ ਕੁਝ ਮੌਸਮ ਦੇ ਹਿਸਾਬ ਨਾਲ ਪੈਦਾ ਕਰ ਸਕਦੇ ਹਾਂ, ਤਾਂ ਜੋ ਅਸੀ ਆਵਦੀ ਜਰੂਰਤ ਦੀਆਂ ਬਹੁਤੀਆਂ ਵਸਤੂਆਂ ਆਪ ਹੀ ਪੈਦਾ ਕਰੀਏ। ਇਸ ਦੇ ਨਾਲ ਇਹ ਵੀ ਦੇਖੀਏ ਕਿ ਬਾਕੀ ਰਕਬਾ ਕਿੰਨਾ ਬੱਚਦਾ ਹੈ ਉਸ ਵਿੱਚ ਉਹ ਚੀਜ਼ਾਂ ਉਗਾਈਆ ਜਾਣ ਜਿੰਨਾ ਦੀ ਦੇਸ਼ ਅਤੇ ਵਿਦੇਸ਼ ਵਿੱਚਮੰਗ ਹੋਵੇ, ਜਦੋ ਉਪਰੋਕਤ ਏੰਜਸੀਆਂ ਨੇ ਆਪਣਾ ਕੰਮ ਕਰਕੇ ਦੇ ਦਿਤਾ ਤਾਂ ਫੇਰ ਸੂਬੇ ਦੀਆਂ 5 ਏਜੰਸੀਆਂ, ਮਾਰਕਫੇਡ, ਪਨਗਰੇਨ, ਪਨਸੀਡ, ਪਨਸੱਪ, ਪੰਜਾਬ ਐਗਰੋ ਨੂੰ ਕੰਮ ਦਿੱਤਾ ਜਾਵੇ। ਇਹਨਾ ਵਿਚੋਂ ਦੋ ਸੂਬੇ ਵਿੱਚ ਦੀ ਫੂਡ ਸਪਲਾਈ ਦੇਖਣ, ਜਦਕਿ ਬਾਕੀ ਦੇਸ਼ ਦੇ ਦੂਜੇ ਸੂਬਿਆਂ ਅਤੇ ਵਿਦੇਸ਼ਾ ਨਾਲ ਟਾਈਅੱਪ ਕਰਕੇ ਬਾਹਰੋ ਆਰਡਰ ਲੈ ਕੇ ਆਉਣ, ਫਿਰ ਖੇਤੀਬਾੜੀ ਮਹਿਕਮੇ ਦਾ ਕੰਮ ਹੋਵੇ ਕਿ ਉਹ ਕਿਸਾਨਾਂ ਨੂੰ ਸਲਾਹ ਦੇ ਕਿ ਲੋੜ ਮੁਤਾਬਿਕ ਜਿਨਸਾਂ ਪੈਦਾ ਕਰਵਾਉਣ।

ਸਰਕਾਰ ਇਸ ਗੱਲ ਦਾ ਵੀ ਧਿਆਨ ਰਖੇ ਜੇ ਕਿਤੇ ਕਿਸੇ ਜਿਨਸ ਦਾ ਅੰਤਰਾਸ਼ਟਰੀ ਮਾਰਕਿਟ ਵਿੱਚ ਭਾਅ ਹੇਠਾਂ ਆਉਂਦਾ ਹੈ ਤਾਂ ਸਰਕਾਰ ਕਾਰਪਸ ਫੰਡ ਬਣਾ ਕੇ ਘਾਟਾ ਪੂਰਾ ਕਰੇ ਤਾਂ ਜੋ ਕਿਸਾਨ ਦੀ ਕੋਈ ਵੀ ਜਿਨਸ ਐਮ ਐਸ ਪੀ ਤੋਂ ਹੇਠਾਂ ਨਾ ਵਿਕੇ। ਕਾਰਪਸ ਫੰਡ ਬਣਾਉਣਾ ਕੋਈ ਔਖਾ ਨਹੀ ਜਿਹੜਾ ਪੈਸਾ ਸਬਸਿਡੀਆ ਵਿੱਚ ਜਾਂਦਾ ਹੈ ਉਸ ਦਾ ਕੁੱਝ ਹਿੱਸਾ ਕਾਰਪਸ ਫੰਡ ਵਿੱਚ ਪਾ ਲਉ। ਦੂਜਾ ਅਸੀਂ ਇਕ ਜਿਨਸ ਨਹੀ ਬਲਕਿ ਕਈ ਜਿਨਸਾਂ ਪੈਦਾ ਕਰਨੀਆ ਹਨ। ਸੋ ਜੇ ਇੱਕ ਦਾ ਭਾਅ ਘੱਟਦਾ ਹੈ ਤਾਂ ਦੂਜੀ ਦਾ ਵੱਧ ਵੀ ਸਕਦਾ ਹੈ। ਜੋ ਐਮ ਐਸ ਪੀ ਤੋਂ ਵੱਧ ਆਇਆ ਉਸਨੂੰ ਕਾਰਪਸ ਫੰਡ ਵਿੱਚ ਪਾ ਲਉ।

ਨਿਚੋੜ: -ਇਸ ਵੇਲੇ ਜੋ ਹੋਇਆ ਉਸ ਤੋ ਸਬਕ ਲੈਂਦੇ ਹੋਏ ਸਾਡੀ ਸਰਕਾਰ ਨੂੰ ਇਕ ਨੀਤੀ ਬਣਾਉਣੀ ਚਾਹੀਦੀ ਜਿਸ ਨਾਲ ਮਾਰਕਿਟ ਇੰਨਟੈਲੀਜੈਂਸ ਨੂੰ ਪਹਿਲ ਦੇ ਕੇ ਫੁੱਲ ਫਲੈਜ਼ਡ ਕਾਲਜ ਦੇ ਬਰਾਬਰ ਦਾ ਮਾਰਕਿਟ ਇੰਨਟੈਲਿਜੈਨਸ ਰਿਸਰਚ ਇੰਟੀਚਿਊਟ ਬਣਾਇਆ ਜਾਵੇ ਜਿਸ ਵਿੱਚ ਖੇਤੀਬਾੜੀ ਦੇ ਨਾਲ ਸਬੰਧਤ ਸਾਰੇ ਮਹਿਕਮਿਆਂ ਦੇ ਜਿਵੇਂ ਐਗਰੀਕਲਚਰਲ, ਬਾਗਬਾਨੀ, ਮੌਸਮ ਵਿਭਾਗ ਅਰਥ ਸ਼ਾਸ਼ਤਰ ਅਤੇ ਬਿਜਨਸ ਮੈਨੇਜਮੈਂਟ ਦੇ ਮਾਹਿਰ ਹੋਣ। ਜਿਸ ਨੂੰ ਇਕੋ ਇੱਕ ਮੈਨਡੇਟ ਦਿੱਤਾ ਜਾਵੇ, ਇਹ ਪਤਾ ਲਗਾਉਣ ਦਾ ਕਿ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਤੇ ਕਿਹੜੀਆਂਖੇਤੀ ਜਿਨਸਾਂ ਦੀ ਮੰਗ ਹੈ ਜਿਨ੍ਹਾਂ ਨੂੰ ਪੰਜਾਬ ਵਿੱਚ ਪੈਦਾ ਕੀਤਾ ਜਾ ਸਕਦਾ ਹੈਤਾਂਕਿ ਕਿਸਾਨਾਂ ਨੂੰ ਰਵਾਇਤੀ ਫਸਲਾਂ ਨਾਲੋ ਵੱਧ ਮੁੱਲ ਮਿਲ ਸਕੇ। ਇਹ ਸੈਂਟਰ ਬਰੀਕੀ ਨਾਲ ਘੋਖ ਕੇ ਤੇ ਵਿਸਥਾਰਪੂਰਵਕ ਪ੍ਰੋਜੈਕਟ ਬਣਾ ਕੇ ਅਗਾਹ ਵਧੂ ਕਿਸਾਨਾਂ ਨੂੰ ਦੇਣ। ਜੇ ਉਹਨਾਂ ਕਿਸਾਨਾਂ ਨੂੰ ਲਾਹੇਵੰਦ ਮੁੱਲ ਮਿੱਲਦਾ ਹੈ ਤਾਂ ਬਾਕੀ ਕਿਸਾਨ ਉਸ ਨੂੰ ਅਗੇ ਵਧਾ ਲੈਣਗੇ ਕਿਉਂਕਿ ਇਹ ਗਤੀਸ਼ੀਲ ਪ੍ਰਕ੍ਰਿਆ ਹੈ ਤੇ ਇਹ ਸੈਂਟਰ ਨੂੰ ਚਾਲੂ ਰਖਣ ਲਈ ਸਟਾਫ ਤੇ ਪੈਸੇ ਤੇ ਕੋਈ ਕੱਟ ਨਹੀ ਲੱਗਣਾ ਚਾਹੀਦਾ। ਚੰਗਾ ਹੋਵੇਗਾ ਕਿ ਜੇ ਮੌਜੂਦਾ ਸਰਕਾਰ ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਇੱਕ ਨੀਤੀ ਬਣਾਵੇ ਤੇ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਲੋਕਾਂ ਅੱਗੇ ਰੱਖੇ ਤਾਂ ਕਿ ਵੋਟਰਾਂ ਨੂੰ ਭੀ ਪਤਾ ਲਗੇ ਕਿ ਨਵੀਂ ਸਰਕਾਰ ਕਿਸਾਨਾਂ ਲਈ ਕੀ ਕਰ ਰਹੀ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ-ਫੁਲਕਾ

"ਕੱਲ੍ਹ ਮੈਂ ਇੱਕ ਰਾਕੇਟ ਛੱਡਿਆ, ਜੋ ਸਿੱਧਾ ਚੰਨ ਨਾਲ ਟਕਰਾਇਆ।" ਰਾਧਾ ਨੇ ਆਪਣੀ ਸਹੇਲੀ ਨੂੰ ਦੱਸਿਆ।
ਸਹੇਲੀ ਨੇ ਕਿਹਾ, "ਫਿਰ ਕੀ ਹੋਇਆ?"
ਰਾਧਾ, "ਫਿਰ ਕੀ ਹੋਣਾ ਸੀ, ਮੈਨੂੰ ਖੂਬ ਕੁੱਟ ਪਈ?"
ਸਹੇਲੀ, "ਉਹ ਕਿਉਂ?"
ਰਾਧਾ, "ਕਿਉਂਕਿ, ਉਹ ਚੰਨ (ਗੰਜਾ ਸਿਰ) ਮੇਰੇ ਨਾਨਾ ਜੀ ਦਾ ਸੀ।"

*******

ਸੰਜੀਵ ਤਿੰਨ ਮੰਜ਼ਿਲਾ ਮਕਾਨ ਦੇ ਹੇਠਾਂ ਖੜ੍ਹਾ ਹੋ ਕੇ ਉਪਰ ਵੱਲ ਦੇਖ ਰਿਹਾ ਸੀ।
ਵਿੱਕੀ ਨੇ ਉਸ ਤੋਂ ਪੁੱਛਿਆ, "ਉਪਰ ਕੀ ਦੇਖ ਰਿਹਾ ਏਂ?"
ਸੰਜੀਵ ਬੋਲਿਆ, "ਮੈਂ ਉਪਰੋਂ ਘੜੀ ਸੁੱਟ ਦਿੱਤੀ ਸੀ। ਉਸ ਦੀ ਉਡੀਕ ਕਰ ਰਿਹਾ ਹਾਂ।"
ਵਿੱਕੀ, "ਉਹ ਤਾਂ ਕਦੋਂ ਦੀ ਡਿੱਗ ਚੁੱਕੀ ਹੋਵੇਗੀ।"
ਸੰਜੀਵ, "ਨਹੀਂ ਉਹ ਪੰਜ ਮਿੰਟ ਪਿੱਛੇ ਚੱਲਦੀ ਸੀ?"

*******

ਰੇਲ ਵਿੱਚ ਇੱਕ ਆਦਮੀ ਸਫਰ ਕਰ ਰਿਹਾ ਸੀ। ਟਿਕਟ ਚੈਕਰ ਨੇ ਟਿਕਟ ਪੁੱਛੀ। ਉਸ ਨੇ ਟਿਕਟ ਫੜਾ ਦਿੱਤੀ।



ਟਿਕਟ ਦੇਖ ਕੇ ਚੈਕਰ ਬੋਲਿਆ, "ਇਹ ਤਾਂ ਪਲੇਟਫਾਰਮ ਟਿਕਟ ਹੈ।"
"ਜੀ ਮੈਂ ਵੀ ਅਗਲੇ ਪਲੇਟਫਾਰਮ ਉੱਤੇ ਹੀ ਉਤਰਨਾ ਹੈ।" ਉਸ ਦਾ ਜਵਾਬ ਸੀ।

*******

ਪਤੀ ਨੇ ਪਤਨੀ ਨੂੰ ਮੈਸੇਜ ਕੀਤਾ, "ਅੱਜ ਰਾਤ ਡਿਨਰ ਉੱਤੇ ਮੇਰੇ ਕੁਝ ਦੋਸਤ ਆ ਰਹੇ ਹਨ, ਚੰਗਾ ਜਿਹਾ ਖਾਣਾ ਬਣਾ ਦੇਵੀਂ।"
ਪਤਨੀ ਦਾ ਕੋਈ ਜਵਾਬ ਆਇਆ, ਫਿਰ ਪਤੀ ਨੇ ਦੂਸਰਾ ਮੈਸੇਜਾ ਕੀਤਾ, "ਮੇਰੀ ਸੈਲਰੀ ਵੱਧ ਗਈ ਹੈ, ਅਗਲੇ ਮਹੀਨੇ ਤੈਨੂੰ ਸੋਨੇ ਦੀ ਮੁੰਦਰੀ ਲਿਆ ਕੇ ਦੇਵਾਂਗਾ।"
ਪਤਨੀ ਨੇ ਉਸੇ ਵੇਲੇ ਜਵਾਬ ਦਿੱਤਾ, "ਓ ਮਾਈ ਗੌਡ! ਸੱਚੀਂ।"
ਪਤੀ, "ਨਹੀਂ ਮੈਂ ਤਾਂ ਚੈਕ ਕਰ ਰਿਹਾ ਸੀ ਕਿ ਤੈਨੂੰ ਮੇਰਾ ਪਹਿਲਾ ਮੈਸੇਜ ਮਿਲਿਆ ਕਿ ਨਹੀਂ।"

# ਰੈੱਡ ਵਿੱਲੋ ਕਲੱਬ ਬਰੈਂਪਟਨ ਵਲੋਂ ਤੀਆਂ ਦਾ ਮੇਲਾ





ਬਰੈਂਪਟਨ (ਹਰਜੀਤ ਬੇਦੀ): ਰੈੱਡ ਵਿੱਲੋ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਬੀਤੇ ਵੀਕ-ਐਂਡ ਤੇ ਰੈੱਡ ਵਿੱਲੋ ਪਾਰਕ ਵਿੱਚ ਤੀਆਂ ਦਾ ਮੇਲਾ ਕਰਵਾਇਆ ਗਿਆ। ਤੀਆਂ ਦੇ ਇਸ ਪਰੋਗਰਾਮ ਨੂੰ ਸਫਲ ਬਣਾਉਣ ਲਈ ਮਹਿੰਦਰ ਕੌਰ ਪੱਡਾ, ਬੇਅੰਤ ਕੌਰ, ਬਲਜੀਤ ਕੌਰ ਗਰੇਵਾਲ, ਸੁਰਿੰਦਰ ਕੌਰ, ਹਰਵਿੰਦਰ ਕੌਰ ਅਤੇ ਪਰਮਜੀਤ ਕੌਰ ਨੇ ਮੁੱਖ ਭੂਮਿਕਾ ਨਿਭਾਈ।

ਰੈੱਡ ਵਿੱਲੋ ਪਾਰਕ ਬਰੈਂਪਟਨ ਵਿੱਚ ਤੀਆਂ ਦਾ ਇਹ ਪਰੋਗਰਾਮ ਬਾਰਾਂ ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਤੱਕ ਨਿਰਵਿਘਨ ਚਲਦਾ ਰਿਹਾ। ਇਸ ਪਰੋਗਰਾਮ ਵਿੱਚ ਛੋਟੀ ਉਮਰ ਦੀਆਂ ਬੱਚੀਆਂ ਤੋਂ ਲੈ ਕੇ ਬਜੁਰਗ ਔਰਤਾਂ ਨੇ ਆਨੰਦ ਮਾਣਿਆ। ਮਾਲਵੇ, ਮਾਝੇ ਤੇ ਦੁਆਬੇ ਦੀ ਬੋਲੀ ਦੇ ਰੰਗ ਵਿੱਚ ਰੰਗੇ ਬੋਲੀਆਂ ਤੇ ਗੀਤਾਂ ਅਤੇ ਗਿੱਧੇ ਦੀ ਧਮਕ ਨੇ ਇਸ ਪਰੋਗਰਾਮ ਨੂੰ ਲਗਾਤਾਰ ਮਨੋਰੰਜਕ ਬਣਾਈ ਰੱਖਿਆ। ਇਸ ਤੀਆਂ ਦੇ ਮੇਲੇ ਨੇ ਜਿੱਥੇ ਸੀਨੀਅਰ ਔਰਤਾਂ ਨੂੰ ਉਹਨਾਂ ਦੇ ਬਚਪਨ ਅਤੇ ਬੀਤੇ ਸਮੇ ਦੀਆਂ ਯਾਦਾਂ ਚੇਤੇ ਕਰਵਾਈਆਂ ਉੱਥੇ ਬੱਚੀਆਂ ਨੂੰ ਆਪਣੇ ਵਿਰਸੇ ਦੇ ਤਿਉਹਾਰਾਂ ਨਾਲ ਜੋੜਿਆ। ਗੀਤ ਬੋਲੀਆਂ ਅਤੇ ਗਿੱਧੇ ਦੇ ਨਾਲ ਨਾਲ ਖਾਣ-ਪੀਣ ਦਾ ਪਰੋਗਰਾਮ ਚਲਦਾ ਰਿਹਾ। ਭਾਵੇਂ ਤੀਆਂ ਵਾਲੇ ਰਵਾਇਤੀ ਖੀਰ ਪੂੜੇ ਨਹੀਂ ਸਨ ਪਰ ਸਮੋਸੇ, ਪਨੀਰ ਪਕੌੜਾ, ਸਪਰਿੰਗ ਰੋਲ, ਬਰਫੀ ਅਤੇ ਗਜਰੇਲਾ ਦੇ ਨਾਲ, ਰੂਹ ਅਫਜਾ, ਫਰੂਟੀ ਖੁਲ੍ਹੇ ਰੂਪ ਵਿੱਚ ਵਰਤਾਏ ਗਏ।

ਤੀਆਂ ਦੇ ਇਸ ਮੇਲੇ ਵਿੱਚ ਭਰਵੀਂ ਰੌਣਕ ਲੱਗੀ ਰਹੀ ਜਿਸ ਨੂੰ ਹੋਰ ਕਮਿਉਨਟੀਆਂ ਦੇ ਲੋਕਾਂ ਨੇ ਪਰਸੰਸਾ ਭਰੀਆਂ ਨਜ਼ਰਾਂ ਨਾਲ ਦੇਖਿਆ ਅਤੇ ਕਈਆਂ ਨੇ ਥੋੜੇ ਸਮੇਂ ਲਈ ਬੜੇ ਚਾਅ ਨਾਲ ਸ਼ਮੂਲੀਅਤ ਵੀ ਕੀਤੀ। ਖਾਣ-ਪੀਣ ਦੇ ਸਮਾਨ ਦਾ ਪਰਬੰਧ ਕਰਨ ਲਈ ਗੁਰਨਾਮ ਸਿੰਘ ਗਿੱਲ ਪਰਧਾਨ, ਮਾ: ਕੁਲਵੰਤ ਸਿੰਘ ਸਕੱਤਰ, ਜੋਗਿੰਦਰ ਸਿੰਘ ਪੱਡਾ ਅਤੇ ਸ਼ਿਵਦੇਵ ਸਿੰਘ ਰਾਏ ਨੇ ਸਹਿਯੋਗ ਦਿੱਤਾ। ਐਸੋਸੀਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੇ 13 ਅਗਸਤ 2022 ਦੇ ਸਾਂਝੇ ਪਰੋਗਰਾਮ ਤੋਂ ਬਾਦ ਰੈੱਡ ਵਿੱਲੋ ਕਲੱਬ ਵਲੋਂ ਹੋਰ ਪਰੋਗਰਾਮ ਉਲੀਕੇ ਜਾਣੇ ਹਨ ਤਾਂ ਜੋ ਸੀਨੀਅਰਜ਼ ਨੂੰ ਲਗਾਤਾਰ ਮਨੋਰੰਜਨ ਦੇ ਮੌਕੇ ਮਿਲਦੇ ਰਹਿਣ। ਪਰਬੰਧਕਾਂ ਵਲੋਂ ਸ਼ਾਮਲ ਹੋਣ ਵਾਲੀਆਂ ਸਾਰੀਆਂ ਬੀਬੀਆਂ ਦਾ ਧੰਨਵਾਦ ਕੀਤਾ ਜਿਹਨਾਂ ਦੇ ਸਹਿਯੋਗ ਸਦਕਾ ਇਹ ਪਰੋਗਰਾਮ ਬੜੀ ਸਫਲਤਾ ਨਾਲ ਸਿਰੇ ਚੜ੍ਹਿਆ। ਕਲੱਬ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਧਾਨ ਗੁਰਨਾਮ ਸਿੰਘ ਗਿੱਲ ਨਾਲ 416-908-1300 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤੀ ਫੌਜ ਦੀ 75 ਸਾਲਾ ਪਰਵਾਜ਼

-ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ

ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੇ ਮੁਲਕ ਨੂੰ ਆਜ਼ਾਦੀ ਦਿਵਾਉਣ ਖਾਤਰ ਜਿੱਥੇ ਸੁਤੰਤਰਤਾ ਸੰਗਰਾਮੀਆਂ ਨੇ ਲੰਬੀ ਜੰਗ ਲੜੀ, ਉਥੇ ਭਾਰਤੀ ਫੌਜੀ ਭਾਈਚਾਰੇ ਨੇ ਵੀ ਯੋਗਦਾਨ ਪਾਇਆ। ਇਹ ਵਾਕਿਆ 10 ਮਈ 1857 ਦਾ ਹੈ, ਜਦੋਂ ਸਿਪਾਹੀ ਮੰਗਲ ਪਾਂਡੇ ਅਤੇ ਉਸ ਦੇ ਸਾਥੀਆਂ ਨੇ ਕਾਰਤੂਸ ਉੱਤੇ ਚਰਬੀ ਲੱਗੀ ਦੇਖੀ ਤਾਂ ਭੜਕ ਉਠੇ। ਇਹ ਖਬਰ ਅੱਗ ਵਾਂਗ ਫੈਲ ਗਈ ਤੇ ਫਿਰ ਤਕਰੀਬਨ ਸੱਤਰ ਹਜ਼ਾਰ ਵਿਦਰੋਹੀਆਂ ਨੇ ਦਿੱਲੀ ਨੂੰ ਘੇਰ ਲਿਆ। ਬਗਾਵਤ ਤਾਂ ਕੁਚਲ ਦਿੱਤੀ ਗਈ, ਬਹੁਤ ਸਾਰੇ ਫੌਜੀ ਮਾਰੇ ਵੀ ਗਏ, ਪਰ ਇਸ ਨੇ ਬ੍ਰਿਟਿਸ਼ ਇੰਡੀਆ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਰਾਸ਼ਟਰਵਾਦੀਆਂ ਨੇ ਇਸ ਅੰਦੋਲਨ ਨੂੰ ਆਜ਼ਾਦੀ ਦੀ ਪਹਿਲੀ ਜੰਗ ਦਾ ਦਰਜਾ ਦਿੱਤਾ।

ਦੂਜੀ ਸੰਸਾਰ ਜੰਗ ਸਮੇਂ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਇੰਡੀਅਨ ਨੈਸ਼ਨਲ ਆਰਮੀ (ਆਈ ਐੱਨ ਏ) ਨੇ ਜਨਮ ਲਿਆ, ਜਿਸ ਵਿੱਚ ਫੌਜ ਦੇ ਭਗੌੜੇ ਅਫਸਰ ਜਵਾਨ ਅਤੇ ਜਾਪਾਨੀਆਂ ਵੱਲੋਂ ਮਲਾਇਆ ਵਿੱਚ ਬੰਦੀ ਬਣਾਏ ਕਈ ਜੰਗੀ ਕੈਦੀ ਵੀ ਸ਼ਾਮਲ ਹੋਏ। ਇਸ ਤੋਂ ਬਾਅਦ ਮੁੰਬਈ ਤੇ ਕਰਾਚੀ ਵਿੱਚ ਤੈਨਾਤ ਨੇਵੀ ਅੰਦਰ ਵੀ ਬਗਾਵਤ ਹੋਈ। ਫਿਰ ਜਬਲਪੁਰ ਵਿਖੇ ਆਰਮੀ ਤੇ ਕਰਾਚੀ ਦੀ ਹਵਾਈ ਫੌਜ ਦੀ ਯੂਨਿਟ ਵਿੱਚ ਅੰਦੋਲਨ ਦੀ ਲਹਿਰ ਪੈਦਾ ਹੋ ਗਈ। ਇਨ੍ਹਾਂ ਸਾਰੀਆਂ ਘਟਨਾਵਾਂ ਕਾਰਨ ਬਸਤੀਵਾਦੀਆਂ ਨੂੰ ਜਲਦੀ ਭਾਰਤ ਛੱਡਣ ਵਾਸਤੇ ਮਜਬੂਰ ਹੋਣਾ ਪਿਆ। ਦੇਸ਼ ਦੀ ਵੰਡ ਸਮੇਂ ਫੌਜ ਦੇ ਜਵਾਨਾਂ, ਅਧਿਕਾਰੀਆਂ ਦੀ ਗਿਣਤੀ ਕਰੀਬ 4,00,000 ਸੀ ਜਿਸ ਵਿੱਚੋਂ 2,80,000 ਭਾਰਤ ਦੇ ਹਿੱਸੇ ਆਈ ਅਤੇ ਬਾਕੀ ਪਾਕਿਸਤਾਨ ਦੇ। 16 ਸਤੰਬਰ 1947 ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਹੁਕਮ ਦਿੱਤਾ ਕਿ ਫੌਜ ਦੀ ਗਿਣਤੀ ਘਟਾ ਕੇ 1,50,000 ਕਰ ਦਿੱਤੀ ਜਾਵੇ, ਪਰ ਕਿਸੇ ਵੀ ਸੂਰਤ ਵਿੱਚ 1,75,000 ਤੋਂ ਘੱਟ ਨਹੀਂ ਚਾਹੀਦੀ। ਜਨਰਲ ਸਰ ਲੋਕਰਾਹਟ ਜੋ ਉਦੋਂ ਕਮਾਂਡਰ ਇਨ ਚੀਫ (ਸੀ ਐੱਨ ਸੀ) ਸਨ, ਫੌਜ ਦੇ ਇਸਤੇਮਾਲ ਬਾਰੇ ਯੋਜਨਾ ਘੜਦੇ ਸਮੇਂ ਨਹਿਰੂ ਨੂੰ ਪੁੱਛਿਆ ਕਿ ਦੇਸ਼ ਨੂੰ ਖਤਰੇ ਬਾਰੇ ਤੁਹਾਡਾ ਮੁੱਖ ਗਿਆਨ ਕੀ ਹੈ? ਜਵਾਬ ਮਿਲਿਆ ਕਿ ਸਾਡਾ ਅਗਾਊਂ ਅਨੁਮਾਨ ਹੈ ਕਿ ਦੇਸ਼ ਨੂੰ ਕੋਈ ਮਿਲਟਰੀ ਖਤਰਾ ਨਹੀਂ। ਇਸ ਵਾਸਤੇ ਇਹ ਫੈਸਲਾ ਹੋਇਆ ਕਿ 44 ਰਜਵਾੜਾਸ਼ਾਹੀ ਰਿਆਸਤਾਂ ਦੇ 75314 ਸਿਪਾਹੀਆਂ ਤੇ ਅਫਸਰਾਂ ਨੂੰ ਜੋੜ ਕੇ ਫੌਜ ਦੀ ਗਿਣਤੀ 2,00,000 ਤੱਕ ਸੀਮਿਤ ਕਰ ਦਿੱਤੀ ਗਈ। ਸਾਡੇ ਦਿਸ਼ਾਹੀਣ ਹਾਕਮਾਂ ਨੂੰ ਪਤਾ ਹੀ ਉਦੋਂ ਲੱਗਾ ਜਦੋਂ 22 ਅਕਤੂਬਰ 1947 ਨੂੰ 250 ਟਰੱਕਾਂ ਵਿੱਚ ਤਕਰੀਬਨ 5000 ਅਫਰੀਕੀ ਤੇ ਮਹਿਸੂਦ ਫਿਰਕਿਆਂ ਦੇ ਕਬਾਇਲੀ ਅਤੇ ਫੌਜ ਦੇਜ ਵਾਨ ਮੇਜਰ ਜਨਰਲ ਅਕਬਰ ਖਾਨ ਦੀ ਅਗਵਾਈ ਹੇਠ ਜੇਹਲਮ ਸੜਕ ਦੇ ਰਸਤੇ ਕਸ਼ਮੀਰ ਵਾਦੀ ਵਿੱਚ ਦਾਖਲ ਹੋਤੇ ਘਿਨਾਉਣੇ ਕਾਂਡ ਵਾਪਰਨ ਲੱਗੇ।

ਜਦੋਂ 25-26 ਅਕਤੂਬਰ ਦੀ ਦੇਰ ਰਾਤ ਨੂੰ ਮਹਾਰਾਜਾ ਹਰੀ ਸਿੰਘ ਨੇ ਕਸ਼ਮੀਰ ਨੂੰ ਭਾਰਤ ਵਿੱਚ ਮਿਲਾਉਣ ਬਾਰੇ ਦਸਤਖਤ ਕੀਤੇ ਤਾਂ ਬੜੀ ਤੇਜ਼ੀ ਨਾਲ ਭਾਰਤੀ ਫੌਜ ਸ੍ਰੀਨਗਰ ਪਹੁੰਚੀ ਤੇ ਦੁਸ਼ਮਣ ਨੂੰ ਖਦੇੜਨਾ ਸ਼ੁਰੂ ਕਰ ਦਿੱਤਾ। ਜੇ ਫੌਜ ਉੱਤੇ ਬੰਦਸ਼ ਨਾ ਲਾਈ ਹੰਦੀ ਤਾਂ ਸਮੁੱਚਾ ਮਕਬੂਜ਼ਾ ਕਸ਼ਮੀਰ ਸਰ ਕਰ ਲਿਆ ਜਾਂਦਾ ਤੇ ਜੋ ਖੂਨ-ਖਰਾਬਾ ਅੱਜ ਕਸ਼ਮੀਰ ਵਿੱਚ ਹੋ ਰਿਹਾ ਹੈ, ਉਹ ਨਾ ਹੁੰਦਾ ਅਤੇ ਸਮੱਸਿਆ ਵੀ ਹੱਲ ਹੋ ਜਾਂਦੀ। ਇਸ ਦੇ ਨਾਲ ਹੀ ਭਾਰਤੀ ਫੌਜ ਨੇ 1948 ਵਿੱਚ ਹੈਦਰਾਬਾਦ ਤੇ ਜੂਨਾਗੜ੍ਹ ਦੀਆਂ ਰਿਆਸਤਾਂ ਦੇ ਰਾਜਿਆਂ ਨੂੰ ਭਾਰਤ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰ ਦਿੱਤਾ। ਪੰਦਰਾਂ ਜਨਵਰੀ 1949 ਨੂੰ ਜਨਰਲ (ਬਾਅਦ ਵਿੱਚ ਫੀਲਡ ਮਾਰਸ਼ਲ) ਕੇ ਐੱਮ ਕਰਿਅੱਪਾ ਭਾਰਤੀ ਮੂਲ ਦੇ ਪਹਿਲੇ ਸੀ ਐੱਨ ਸੀ (ਕਮਾਂਡਰ ਇਨ ਚੀਫ) ਬਣੇ ਅਤੇ ਉਨ੍ਹਾਂ ਨੇ ਫੌਜ ਨੂੰ ਗੈਰ-ਸਿਆਸੀ ਸਿਧਾਂਤ ਉੱਤੇ ਤੋਰਿਆ। ਸੰਨ 1950 ਵਿੱਚ ਜਨਰਲ ਕਰਿਅੱਪਾ ਨੇ ਫੌਜ ਦੀ ਵਰਤੋਂ ਦੀ ਯੋਜਨਾ ਤੈਅ ਕਰਦੇ ਸਮੇਂ ਨੇਫਾ (ਅੱਜਕੱਲ੍ਹ ਅਰੁਣਾਚਲ ਪ੍ਰਦੇਸ਼) ਬਾਰੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਹੋ ਸਕਦਾ ਹੈ ਕਿ ਇਸ ਇਲਾਕੇ ਵਿੱਚ ਚੀਨ ਦੀ ਦਿਲਚਸਪੀ ਹੋਵੇ ਤਾਂ ਪ੍ਰਧਾਨ ਮੰਤਰੀ ਨੇ ਗੁੱਸੇ ਵਿੱਚ ਮੇਜ਼ ਖੜਕਾਉਂਦਿਆਂ ਕਿਹਾ, ਇਹ ਸੀ ਐਨ ਸੀ ਦਾ ਕੰਮ ਨਹੀਂ ਕਿ ਪ੍ਰਧਾਨ ਮੰਤਰੀ ਨੂੰ ਦੱਸੇ ਕਿ ਕੌਣ, ਕਿੱਥੇ ਸਾਡੇ ਉੱਤੇ ਹਮਲਾ ਕਰ ਸਕਦਾ ਹੈ। ਦੇਸ਼ ਨੂੰ 1962 ਵਿੱਚ ਚੀਨ ਕੋਲੋਂ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਸਾਡੀ ਬਹਾਦਰ ਫੌਜ ਨੇ 1961 ਵਿੱਚ ਗੋਆ ਵੀ ਆਜ਼ਾਦ ਕਰਾਇਆ। ਸੰਨ 1965 ਵਿੱਚ ਪਹਿਲਾਂ ਰਣ ਆਫ ਕੱਛ ਤੇ ਫਿਰ ਪਾਕਿਸਤਾਨੀ ਫੌਜ ਨੂੰ ਹਾਜ਼ੀ ਪੀਰ ਵਰਗੇ ਉੱਚ ਪਹਾੜੀ ਇਲਾਕਿਆਂਤੋਂ ਭਜਾ ਕੇ ਉੜੀ (ਬਾਰਾਮੂਲਾ) ਨੂੰ ਪੁਣਛ ਨਾਲ ਜੋੜ ਕੇ ਅੱਧਾ ਮਕਬੂਜ਼ਾ ਕਸ਼ਮੀਰ ਕਬਜ਼ੇ ਹੇਠ ਲੈ ਲਿਆ। ਜਿੱਤੇ ਇਲਾਕੇ ਵਾਪਸ ਕਰ ਕੇ ਹਾਕਮਾਂ ਨੇ ਕਸ਼ਮੀਰ ਸਮੱਸਿਆ ਦਾ ਸਦੀਵੀ ਹੱਲ ਲੱਭਣ ਦਾ ਦੂਸਰਾ ਸੁਨਹਿਰੀ ਮੌਕਾ ਗੁਆ ਦਿੱਤਾ। ਫਿਰ 1971 ਦੀ ਭਾਰਤ-ਪਾਕਿ ਜੰਗ ਜਿੱਤ ਕੇ ਫੌਜ ਨੇ ਨਵੇਂ ਮੁਲਕ ਬੰਗਲਾ ਦੇਸ਼ ਦੀ ਸਿਰਜਣਾ ਕੀਤੀ, ਪਰ ਭਾਰਤ ਸਰਕਾਰ ਨੇ 93,000 ਜੰਗੀ ਕੈਦੀ ਪਾਕਿਸਤਾਨ ਹਵਾਲੇ ਕਰ ਕੇ ਕਸ਼ਮੀਰ ਸਮੱਸਿਆ ਨੂੰ ਹੱਲ ਕਰਾਉਣ ਦਾ ਤੀਸਰਾ ਮੌਕਾ ਰੋਲ ਦਿੱਤਾ। ਸਾਡੇ ਸਵਾਰਥੀ ਹਾਕਮਾਂ ਨੇ ਦੇਸ਼ ਦੇ ਹਿੱਤਾਂ ਦੀ ਰਖਵਾਲੀ ਕੀ ਕਰਨੀ ਸੀ, ਉਹ ਭ੍ਰਿਸ਼ਟਾਚਾਰ ਤੇ ਗੱਦੀ ਕਾਇਮ ਕਰਨ ਰੁੱਝੇ ਰਹੇ। ਅਪ੍ਰੈਲ 1984 ਵਿੱਚ ਭਾਰਤ ਦੀਆਂ ਫੌਜਾਂ ਨੇ ਆਪਰੇਸ਼ਨ 'ਮੇਘਦੂਤ' ਕਰਕੇ ਸਾਟਰੋ ਰੇਂਜ ਸਿਆਚਿਨ ਉੱਤੇ ਮੋਰਚਾਬੰਦੀ ਕੀਤੀ। ਜੇ ਭਾਰਤੀ ਫੌਜ ਚੌਕਸ ਨਾਰਹਿੰਦੀ ਤਾਂ ਮਈ 1984 ਵਿੱਚ ਪਾਕਿਸਤਾਨ ਨੇ ਇਸ ਇਲਾਕੇ ਉੱਤੇ ਕਬਜ਼ਾ ਕਰ ਲੈਣਾ ਸੀ। ਪਾਕਿਸਤਾਨ ਨੂੰ ਸੰਨ 1999 ਵਿੱਚ ਭਾਰਤੀ ਫੌਜ ਨੇ ਚੌਥੀ ਵਾਰ ਕਾਰਗਿਲ ਵਿੱਚ ਹਰਾਇਆ। ਫਿਰ ਡੋਕਲਾਮ ਵਿਵਾਦ ਹੋਇਆ। ਫੌਜ ਨੇ ਕੁਦਰਤੀ ਆਫਤਾਂ ਸਮੇਂ ਅਤੇ ਕਾਨੂੰਨ ਵਿਵਸਥਾ ਬਹਾਲ ਕਰਨ ਲਈ ਕਈ ਵਾਰ ਅਹਿਮ ਭੂਮਿਕਾ ਨਿਭਾਈ ਹੈ।

ਸੰਨ 1962 ਦੀ ਚੀਨ ਨਾਲ ਜੰਗ ਪਿੱਛੋਂ ਅਮਰੀਕਾ ਨੂੰ ਪੀ ਐੱਲ ਏ 480 ਸਮਝੌਤੇ ਦੇ ਅੰਤਰਗਤ ਸਾਨੂੰ ਘਟੀਆ ਕਿਸਮ ਦੀ ਕਣਕ ਤੋਂ ਇਲਾਵਾ ਫੌਜ ਵਾਸਤੇ ਕੁਝ ਤੋਪਾਂ, ਹਥਿਆਰ ਅਤੇ ਹੋਰ ਸਾਜ਼ੋ ਸਾਮਾਨ ਵੀ ਦੇਣਾ ਪਿਆ, ਪਰ ਸੰਨ 1965 ਦੀ ਜੰਗ ਸਮੇਂ ਸਾਡੀ ਯੂਨਿਟ 98 ਮਾਊਨਟੇਨ ਰੈਜੀਮੈਂਟ ਨੂੰ ਅਮਰੀਕਾਦੀ ਬਣੀ ਹੋਈ 76 ਮਿਲੀਮੀਟਰ ਤੋਪ ਨੂੰ ਪਾਕਿਸਤਾਨ ਖਿਲਾਫ ਵਰਤਣ ਉੱਤੇ ਰੋਕ ਲਾ ਦਿੱਤੀ ਸੀ। ਇਹ ਅਮਰੀਕਾ ਦੀ ਦੋਗਲੀ ਨੀਤੀ ਦਾ ਪ੍ਰਤੱਖ ਸਬੂਤ ਹੈ। ਭਵਿੱਖ ਵਿੱਚ ਰੱਬ ਨਾ ਕਰੇ ਜੇ ਜੰਗ ਛਿੜੀ ਤਾਂ ਅਸੀਂ ਅਮਰੀਕਾ ਉੱਤੇ ਭਰੋਸਾ ਨਹੀਂ ਕਰ ਸਕਦੇ। ਸੰਨ 1971 ਦੀ ਪਾਕਿਸਤਾਨ ਨਾਲ ਜੰਗ ਸਮੇਂ 3.7 ਹਾਵਿਟਜ਼ਰ ਤੋਪਾਂ ਲਈ ਜੋ ਗੋਲਾ ਬਾਰੂਦ ਵਰਤਿਆ ਗਿਆ ਉਹ ਮੇਰੇ ਜਨਮ ਅਰਥਾਤ ਸੰਨ 1943 ਤੋਂ ਪਹਿਲਾਂ ਦਾ ਬਣਿਆ ਹੋਇਆ ਸੀ। ਖੁਸ਼ਕਿਸਮਤੀ ਨਾਲ ਇਹੋ ਹਾਲਾਤ ਪਾਕਿਸਤਾਨ ਦੇ ਸਨ। ਜਦੋਂ ਸਾਡੀਆਂ ਤੋਪਾਂ ਨੇ ਹਾਜ਼ੀ ਪੀਰ ਵੱਲ ਪੈਂਦੀਆਂ ਪਾਕਿਸਤਾਨੀ ਪੋਸਟਾਂ ਉੱਤੇ ਗੋਲੇ ਵਰ੍ਹਾਉਣੇ ਸ਼ੁਰੂ ਕੀਤੇ ਤਾਂ ਦੁਸ਼ਮਣ ਨੇ ਆਪਣੀਆਂ ਤੋਪਾਂ ਦਾ ਰੁਖ਼ ਸਾਡੇ ਵੱਲ ਕੀਤਾ। ਮੇਰੇ ਤੋਂ ਕਰੀਬ ਤਿੰਨ ਮੀਟਰ ਵਿੱਥ ਉੱਤੇ ਪਾਕਿਸਤਾਨੀ ਤੋਪ ਦਾ ਗੋਲਾ ਡਿੱਗਾ ਤਾਂ ਉਹ ਬਲਾਈਂਡ ਹੋ ਗਿਆ। ਸ਼ਾਇਦ ਕੁਦਰਤ ਨੇ ਮੇਰੇ ਤੋਂ ਇਹ ਲੇਖ ਲਿਖਾਉਣਾ ਸੀ, ਇਸ ਲਈ ਉਹ ਗੋਲਾ ਫਟਿਆ ਨਹੀਂ ਕਿਉਂਕਿ ਉਹ ਸੰਨ 1942 ਦਾ ਬਣਿਆ ਹੋਇਆ ਸੀ। ਕਾਰਗਿਲ ਜੰਗ ਸਮੇਂ ਵੀ ਤੋਪਖਾਨੇ ਅਤੇ ਗੋਲਾ ਬਾਰੂਦ ਦੀ ਘਾਟ ਮਹਿਸੂਸ ਹੁੰਦੀ ਰਹੀ, ਪਰ ਸਾਡੇ ਬਹਾਦਰ ਅਧਿਕਾਰੀਆਂ, ਜਵਾਨਾਂ ਨੇ ਅਨੇਕਾਂ ਔਕੜਾਂ ਦੇ ਬਾਵਜੂਦ ਹਮੇਸ਼ਾ ਵਾਂਗ ਪਾਕਿਸਤਾਨ ਤੋਂ ਇਹ ਜੰਗ ਜਿੱਤੀ। ਚਿੰਤਾਜਨਕ ਵਿਸ਼ਾ ਇਹ ਹੈ ਕਿ 21 ਜੁਲਾਈ ਨੂੰ ਲੋਕ ਸਭਾ ਵਿੱਚ ਅਫਸਰਾਂ ਤੇ ਜਵਾਨਾਂ ਦੀ ਘਾਟ ਨੂੰ ਲੈ ਕੇ ਜੋ ਵੇਰਵੇ ਸਦਨ ਵਿੱਚ ਰੱਖੇ ਗਏ ਉਨ੍ਹਾਂ ਅਨੁਸਾਰ ਮਨਜ਼ੂਰ 14 ਲੱਖ ਤੋਂ ਵੱਧ ਸ਼ਕਤੀਸ਼ਾਲੀ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ 9797 ਅਫਸਰਾਂ ਅਤੇ 1.26 ਲੱਖ ਸਿਪਾਹੀਆਂ ਦੀ ਘਾਟ ਹੈ, ਜੋ ਫੌਜ ਦੀ ਜੰਗੀ ਸਮਰੱਥਾ ਨੂੰ ਪ੍ਰਭਾਵਤ ਕਰਦੀ ਹੈ।

ਅਗਨੀਪੱਥ ਯੋਜਨਾ ਲਾਗੂ ਕਰਨ ਨਾਲ ਇਹ ਘਾਟ ਹੋਰ ਵਧੇਗੀ। ਲੋੜ ਇਸ ਗੱਲ ਦੀ ਹੈ ਕਿ ਰੱਖਿਆ ਮਾਮਲਿਆਂ ਨਾਲ ਸੰਬੰਧਤ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਨੂੰ ਅਗਨੀਪੱਥ ਯੋਜਨਾ ਦੀ ਸਮੀਖਿਆ ਦੀ ਪ੍ਰਵਾਨਗੀ ਦਿੱਤੀ ਜਾਵੇ। ਕੁਝ ਸਮੇਂ ਤੋਂ ਛਾਉਣੀਆਂ ਵਿੱਚੋਂ ਸਿਵਲੀਅਨਾਂ ਦੀ ਆਵਾਜਾਈ ਨੂੰ ਖੁੱਲ੍ਹਾ ਕਰਨ ਉੱਤੇ ਕੰਟੋਨਮੈਂਟ ਬੋਰਡਾਂ ਨੂੰ ਕਾਰਪੋਰੇਸ਼ਨਾਂ ਦੇ ਹਵਾਲੇ ਕਰਨ ਵਾਲੇ ਫੈਸਲੇ ਕਾਰਨ ਜਿੱਥੇ ਛਾਉਣੀਆਂ ਅੰਦਰ ਵਿਕਾਸ ਦੀ ਘਾਟ ਮਹਿਸੂਸ ਹੋ ਰਹੀ ਹੈ ਉਥੇ ਹੀ ਦੇਸ਼ ਦੀ ਸੁਰੱਖਿਆ ਪ੍ਰਭਾਵਤ ਹੋਵੇਗੀ। ਪਾਕਿ ਵੱਲੋਂ ਵਿੱਢੀ ਗਈ ਲੁਕਵੀਂ ਜੰਗਜਾਰੀ ਹੈ। ਪੰਦਰਾਂ ਅਗਸਤ 1947 ਤੋਂ ਲੈ ਕੇ 28 ਫਰਵਰੀ 1999 ਤੱਕ ਫੌਜਾਂ ਵੱਲੋਂ ਲੜੀਆਂ ਗਈਆਂ ਜੰਗਾਂ ਵਿੱਚ 18,043 ਜਵਾਨ ਤੇ ਅਫਸਰ ਸ਼ਹੀਦ ਹੋਏ ਤੇ 32,498 ਜ਼ਖਮੀ ਹੋਏ। ਕਾਰਗਿਲ ਜੰਗ ਵਿੱਚ 527 ਫੌਜੀ ਸ਼ਹੀਦ ਹੋਏ ਤੇ 1363 ਜ਼ਖਮੀ। ਕੀ ਕਦੇ ਰਾਜਸੀ ਨੇਤਾਵਾਂ ਤੇ ਹੰਕਾਰੀ ਅਫਸਰਸ਼ਾਹ ਨੇ ਦੇਸ਼ ਖਾਤਰ ਸ਼ਹਾਦਤ ਦਿੱਤੀ ਹੈ? ਜਿਸ ਤਰੀਕੇ ਨਾਲ ਜੰਤਰ-ਮੰਤਰ ਵਿਖੇ ਜੰਗਜੂਆਂ ਤੇ ਵੀਰ ਨਾਰੀਆਂ ਉਪਰ ਅਤਿਆਚਾਰ ਕੀਤੇ ਗਏ, ਉਹ ਦੇਸ਼ ਉੱਤੇ ਕਲੰਕ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਫੌਜ ਦਾ ਦਰਜਾ, ਆਨ ਬਾਨ ਤੇ ਸ਼ਾਨ ਬਹਾਲ ਹੋਵੇ।

# ਸੰਧਾਰਾ ਤੇ ਤਾਇਆ

-ਪਰਮਜੀਤ ਕੌਰ ਸਰਹਿੰਦ

ਜਦੋਂ ਵੀ ਸਾਉਣ ਦਾ ਮਹੀਨਾ ਆਉਂਦਾ ਹੈ ਤੇ ਤੀਆਂ ਜਾਂ ਤੀਆਂ ਦੇ ਸੰਧਾਰੇ ਦਾ ਜ਼ਿਕਰ ਕਿਤੇ ਵੀ ਪੜ੍ਹਨ-ਸੁਣਨ ਜਾਂ ਦੇਖਣ ਨੂੰ ਮਿਲੇ ਤਾਂ ਬੀਤੇ ਦੀਆਂ ਯਾਦਾਂ ਸਾਉਣ ਦੀਆਂ ਘਟਾਵਾਂ ਵਾਂਗ ਮਨ ਉੱਤੇ ਛਾ ਜਾਂਦੀਆਂ ਹਨ। ਨਵੀਆਂ ਵਿਆਹੀਆਂ ਕੁੜੀਆਂ ਤੀਆਂ ਦੇ ਦਿਨੀਂ ਪੇਕੇ ਆ ਜਾਂਦੀਆਂ। ਭਰਾ-ਭਤੀਜੇ ਉਨ੍ਹਾਂ ਨੂੰ ਮਾਣ-ਆਦਰ ਨਾਲ ਲੈਣ ਆਉਂਦੇ। ਮਜ਼ਬੂਰੀ ਵੱਸ ਜੇ ਕੋਈ ਕਿਸੇ ਕੁੜੀ ਨੂੰ ਪੇਕਿਆਂ ਤੋਂ ਲੈਣ ਨਾ ਆਉਂਦਾ ਤਾਂ ਸੱਸ ਮਿਹਣਾ ਮਾਰਨ ਦਾ ਮੌਕਾ ਨਾ ਖੁੰਝਾਉਂਦੀ। ਲੋਕ-ਕਾਵਿ ਗਵਾਹ ਹੈ ਕਿ ਉਹ ਕਹਿੰਦੀ-

ਤੈਨੂੰ ਤੀਆਂ ਨੂੰ ਲੈਣ ਨਾ ਆਏ
ਬਹੁਤਿਆਂ ਭਰਾਵਾਂ ਵਾਲੀਏ..

ਕੋਈ ਸਬਰ ਸਬੂਰੀ ਵਾਲੀ ਨੂੰਹ ਸਬਰ ਦਾ ਘੁੱਟ ਭਰ ਕੇ ਪਾਸੇ ਹੋ ਕੇ ਭਰੀਆਂ ਅੱਖਾਂ ਪੂੰਝ ਲੈਂਦੀ ਤੇ ਕੋਈ ਆਢਾ ਵਿੱਢਣ ਵਾਲੀ ਅੱਗੋਂ ਜਵਾਬ ਦਿੰਦੀ-

ਸੱਸੀਏ ਵੜੇਵੇਂ ਅੱਖੀਏ
ਤੈਥੋਂ ਡਰਦੇ ਲੈਣ ਨਹੀਂ ਆਏ

ਤੀਆਂ ਦਾ ਤਿਓਹਾਰ ਸਾਉਣ ਦੇ ਚਾਨਣ ਪੱਖ ਦੀ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਨੂੰ ਸੰਪੂਰਨ ਹੋ ਜਾਂਦਾ ਹੈ। ਇਸ ਰੰਗਲੇ ਮਹੀਨੇ ਕੁੜੀਆਂ ਪੇਕੇ ਆਉਂਦੀਆਂ ਤੇ ਮਹੀਨੇ-ਵੀਹ ਦਿਨ ਪਿੱਛੋਂ ਸਹੁਰੇ ਘਰ ਚਲੀਆਂ ਜਾਂਦੀਆਂ। ਇਸੇ ਲਈ ਉਹ ਤੀਆਂ ਦੇ ਗਿੱਧੇ ਵਿੱਚ ਬੋਲੀ ਪਾਉਂਦੀਆਂ-

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ

ਸਾਉਣ ਮਹੀਨਾ ਸ਼ੁਰੂ ਹੋਣ ਸਾਰ ਨੂੰਹਾਂ-ਧੀਆਂ ਨੂੰ ਸੰਧਾਰੇ ਭੇਜਣੇ ਜਾਂ ਆਉਣੇ ਸ਼ੁਰੂ ਹੋ ਜਾਂਦੇ। ਨਵੀਂ ਵਿਆਹੀ ਕੁੜੀ ਦਾ ਪਹਿਲਾ ਸੰਧਾਰਾ ਸਹੁਰਿਆਂ ਤੋਂ ਆਉਂਦਾ। ਉਸ ਵਿੱਚ ਨੂੰਹ ਲਈ ਦੋ ਸੂਟ, ਵਿਤ ਮੁਤਾਬਕ ਕੋਈ ਛੋਟਾ-ਵੱਡਾ ਗਹਿਣਾ, ਰੰਗਲੀ ਪੀਂਘ, ਫੱਟੀ, ਚੂੜੀਆਂ, ਮਹਿੰਦੀ ਅਤੇ ਥੋੜ੍ਹਾ ਬਹੁਤਾ ਹਾਰ-ਸ਼ਿੰਗਾਰ ਦਾ ਸਾਮਾਨ ਵੀ ਹੁੰਦਾ। ਸੰਧਾਰੇ ਵਾਲੀ ਦੇ ਛੋਟੇ ਭੈਣ-ਭਰਾਵਾਂ ਜਾਂ ਭਤੀਜੇ-ਭਤੀਜੀਆਂ ਲਈ ਕੱਪੜੇ-ਲੀੜੇ ਹੁੰਦੇ। ਕੁਝ ਵਾਧੂ ਚੂੜੀਆਂ ਵੀ ਹੁੰਦੀਆਂ, ਜੋ ਸਾਥਣਾਂ-ਸਹੇਲੀਆਂ ਨੂੰ ਦਿੱਤੀਆਂ ਜਾਂਦੀਆਂ। ਇਨ੍ਹਾਂ ਚੂੜੀਆਂ ਦਾ ਕੁੜੀਆਂ ਨੂੰ ਬੜਾ ਚਾਅ ਹੁੰਦਾ। ਪਰਵਾਰ ਤੋਂ ਬਿਨਾਂ ਗਲੀ-ਗੁਆਂਢ ਨੂੰ ਸੰਧਾਰੇ ਦੀ ਉਡੀਕ ਹੁੰਦੀ। ਪਹਿਲੇ ਸੰਧਾਰੇ ਵਿੱਚ ਲੱਡੂਆਂ ਦਾ ਭਰਿਆ ਪੀਪਾ ਹੁੰਦਾ, ਜਿਸ ਵਿੱਚ ਇੱਕੀ ਸੇਰ ਕੱਚੇ ਭਾਵ ਗਿਆਰਾਂ ਕਿਲੋ ਦੇ ਕਰੀਬ ਲੱਡੂ ਹੁੰਦੇ। ਪਹੁੰਚ ਅਨੁਸਾਰ ਪੰਜ-ਸੱਤ ਜਾਂ ਵੱਧ ਘਿਓਰ ਹੁੰਦੇ। ਸੰਧਾਰੇ ਵਾਲੇ ਲੱਡੂ ਸ਼ਰੀਕੇ-ਭਾਈਚਾਰੇ ਵਿੱਚ ਵੰਡੇ ਜਾਂਦੇ। ਘਿਓਰ ਬਹੁਤੇ ਨਜ਼ਦੀਕੀਆਂ ਨੂੰ ਦਿੱਤੇ ਜਾਂਦੇ। ਜੋ ਕੁੜੀ ਦਾ ਪਤੀ ਸੰਧਾਰਾ ਲੈ ਕੇ ਆਉਂਦਾ ਤਾਂ ਉਸ ਨਾਲ ਕੋਈ ਸਾਂਝੀ-ਸੀਰੀ ਜਾਂ ਛੋਟਾ ਭੈਣ-ਭਰਾ ਜ਼ਰੂਰ ਆਉਂਦਾ। ਕਿਸੇ ਕੁੜੀ ਦਾ ਸੱਸ-ਸਹੁਰਾਂ ਜਾਂ ਦਿਓਰ, ਨਣਦ ਵੀ ਇਸ ਮੌਕੇ ਆ ਜਾਂਦਾ। ਆਏ ਰਿਸ਼ਤੇਦਾਰਾਂ ਨੂੰ ਅਤੇ ਪਿੱਛੇ ਪਰਵਾਰ ਦੇ ਸਾਰੇ ਵੱਡੇ-ਛੋਟੇ ਜੀਆਂ ਨੂੰ ਕੁੜੀ ਵਾਲੇ ਕੱਪੜੇ ਭੇਜਦੇ। ਸੁਹਰਿਆਂ ਵੱਲੋਂ ਸਿਰਫ਼ ਤੀਆਂ ਤੇ ਕਰੂਏ (ਕਰਵਾ ਚੌਥ) ਦਾ ਪਹਿਲਾਂ ਸੰਧਾਰਾ ਹੀ ਨੂੰਹ ਨੂੰ ਦਿੱਤਾ ਜਾਂਦਾ। ਮੁੜ ਜਿੰਨੀ ਦੇਰ ਪੇਕਿਆਂ ਤੋਂ ਸਰਦਾ-ਬਣਦਾ, ਉਹ ਹੀ ਧੀਆਂ ਨੂੰ ਸੰਧਾਰੇ ਦਿੰਦੇ। ਮਾਪਿਆਂ ਦੇ ਹੁੰਦੇ ਇਹ ਨਿਭੀ ਜਾਂਦਾ, ਮੁੜ ਗੱਲ ਕਦੇ-ਕਦਾਈਂ ਉੱਤੇ ਆ ਜਾਂਦੀ, ਪਰ ਕਿਸੇ ਕਰਮਾਂ ਵਾਲੀ ਦੇ ਭਾਈ-ਭਤੀਜੇ ਤਾਂ ਉਮਰ ਨਿਭਣ ਵਾਲੇ ਵੀ ਹੁੰਦੇ।

ਮੇਰੇ ਤਾਏ ਦੀਆਂ ਧੀਆਂ ਵੀ ਕਰਮਾਂ ਵਾਲੀਆਂ ਸਨ। ਉਨ੍ਹਾਂ ਨੂੰ ਵਡੇਰੀ ਉਮਰ ਵਿੱਚ ਵੀ ਸੰਧਾਰਾ ਪੁੱਜਦਾ ਰਿਹਾ। ਤੀਆਂ ਦੇ ਦਿਨ ਦੀ ਉਹ ਘਟਨਾ ਮੈਨੂੰ ਕਦੇ ਨਹੀਂ ਭੁੱਲਦੀ। ਸ਼ਰੀਕੇ ਵਿੱਚੋਂ ਲੱਗਦੇ ਮੇਰੇ ਤਾਇਆ ਜੀ ਮੇਰੇ ਪਿਤਾ ਜੀ ਤੋਂ ਕਾਫ਼ੀ ਵੱਡੇ ਸਨ। ਬਰਤਾਨਵੀ ਹਕੂਮਤ ਸਮੇਂ ਕਿਸੇ ਜੰਗ ਵਿੱਚ ਉਨ੍ਹਾਂ ਦੇ ਜਬਾੜ੍ਹੇ ਵਿੱਚ ਗੋਲੀ ਲੱਗੀ ਤੇ ਸਾਰੇ ਦੰਦ-ਜਾੜ੍ਹ ਨਿਕਲ ਗਏ। ਉਨ੍ਹਾਂ ਨੂੰ ਪੈਨਸ਼ਨ ਦੇ ਕੇ ਘਰ ਭੇਜ ਦਿੱਤਾ ਗਿਆ। ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ। ਪੇਂਡੂ ਲੋਕ ਜ਼ਖ਼ਮੀ ਨੂੰ ਫੱਟੜ ਕਹਿੰਦੇ ਹਨ। ਸਾਡਾ ਤਾਇਆ ਅਰਜਨ ਸਿੰਘ ਤੋਂ 'ਫੱਟੜ' ਨਾਂ ਨਾਲ ਮਸ਼ਹੂਰ ਹੋ ਗਿਆ।ਤਾਏ ਫੱਟੜ ਦਾ ਵਿਆਹ ਨਹੀਂ ਸੀ ਹੋਇਆ। ਉਸ ਦੇ ਵੱਡੇ ਭਰਾ ਦੀ ਮੌਤ ਹੋ ਚੁੱਕੀ ਸੀ। ਤਾਇਆ ਉਨ੍ਹਾਂ ਨਾਲ ਸਾਂਝੇ ਪਰਵਾਰ ਵਿੱਚ ਰਹਿੰਦਾ ਸੀ। ਉਸ ਦੇ ਭਤੀਜੇ-ਭਤੀਜੀਆਂ ਵਿਆਹੇ ਸਨ। ਉਹ ਠੀਕ ਹੋ ਕੇ ਭਤੀਜਿਆਂ ਨਾਲ ਸਾਰੀ ਉਮਰ ਖੇਤੀ



ਕਰਾਉਂਦਾ ਰਿਹਾ। ਪਰਵਾਰ ਉਸ ਦੀ ਬਹੁਤ ਇੱਜ਼ਤ ਕਰਦਾ। ਤੀਆਂ ਦੇ ਸੰਧਾਰਿਆਂ ਦੀ ਰੁੱਤ ਸੀ। ਨਾਲ ਦੇ ਪਿੰਡ ਚੁੰਨੀ ਤੋਂ ਦੇਸੀ ਬਿਸਕੁਟ ਬਣਵਾ ਕੇ ਪੀਪੇ ਵਿੱਚ ਪਾ ਲਏ ਤੇ ਤਾਇਆ ਜੀ ਆਪਣੀਆਂ ਭਤੀਜਿਆਂ ਦਾ ਸੰਧਾਰਾ ਲੈ ਕੇ ਜਾਣ ਨੂੰ ਤਿਆਰ ਹੋ ਗਏ।

ਭਤੀਜੀ ਦੇ ਸਹੁਰੇ ਘਰ ਜਾਣ ਲਈ ਤਾਏ ਫੱਟੜ ਨੇ ਚੌਲਾਂ ਦੀ ਪਿੱਛ ਦਾ ਮਾਵਾ ਲੱਗੀ ਸਲੇਟੀ ਰੰਗ ਦੀ ਪੱਗ ਬੰਨ੍ਹੀ, ਕੁੜਤਾ ਪਾਇਆ ਤੇ ਕਿੱਲੀ ਉਤੇ ਟੰਗਿਆ ਪਜਾਮਾ ਮੋਢੇ ਉੱਤੇ ਰੱਖ ਪੈਰੀ ਧੌੜੀ ਦੀ ਜੁੱਤੀ ਪਾ ਲਈ। ਹੱਥ ਵਿੱਚ ਬਿਸਕੁਟਾਂ ਦਾ ਪੀਪਾ ਫੜਿਆ ਅਤੇ ਸਾਡੇ ਪਿੰਡੋਂ ਦਸ-ਪੰਦਰਾਂ ਮੀਲ ਪਿੰਡ ਖੇੜੇ ਨੂੰ ਤੁਰ ਪਏ। ਉਹ ਘਰ-ਘਰ ਕਾਰਾਂ ਜਾਂ ਹੋਰ ਵਾਹਨਾਂ ਵਾਲਾ ਸਮਾਂ ਨਹੀਂ ਸੀ। ਆਮਤੌਰ ਉੱਤੇ ਲੋਕ ਪੈਦਲ ਹੀ ਆਉਂਦਾ-ਜਾਂਦੇ ਸਨ।ਰਾਹਗੀਰ, ਧੂੜ-ਮਿੱਟੀ ਨਾਲ ਭਰੀਆਂ ਤੇ ਕੱਚੀਆਂ ਚਿੱਕੜ ਨਾਲ ਭਰੀਆਂ ਪਹੀਆਂ-ਗੋਹਰਾਂ ਤੋਂ ਲੰਘਣ ਕਾਰਨ ਪਜਾਮਾ ਮੈਲਾ ਹੋਣ ਦੇ ਡਰੋਂ ਉਹਨੂੰ ਮੋਢੇ ਉਤੇ ਰੱਖ ਲੈਂਦੇ। ਪ੍ਰਾਹੁਣਚਾਰੀ ਵਾਲੇ ਪਿੰਡ ਦੇ ਬੰਨੇ (ਹੱਦ) ਕੋਲ ਪੁੱਜ ਕੇ ਪਜਾਮਾ ਪਾ ਲੈਂਦੇ। ਤਾਇਆ ਜੀ ਜਦੋਂ ਖੇੜੇ ਦੇ ਬੰਨੇ ਉੱਤੇ ਪੁੱਜੇ ਤਾਂ ਬਿਸਕੁਟਾਂ ਵਾਲਾ ਪੀਪਾ ਥੱਲੇ ਰੱਖਿਆ ਤੇ ਮੋਢੇ ਉਤੇ ਪਜਾਮਾ ਲਾਹ ਕੇ ਪਾਉਣ ਲੱਗੇ। ਉਨ੍ਹਾਂ ਦੇ ਹੋਸ਼ ਉਡ ਗਏ ਜਦੋਂ ਦੇਖਿਆ ਕਿ ਉਹ ਪਜਾਮਾ ਨਹੀਂ, ਘਰ ਦੀ ਕਿਸੇ ਸੁਆਣੀ ਦੀ ਚਿੱਟੇ ਲੱਠੇ ਦੀ ਸਲਵਾਰ ਸੀ ਜਿਸ ਵਿੱਚ ਘਰੇ ਬੁਣਿਆ ਹਰੜਾਂ ਵਾਲਾ ਚਿੱਟਾ ਨਾਲਾ ਪਾਇਆ ਪਿਆ ਸੀ। ਤਾਇਆ ਜੀ ਕਦੇ ਆਪਣੀਆਂ ਲੱਤਾਂ ਵੱਲ ਦੇਖਣ, ਕਦੇ ਹੱਥ ਵਿੱਚ ਫੜੀ ਸਲਵਾਰ ਵੱਲ। ਉਨ੍ਹਾਂ ਦੇ ਪਜਾਮੇ ਵਿੱਚ ਵੀ ਅਜਿਹਾ ਨਾਲਾ ਹੁੰਦਾ ਸੀ। ਐਨੀ ਵਾਟ ਤੁਰ ਕੇ ਨਾ ਪਿੱਛੇ ਮੁੜਨ ਜੋਗੇ ਸਨ ਤੇ ਨਾ ਬਿਨਾਂ ਪਜਾਮੇ ਤੋਂ ਅੱਗੇ ਪੈਰ ਪੁੱਟ ਹੋਵੇ। ਪ੍ਰੇਸ਼ਾਨ ਹੋਏ ਘਰ ਦੀਆਂ ਸੁਆਣੀਆਂ ਨੂੰ ਗਾਲਾਂ ਦਿੰਦੇ ਰਹੇ। ਅਖ਼ੀਰ ਕੁੜਮਾਂ ਦੇ ਜ਼ਰਾ ਹਟਵੇਂ ਡੰਗਰਾਂ ਵਾਲੇ ਵਾੜੇ ਵਿੱਚ ਜਾ ਪੁੱਜੇ। ਕਾਫ਼ੀ ਦੇਰ ਬਾਅਦ ਉਨ੍ਹਾਂ ਦਾ ਸੀਰੀ ਆਇਆ। ਤਾਇਆ ਜੀ ਨੇ ਉਸ ਨੂੰ ਕਿਹਾ,'ਭਾਈ! ਇਹ ਬਿਸਕੁਟਾਂ ਦਾ ਪੀਪਾ ਸਾਂਭਦਿਆਂ ਮੋਢੇ ਤੋਂ ਕਿਤੇ ਮੇਰਾ ਪਜਾਮਾ ਰਾਹ ਵਿੱਚ ਡਿੱਗ ਪਿਆ, ਹਰਨਾਮ ਕੁਰ ਨੂੰ ਕਹਿ ਕੇ ਹੌਲੀ ਜਿਹੇ ਉਹਦੇ ਸਹੁਰੇ ਦਾ ਪਜਾਮਾ ਫੜ ਕੇ ਲਿਆ ਘਰੋਂ, ਮੈਂ ਕੁੜੀ ਦੇ ਘਰ ਵੜਨ ਜੋਗਾ ਹੋਵਾਂ।' ਸੀਰੀ ਨੇ ਮੇਰੀ ਭੈਣ ਤੋਂ ਪਜਾਮਾ ਲਿਆ ਕੇ ਦਿੱਤਾ ਤੇ ਤਾਇਆ ਜੀ ਅੰਦਰਲੇ ਘਰ ਗਏ। ਜਦੋਂ ਉਸ ਨੂੰ ਇਹ ਗੱਲ ਦੱਸੀ ਤਾਂ ਉਹ ਹੱਸਦੀ ਰਹੀ ਤੇ ਤਾਇਆ ਫੱਟੜ ਤਾਈ ਤੇ ਨੂੰਹਾਂ ਨੂੰ ਬੁਰਾ ਭਲਾ ਬੋਲਦਿਆਂ ਖਿਝਦਾ ਖਪਦਾ ਰਿਹਾ। ਦੂਜੇ ਦਿਨ ਕੁੜਮ ਦਾ ਪਜਾਮਾ ਪਾ ਕੇ ਬੰਨੇ ਤੱਕ ਆਏ ਤਾਂ ਨਾਲ ਆਏ ਸੀਰੀ ਨੂੰ ਪਜਾਮਾ ਲਾਹ ਕੇ ਵਾਪਸ ਕੀਤਾ।

ਗੁੱਸੇ ਤੇ ਸ਼ਰਮਿੰਦਗੀ ਨਾਲ ਭਰੇ ਤਾਇਆ ਜੀ ਵਾਪਸ ਘਰ ਆਏ ਤਾਂ ਬਿਸਕੁਟਾਂ ਵਾਲਾ ਖ਼ਾਲੀ ਪੀਪਾ ਵਗਾਹ ਕੇ ਵਿਹੜੇ ਵਿੱਚ ਮਾਰਿਆ। ਭੈਣ ਵੱਲੋਂ ਖ਼ਾਲੀ ਤੋਂ ਪੀਪੇ ਵਿੱਚ ਪਾਏ ਗੁੜ ਦੀਆਂ ਦੋ ਕੁ ਭੇਲੀਆਂ ਗਲੀ ਵਿੱਚ ਰੁੜ੍ਹੀਆਂ ਫਿਰਨ। ਤਾਈ ਤੇ ਭਾਬੀ ਹੋਰਾਂ ਨੂੰ ਗਾਲ੍ਹਾਂ ਕੱਢਦਿਆਂ ਆਖੀ ਜਾਣ: ''ਮੇਰੇ ਪਜਾਮੇ ਨੂੰ ਅੱਗ ਲੱਗ ਗੀ ਜਾਂ ਥੋਡੇ ਡੇਲੇ ਫੁੱਟੇ ਹੋਏ ਨੇ?'' ਕਿਸੇ ਨੂੰ ਕੁਝ ਪਤਾ ਨਾ ਲੱਗੇ ਕਿ ਉਹ ਕਿਉਂ ਐਨੇ ਗੁੱਸੇ ਵਿੱਚ ਨੇ। ਤਾਏ ਫੱਟੜ ਨੇ ਚਿੱਟੇ ਲੱਠੇ ਦੀ ਸਲਵਾਰ ਉਨ੍ਹਾਂ ਅੱਗੇ ਸੁੱਟੀ ਤਾਂ ਉਨ੍ਹਾਂ ਨੂੰ ਝੱਟ ਸਾਰੀ ਗੱਲ ਸਮਝ ਆ ਗਈ। ਉਨ੍ਹਾਂ ਦੀ ਪੱਗ ਤੇ ਕਮੀਜ਼ ਤਾਂ ਉਨ੍ਹਾਂ ਦੀ ਨੂੰਹ ਨੇ ਉਨ੍ਹਾਂ ਨੂੰ ਫੜਾਈ ਸੀ, ਪਰ ਪਜਾਮੇ ਦੀ ਥਾਂ ਸਲਵਾਰ ਉਨ੍ਹਾਂ ਆਪ ਭੁਲੇਖੇ ਨਾਲ ਚੁੱਕ ਕੇ ਮੋਢੇ ਉਤੇ ਰੱਖ ਲਈ ਸੀ। ਤਾਇਆ ਜੀ ਦੇ ਸਾਹਮਣੇ ਤਾਂ ਕੋਈ ਕੁਸਕੇ ਨਾ, ਪਰ ਅੰਦਰ ਵੜ-ਵੜ ਸਾਰੇ ਹੱਸ-ਹੱਸ ਦੂਹਰੇ ਹੋਈ ਜਾਣ। ਇਸ ਘਟਨਾ ਸਮੇਂ ਮੈਂ ਬਹੁਤ ਛੋਟੀ ਸਾਂ। ਕਈ ਵਾਰ ਮੈਂ ਉਨ੍ਹਾਂ ਨੂੰ ਛੇੜਨਾ ਤੇ ਕਹਿਣਾ,''ਤਾਇਆ ਜੀ! ਅੱਜਕੱਲ੍ਹ ਨਹੀਂ ਪਜਾਮੇ ਨੂੰ ਅੱਗ ਲੱਗੀ ਕਦੇ?'' ਉਨ੍ਹਾਂ ਆਲੇ ਵਰਗਾ ਮੂੰਹ ਖੋਲ ਕੇ ਹੱਸਦਿਆਂ ਕਹਿਣਾ, ''ਨਾ ਪੁੱਤ ਮੈਂ ਝੱਗਾ (ਕਮੀਜ) ਬਾਅਦ ਵਿੱਚ, ਪਹਿਲਾਂ ਪਜਾਮਾ ਪਾਉਣਾ।''

ਤਾਏ ਫੱਟੜ ਅਤੇ ਖੇੜੇ ਵਾਲੀ ਮੇਰੀ ਭੈਣ ਨੂੰ ਸੰਸਾਰ ਤੋਂ ਵਿਦਾਅ ਹੋਇਆ ਲੰਮਾ ਅਰਸਾ ਬੀਤ ਗਿਆ ਹੈ। ਮੈਨੂੰ ਸਾਉਣ ਦੇ ਮਹੀਨੇ ਜਿੱਥੇ ਤਾਇਆ ਜੀ ਯਾਦ ਆਉਂਦੇ ਹਨ, ਉਥੇ ਗੁੜ੍ਹੀਆਂ ਸਾਂਝਾਂ ਯਾਦ ਆਉਂਦੀਆਂ ਹਨ। ਬੀਤੇ ਸਮੇਂ ਲੋਕ ਪੈਦਲ ਤੁਰ ਕੇ ਇੱਕ-ਦੂਜੇ ਨੂੰ ਮਿਲਣ ਜਾਂਦੇ ਸਨ। ਅੱਜ ਘਰ-ਘਰ ਕਾਰਾਂ ਤੇ ਹੋਰ ਸਹੂਲਤਾਂ ਦੇ ਹੁੰਦਿਆਂ ਵੀ ਛੇਤੀ ਕਿਸੇ ਨੂੰ ਮਿਲ ਕੇ ਰਾਜ਼ੀ ਨਹੀਂ। ਕਾਹਲੀ ਤੇ ਸਵਾਰਥ ਦੇ ਯੁੱਗ ਵਿੱਚ ਇਹ ਗੱਲਾਂ ਅਲੋਕਾਰੀ ਲੱਗਦੀਆਂ ਹਨ। ਪੀਪੇ ਵਿਚਲੇ ਦੇਸੀ ਬਿਸਕੁਟਾਂ ਦੀ ਥਾਂ ਮਿਲਾਵਟੀ ਮਠਿਆਈਆਂ ਦੇ ਝਿਲਮਿਲ ਕਰਦੇ ਪੈਕਿੰਗ ਦੇ ਡੱਬਿਆਂ ਨੇ ਲੈ ਲਈ ਹੈ। ਮੋਹ-ਮੁਹੱਬਤਾਂ ਨੂੰ ਖੋਰਾ ਲੱਗ ਗਿਆ ਹੈ। ਸਾਉਣ ਦੇ ਮਹੀਨੇ ਤੀਆਂ ਦੇ ਦਿਨੀਂ ਮੈਨੂੰ ਮੁੜ-ਮੁੜ ਯਾਦ ਆਉਂਦਾ ਹੈ ਆਪਣੇ ਤਾਇਆ ਫੱਟੜ, ਉਸ ਦਾ ਪੀਪਾ ਤੇ ਪਜਾਮਾ..!

# ਸਾਉਣ ਮਾਹ ਝੜੀਆਂ ਗਰਮੀ ਝਾੜ ਸੁੱਟੀ..

-ਗੁਰਬਿੰਦਰ ਸਿੰਘ ਮਾਣਕ

ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ, 'ਸੂਰਜ ਏਕੋ ਰੁਤਿ ਅਨੇਕ॥'' ਕੁਦਰਤ ਦੇ ਵਰਤਾਰੇ ਵਿੱਚ ਇਹ ਅਲੋਕਾਰ ਗੱਲ ਹੈ ਕਿ ਰੁੱਤਾਂ ਤੇ ਮੌਸਮ ਬਦਲਦੇ ਰਹਿੰਦੇ ਹਨ, ਪਰ ਸ਼ਕਤੀ ਦਾ ਸੋਮਾ ਸੂਰਜ ਇੱਕੋ ਰਹਿੰਦਾ ਹੈ। ਕਦੇ ਗਰਮੀ, ਕਦੇ ਸਰਦੀ, ਕਦੇ ਬਸੰਤ, ਕਦੇ ਬਰਸਾਤ ਤੇ ਕਦੇ ਪੱਤਝੜ ਦੀਆਂ ਰੁੱਤਾਂ ਨੇ ਧਰਤੀ ਦੇ ਇਸ ਖਿੱਤੇ ਉਤੇ ਨਿਵੇਕਲੇ ਰੰਗ ਬਿਖੇਰੇ ਹੋਏ ਹਨ। ਮਨੁੱਖ ਇਨ੍ਹਾਂ ਰਾਂਗਲੀਆਂ ਰੁੱਤਾਂ ਅਤੇ ਮੌਸਮ ਹਨ। ਕਿਤੇ ਅੰਤਾਂ ਦੀ ਬਰਫ਼ਬਾਰੀ ਨਾਲ ਧਰਤੀ ਕੱਜੀ ਜਾਂਦੀ ਹੈ, ਕਿਤੇ ਕਹਿਰਾਂ ਦਾ ਗਰਮੀ ਅਤੇ ਹੁੰਮਸ ਤਨ ਮਨ ਨੂੰ ਸਾੜਦਾ ਹੈ, ਕਿਤੇ ਵਰਖਾ ਦੀ ਰੁੱਤ ਤਨ ਮਨ ਨੂੰ ਸਰਸ਼ਾਰ ਕਰਦੀ ਹੈ। ਪੰਜ ਪਾਣੀਆਂ ਦੀ ਧਰਤੀ ਪੰਜਾਬ ਦੇ ਖਿੱਤੇ ਵਿੱਚ ਵਸੇ ਬਸ਼ਿੰਦਿਆਂ ਨੂੰ ਕੁਦਰਤ ਨੇ ਸਾਰੀਆਂ ਰੁੱਤਾਂ ਨਾਲ ਨਿਵਾਜਿਆ ਹੈ। ਹਰ ਰੁੱਤ ਹੀ ਨਿਵੇਕਲੇ ਰੰਗਾਂ ਵਿੱਚ ਰੰਗੀ ਹੋਈ, ਮਨੁੱਖੀ ਜੀਵਨ ਨੂੰ ਵੱਖਰੇ ਨਜ਼ਾਰੇ ਬਖ਼ਸ਼ਦੀ ਹੈ।

ਇਸ ਧਰਤੀ ਦੇ ਵਾਸੀਆਂ ਦਾ ਮੁੱਖ ਕਿੱਤਾ ਖੇਤੀ ਹੋਣ ਕਾਰਨ ਇਸ ਵਿੱਚ ਬਰਸਾਤ ਦੀ ਰੁੱਤ ਦੀ ਭਰਵੀਂ ਉਡੀਕ ਕੀਤੀ ਜਾਂਦੀ ਹੈ। ਸਾਵਣ ਦੇ ਮਹੀਨੇ ਨੂੰ ਮੁੱਖ ਤੌਰ ਉੱਤੇ ਬਰਸਾਤ ਦਾ ਮਹੀਨਾ ਮੰਨਿਆ ਜਾਂਦਾ ਹੈ। ਜੇਠ-ਹਾੜ੍ਹ ਦੀਆਂ ਤਪਦੀਆਂ ਧੁੱਪਾਂ, ਵਗਦੀਆਂ ਲੋਆਂ, ਔੜ ਕਾਰਨ ਝੁਲਸੀਆਂ ਫ਼ਸਲਾਂ ਤੇ ਹੁੰਮਸ ਭਰੀ ਗਰਮੀ ਤੋਂ ਅੱਕੇ ਹੋਏ ਲੋਕ ਕੁਦਰਤ ਅੱਗੇ ਜੋਦੜੀਆਂ ਕਰਦੇ ਹਨ ਕਿ ਮੀਂਹ ਪਾ ਕੇ ਸੜਦੀ ਧਰਤੀ ਤੇ ਧਰਤੀ ਦੇ ਜੀਵਾਂ ਨੂੰ ਨਿਹਾਲ ਕਰ ਦਿਓ। ਮਨੁੱਖ, ਪਸ਼ੂ ਪੰਛੀ ਸਾਰੇ ਗਰਮੀ ਤੋਂ ਬਚਣ ਲਈ ਭਰਵੇਂ ਰੁੱਖਾਂ ਦੀਆਂ ਛਾਵਾਂ ਹੇਠ ਤਿੱਖੜ ਦੁਪਹਿਰੇ ਕੱਟਦੇ ਹਨ। ਜਦੋਂ ਮੀਂਹ ਵਰ੍ਹਦੇ ਤਾਂ ਫ਼ਸਲਾਂ ਦੇ ਭਰਪੂਰ ਹੋਣ ਦੀ ਆਸ ਬੱਝ ਜਾਂਦੀ ਹੈ। ਇਸੇ ਕਾਰਨ ਜਦੋਂ ਸਾਉਣ ਦਾ ਮਹੀਨਾ ਚੜ੍ਹਦਾ ਹੈ ਤਾਂ ਲੋਕਾਂ ਨੂੰ ਆਸ ਬੱਝਦੀ ਹੈ ਕਿ ਬਰਸਾਤ ਆਪਣਾ ਰੰਗ ਦਿਖਾਏਗੀ ਤੇ ਤਪਦੇ ਤਨ-ਮਨ ਨੂੰ ਠੰਢਾ-ਠਾਰ ਕਰੇਗੀ।

ਗੁਰੂ ਗ੍ਰੰਥ ਸਾਹਿਬ ਵਿੱਚ ਵੀ ਬਾਰਹ ਮਾਹ ਬਾਣੀ ਵਿੱਚ ਗੁਰੂ ਸਾਹਿਬਾਨ ਨੇ ਦੇਸੀ ਮਹੀਨਿਆਂ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿੱਚ ਅਤੇ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿੱਚ ਬਾਰਹ ਮਾਹ ਦੀ ਰਚਨਾ ਕੀਤੀ ਹੈ। ਸੰਗਰਾਂਦ ਦੇ ਦਿਨ ਗੁਰੂ ਅਰਜਨ ਦੇਵ ਜੀ ਵੱਲੋਂ ਰਚੇ ਬਾਰਹ ਮਾਹ ਦਾ ਪਾਠ ਕੀਤਾ ਜਾਂਦਾ ਹੈ। ਸਾਵਣ ਮਹੀਨੇ ਸਬੰਧੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ-

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥

ਗੁਰੂ ਸਾਹਿਬ ਸਾਵਣ ਮਹੀਨੇ ਵਿੱਚ ਵਰਖਾ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਵਰਖਾ ਨਾਲ ਹਰ ਪਾਸੇ ਹਰਿਆਲੀ ਛਾ ਜਾਂਦੀ ਤੇ ਤਪਦੇ ਮਨਾਂ ਨੂੰ ਠੰਢਕ ਅਨੁਭਵ ਹੁੰਦੀ ਹੈ, ਬਿਲਕੁਲ ਇਸੇ ਤਰ੍ਹਾਂ ਹੀ ਪ੍ਰਭੂ ਦੇ ਨਾਮ ਦੀ ਆਤਮਕ ਬੂੰਦ ਦਾ ਅਨੁਭਵ ਕਰ ਕੇ ਜੀਵ ਦਾ ਮਨ ਤ੍ਰਿਪਤ ਹੋ ਜਾਂਦਾ ਹੈ। ਇਹ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ-ਇਸਤਰੀਆਂ ਦੇ ਮਨ ਵਿੱਚ ਖੇੜਾ ਲੈ ਆਉਂਦਾ ਹੈ, ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਗਲ ਵਿੱਚ ਰੱਬ ਦੇ ਨਾਂ ਦਾ ਹਾਰ ਪਾਇਆ ਹੈ। ਬਾਰਹ ਮਾਹਾ ਵਿੱਚ ਗੁਰੂ ਨਾਨਕ ਦੇਵ ਜੀ ਵੀ ਅਜਿਹੇ ਵਿਚਾਰਾਂ ਦਾ ਫ਼ੁਰਮਾਨ ਕਰਦੇ ਹਨ। ਸੁਹਾਗਣ ਔਰਤਾਂ ਦੇ ਕਈ ਤਿਓਹਾਰ ਇਸ ਮਹੀਨੇ ਆਉਂਦੇ ਹਨ। ਹਰ ਪਾਸੇ ਹਰਿਆਵਲ ਹੋਣ ਕਾਰਨ ਔਰਤਾਂ ਹਰੇ ਵਸਤਰ ਤੇ ਹਰੀਆਂ ਚੂੜੀਆਂ ਪਾਉਂਦੀਆਂ ਹਨ। ਜੇਠ-ਹਾੜ੍ਹ ਦੀ ਵਰ੍ਹਦੀ ਅੱਗ ਤੋਂ ਬਾਅਦ ਸਾਉਣ ਮਹੀਨੇ ਦੀਆਂ ਫੁਹਾਰਾਂ ਮਨਾਂ ਵਿੱਚ ਖ਼ੁਸ਼ੀਆਂ ਤੇ ਖੇੜਿਆਂ ਦਾ ਸੰਚਾਰ ਕਰਦੀਆਂ ਮਨਾਂ ਵਿੱਚ ਖ਼ੁਸ਼ੀਆਂ ਤੇ ਖੇੜਿਆਂ ਦਾ ਸੰਚਾਰ ਕਰਦੀਆਂ ਹਨ ਤੇ ਮਨ ਮਚਲ ਉਠਦਾ ਹੈ।

ਪੰਜਾਬੀ ਜਨ-ਜੀਵਨ ਵਿੱਚ ਸਾਉਣ ਦੀ ਰੁੱਤ ਦਾ ਵਿਸ਼ੇਸ਼ ਮਹੱਤਵ ਹੈ। ਖੇਤੀ ਦਾ ਸਭਿਆਚਾਰ ਹੋਣ ਕਾਰਨ ਹਰ ਕੋਈ ਬਰਸਾਤ ਦੇ ਮੌਸਮ ਦੀ ਬੇਸਬਰੀ ਨਾਲ ਉਡੀਕ ਕਰਦਾ ਹੈ। ਵਰਖਾ ਕੇਵਲ ਮਨੁੱਖੀ ਤਨ ਮਨ ਨੂੰ ਹੀ ਨਹੀਂ ਠਾਰਦੀ, ਪੂਰੀ ਕਾਇਨਾਤ ਇਸ ਆਪਾਰ ਬਖ਼ਸ਼ਿਸ਼



ਨਾਲ ਖੇੜੇ ਵਿੱਚ ਆ ਜਾਂਦੀ ਹੈ। ਉਨ੍ਹਾਂ ਸਮਿਆਂ ਵਿੱਚ ਸਿੰਚਾਈ ਦੇ ਅੱਜ ਵਰਗੇ ਸਾਧਨਾਂ ਦੀ ਅਣਹੋਂਦ ਕਾਰਨ ਸਭ ਕੁਝ ਰੱਬੀ ਮਿਹਰ ਉੱਤੇ ਨਿਰਭਰ ਸੀ। ਜੇ ਕਦੇ ਬਰਸਾਤ ਨਾ ਹੁੰਦੀ ਤਾਂ ਲੋਕ ਅਰਦਾਸਾਂ ਕਰਦੇ ''ਰੱਬਾ! ਰੱਬਾ! ਮੀਂਹ ਵਰਸਾ, ਸਾਡੀ ਕੋਠੀ ਦਾਣੇ ਪਾ।'' ਖੇਤੀ ਦਾ ਸਾਰਾ ਦਾਰੋਮਦਾਰ ਹੀ ਬਰਸਾਤ ਉੱਤੇ ਨਿਰਭਰ ਸੀ। ਕਿਸਾਨ ਖੂਹਾਂ ਨਾਲ ਫ਼ਸਲਾਂ ਸਿੰਜਦੇ, ਪਰ ਹਰ ਕੋਈ ਮੀਂਹ ਦੀ ਉਡੀਕ ਕਰਦਾ। ਲੋਕ ਗੀਤਾਂ ਵਿੱਚ ਵੀ ਅਜਿਹੇ ਭਾਵਾਂ ਦੀ ਤਰਜਮਾਨੀ ਹੋਈ ਹੈ-

ਸਾਉਣ ਮਹੀਨਾ ਭਾਗੀਂ ਭਰਿਆ
ਠੰਢੀਆਂ ਵਗਣ ਹਵਾਵਾਂ।
ਧੰਨ-ਭਾਗ ਦੁਨੀਆ ਦੇ
ਖੇਤੀਂ ਆਈਆਂ ਬਹਾਰਾਂ।

ਕੁਦਰਤ ਦੇ ਇਸ ਵਰਤਾਰੇ ਵਿੱਚ ਬਹੁਤ ਅਨਿਸ਼ਚਤਤਾ ਹੈ, ਇਹ ਪੁਰਾਣੇ ਸਮਿਆਂ ਵਿੱਚ ਵੀ ਸੀ ਤੇ ਅੱਜ ਵੀ ਹੈ। ਅੱਜਕੱਲ੍ਹ ਭਰਵੀਂ ਬਰਸਾਤ ਕਦੇ ਕਦੇ ਹੁੰਦੀ ਹੈ, ਪਰ ਮਨੁੱਖੀ ਗਲਤੀਆਂ ਕਾਰਨ ਧਰਤੀ ਹੇਠ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਕਈ ਵਾਰ ਬਹੁਤ ਸਖ਼ਤ ਸੋਕਾ ਪੈ ਜਾਂਦਾ ਹੈ ਤਾਂ ਫਸਲਾਂ ਵੀ ਝੁਲਸ ਜਾਂਦੀਆਂ ਹਨ, ਫਿਰ ਲੋਕ ਬੇਵੱਸ ਹੋ ਜਾਂਦੇ ਹਨ। ਮਾਲਵੇ ਦੀ ਇੱਕ ਲੋਕ-ਬੋਲੀ ਵਿੱਚ ਅਜਿਹਾ ਵਰਣਨ ਮਿਲਦਾ ਹੈ-

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਚੀਮਾ
ਸਾਉਣ ਮਹੀਨੇ ਮੀਂਹ ਨਾ ਪੈਂਦਾ ਸੁੱਕੀਆਂ ਵਗਣ ਜ਼ਮੀਨਾਂ
ਤੂੜੀ ਖਾ ਖਾ ਬਲਦ ਹਾਰ ਗਏ, ਗੱਭਰੂ ਗਿੱਝ ਗਏ ਫੀਮਾਂ
ਤੇਰੀ ਬੈਠਕ ਨੇ, ਪੱਟਿਆ ਕਬੂਤਰ ਚੀਨਾ।

ਸਾਉਣੀ ਦੀ ਰੁੱਤੇ ਮੱਕੀ ਨਾਲ ਖਰਬੂਜ਼ੇ, ਹਦਵਾਣੇ, ਤਰ੍ਹਾਂ ਤੇ ਘਰ ਦੀ ਵਰਤੋਂ ਲਈ ਸਬਜ਼ੀਆਂ ਬੀਜੀਆਂ ਜਾਂਦੀਆਂ। ਦੁਪਹਿਰਾਂ ਨੂੰ ਛੱਲੀਆਂ ਭੁੰਨ ਕੇ ਚੱਬਣੀਆਂ ਅਤੇ ਘਰ ਦੀ ਚਾਟੀ ਦੀ ਲੱਸੀ ਪੀ ਕੇ ਡੰਗ ਸਾਰ ਲੈਣਾ। ਉਨ੍ਹਾਂ ਸਮਿਆਂ ਵਿੱਚ ਬਹੁਤ ਹੱਦ ਤੱਕ ਘਰ ਕੱਚੇ ਹੁੰਦੇ ਸਨ। ਬਰਸਾਤਾਂ ਦੇ ਦਿਨੀਂ ਜੇ ਝੜੀ ਲੱਗ ਜਾਣੀ ਤਾਂ ਕੋਠੇ ਚੋਣ ਲੱਗ ਜਾਣੇ। ਕਈ ਵਾਰ ਵਰ੍ਹਦੇ ਮੀਂਹ ਵਿੱਚ ਘਰ ਦੀਆਂ ਸੁਆਣੀਆਂ ਨੇ ਕੋਠੇ ਉੱਤੇ ਜਾ ਕੇ ਬਨੇਰੇ ਦੇ ਨਾਲ ਹੱਥ ਫੇਰਨਾ ਤਾਂ ਕਿ ਛੱਤ ਦੀਆਂ ਤਰੇੜਾਂ ਆਦਿ ਵਿੱਚ ਮਿੱਟੀ ਭਰ ਜਾਏ ਤੇ ਛੱਤ ਨਾ ਚੋਵੇ। ਜੇ ਮੀਂਹ ਵਧੇਰੇ ਹੋਣੇ ਤਾਂ ਇਹ ਸਿਲਸਿਲਾ ਕਈ ਦਿਨ ਚੱਲਦਾ। ਜੀਵਨ ਔਕੜਾਂ ਤੇ ਦੁਸ਼ਵਾਰੀਆਂ ਨਾਲ ਭਰ ਜਾਂਦਾ। ਚੁੱਲ੍ਹਾ-ਚੌਕਾ ਤੇ ਬਾਲਣ ਵੀ ਭਿੱਜ ਜਾਣ ਕਾਰਨ ਘਰ ਦੀਆਂ ਸੁਆਣੀਆਂ ਲਈ ਰੋਟੀ-ਟੁੱਕ ਕਰਨਾ ਡਾਢਾ ਔਖਾ ਹੋ ਜਾਂਦਾ। ਪਸ਼ੂਆਂ ਦੇ ਪੱਠੇ-ਦੱਥੇ ਵਰ੍ਹਦੇ ਮੀਂਹਾਂ ਤੇ ਖੜ੍ਹੇ ਪਾਣੀ ਵਿੱਚੋਂ ਵੱਢ ਕੇ ਲਿਆਉਣੇ ਪੈਂਦੇ। ਇਸ ਦੇ ਬਾਵਜੂਦ ਲੋਕ ਮੀਂਹ ਨੂੰ ਕੁਦਰਤ ਦਾ ਵਰਦਾਨ ਮੰਨਦੇ ਤੇ ਕਾਦਰ ਅੱਗੇ ਸਿਰ ਝੁਕਾਅ ਕੇ ਸ਼ੁਕਰ ਕਰਦੇ।

ਸਾਵਣ ਮਹੀਨੇ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ। ਇਹ ਮਹੀਨੇ ਦੇ ਚਾਨਣ ਪੱਖ ਦੀ ਤੀਜ਼ ਤੋਂ ਸ਼ੁਰੂ ਹੋ ਕੇ ਪੁੰਨਿਆ ਤੱਕ ਚੱਲਦੀਆਂ ਹਨ। ਨਵੀਂਆਂ ਵਿਆਹੀਆਂ ਮੁਟਿਆਰਾਂ ਸਾਉਣ ਕੱਟਣ ਲਈ ਪੇਕਿਆਂ ਦੇ ਘਰ ਆਉਂਦੀਆਂ। ਸਹੇਲੀਆਂ ਨੂੰ ਮਿਲਣ ਦਾ ਚਾਅ ਸਾਂਭਿਆ ਨਾ ਜਾਂਦਾ। ਰੁੱਖਾਂ ਨਾਲ ਪੀਂਘਾਂ ਪੈਂਦੀਆਂ ਤੇ ਗਿੱਧੇ ਦਾ ਪਿੜ ਬੱਝਦਾ। ਹੱਥਾਂ ਉੱਤੇ ਮਹਿੰਦੀ, ਰੰਗ, ਬਿਰੰਗੀਆਂ ਚੂੜੀਆਂ ਚੜ੍ਹਾ ਕੇ ਪੂਰਾ ਹਾਰ-ਸ਼ਿੰਗਾਰ ਕਰਕੇ ਮੁਟਿਆਰਾਂ ਪੂਰੀ ਸੱਜ-ਧੱਜ ਨਾਲ ਸਖੀਆਂ-ਸਹੇਲੀਆਂ, ਨਣਦਾਂ-ਭਰਜਾਈਆਂ ਤੇ ਚਾਚੀਆਂ-ਤਾਈਆਂ ਸੰਗ ਹਾਸੇ-ਠੱਠੇ ਕਰਦੀਆਂ ਤੀਆਂ ਦੇ ਪਿੜ ਵਿੱਚ ਪਹੁੰਚਦੀਆਂ। ਬੋਲੀਆਂ ਦੇ ਛੱਰਾਟਿਆਂ ਨਾਲ ਗਿੱਧੇ ਦੀ ਧਮਾਲ ਪੈਂਦੀ। ਪੀਂਘ ਦੇ ਹੁਲਾਰਿਆਂ ਨਾਲ ਕੁੜੀਆਂ ਨ੍ਹੇਰੀ ਲਿਆ ਦਿੰਦੀਆਂ। ਲੋਕ-ਗੀਤਾਂ ਵਿੱਚ ਅਜਿਹੇ ਦ੍ਰਿਸ਼ ਦਾ ਇੰਜ ਵਰਣਨ ਕੀਤਾ ਗਿਆ ਹੈ-

ਸਾਉਣ ਮਹੀਨਾ ਦਿਨ ਤੀਆਂ ਦੇ
ਸਭੇ ਸਹੇਲੀਆਂ ਆਈਆਂ
ਨੀਂ ਸੰਤੇ ਸ਼ਾਮੋ ਹੋਈਆਂ 'ਕੱਠੀਆਂ,
ਵੱਡੇ ਘਰਾਂ ਦੀਆਂ ਜਾਈਆਂ।
ਨੀਂ 'ਕਾਲੀਆਂ ਦੀ ਫਿੰਨੋ ਦਾ ਤਾਂ
ਚਾਅ ਚੁੱਕਿਆ ਨਾ ਜਾਵੇ
ਝੂਟਾ ਦੇ ਦਿਉ ਨੀਂ, ਦੇ ਦਿਉ ਨੀਂ,
ਮੇਰਾ ਲੱਕ ਹੁਲਾਰੇ ਖਾਵੇ।

ਪੰਜਾਬੀ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਕਵਿਤਾ ਵਿੱਚ ਇਸ ਰੁੱਤ ਦੇ ਤਿਉਹਾਰ ਵਿੱਚ ਮੇਲ੍ਹਦੀਆਂ ਮੁਟਿਆਰਾਂ ਦਾ ਭਰਪੂਰ ਜ਼ਿਕਰ ਕੀਤਾ ਹੈ-

ਪੇਕੀਂ ਬੈਠੀਆਂ ਤਾਈਂ ਦਿਹਾਰ ਆਏ
ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ
ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ
ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ
ਖੀਰਾਂ ਰਿੱਝੀਆਂ, ਪੂੜਿਆਂ ਡੰਝ ਲਾਹੀ
ਕੁੜੀਆਂ ਵਹੁਟੀਆਂ ਨੇ ਪੀਂਘਾਂ ਪਾਈਆਂ ਨੇ
ਗਿੱਧੇ ਵੱਜਦੇ ਕਿਲਕਲੀ ਮੱਚਦੀ ਏ
ਘਟਾ ਕਾਲੀਆਂ ਵੇਖ ਕੇ ਛਾਈਆਂ ਨੇ।

ਘਰਾਂ ਦੇ ਫਿਕਰਾਂ ਤੇ ਦੁਸ਼ਵਾਰੀਆਂ ਨੂੰ ਭੁੱਲ-ਭੁਲਾ ਕੇ ਮੁਟਿਆਰਾਂ ਖ਼ੁਸ਼ੀ ਵਿੱਚ ਖੀਵੀਆਂ ਹੋ ਹੋ ਗਿੱਧੇ ਦੇ ਪਿੜ ਵਿੱਚ ਝੂਮਦੀਆਂ। ਇੱਕ ਦੂਜੀ ਨਾਲ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰੀ ਜਾਂਦੀਆਂ ਅਤੇ ਖ਼ੁਸ਼ੀਆਂ ਤੇ ਚਾਵਾਂ ਦੇ ਪਲਾਂ ਨੂੰ ਵੀ ਮਾਣੀ ਜਾਂਦੀਆਂ। ਲੋਕ ਗੀਤਾਂ ਦੇ ਸਿਰਜਣਹਾਰਿਆਂ ਨੇ ਕਿਸੇ ਅਜਿਹੇ ਪਲ ਨੂੰ ਹੀ ਬਿਆਨਿਆ ਜਾਪਦਾ ਹੈ-

ਸਾਉਣ ਮਹੀਨਾ ਦਿਨ ਤੀਆਂ ਦੇ
ਸਭੇ ਸਹੇਲੀਆਂ ਆਈਆਂ
ਭਿੱਜ ਗਈ ਰੂਹ ਮਿੱਤਰਾ
ਸਾਉਣ ਘਟਾ ਚੜ੍ਹ ਆਈਆਂ।

ਗਿੱਧੇ ਦੇ ਪਿੜ ਵਿੱਚ ਹਾਸਾ-ਠੱਠਾ ਵੀ ਚੱਲਦਾ। ਕਿਸੇ ਅਮਲੀ ਦੇ ਦਲਿੱਦਰ ਭਰੇ ਜੀਵਨ ਨੂੰ ਸਾਹਮਣੇ ਰੱਖ ਕੇ ਕੋਈ ਮੁਟਿਆਰ ਬੋਲੀ ਪਾਉਂਦੀ-

ਸਾਉਣ ਆ ਗਿਆ ਨੀਂ ਕੁੜੀਓ..
ਬੂੰਦਾ-ਬਾਂਦੀ ਸਾਉਣ ਆ ਗਿਆ
ਅਮਲੀ ਸਾਰਾ ਸਾਲ ਨਾ ਨਾਤ੍ਹਾ..
ਨੀਂ ਇਹ ਨਵਾਉਣ ਆ ਗਿਆ
ਬੂੰਦਾ-ਬਾਂਦੀ ਸਾਉਣ ਆ ਗਿਆ।

ਇਸ ਰੁੱਤੇ ਘਰਾਂ ਵਿੱਚ ਸੁਆਣੀਆਂ ਖੀਰਾਂ ਤੇ ਪੂੜਿਆਂ ਦੇ ਪਕਵਾਨ ਬਣਾਉਂਦੀਆਂ। ਸਾਉਣ ਦੀਆਂ ਫੁਹਾਰਾਂ ਨਾਲ ਚੱਲਦੀਆਂ ਠੰਢੀਆਂ ਹਵਾਵਾਂ ਨਾਲ ਮਨ ਖਿੜ ਉਠਦੇ। ਮੀਂਹ ਵਰ੍ਹਦੇ ਤਾਂ ਫ਼ਸਲਾਂ ਝੂਮ ਉਠਦੀਆਂ ਤੇ ਕਿਸਾਨਾਂ ਦੇ ਚਿਹਰੇ ਵੀ ਖਿੜ ਜਾਂਦੇ। ਮਿਹਨਤ ਵਰ ਆਈ ਜਾਪਦੀ ਤੇ ਭਵਿੱਖ ਲਈ ਕੋਠੀ ਦੇ ਭਰਨ ਦੀ ਆਸ ਬੱਝਦੀ। ਪੰਜਾਬੀਅ ਦੇ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਕਵਿਤਾ ਵਿੱਚ ਸਾਉਣ ਮਹੀਨੇ ਦਾ ਅਜਿਹਾ ਸਜੀਵ ਚਿੱਤਰ ਪੇਸ਼ ਕੀਤਾ ਹੈ ਕਿ ਰੂਹ ਨਸ਼ਿਆ ਜਾਂਦੀ ਹੈ-

ਸਾਉਣ ਮਾਹ, ਝੜੀਆਂ ਗਰਮੀ ਝਾੜ ਸੁੱਟੀ
ਧਰਤੀ ਪੁੰਗਰੀ, ਟਹਿਕੀਆਂ ਡਾਲੀਆਂ ਨੇ
ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ
ਨਦੀਆਂ ਨਾਲਿਆਂ ਜੂਹਾਂ ਹੰਘਾਲੀਆਂ ਨੇ
ਧਾਈਂ ਉਸਰੇ, ਨਿੱਸਰੀ ਚਰ੍ਹੀ ਮੱਕੀ
ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇ

ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ। ਅਜੋਕੇ ਮਨੁੱਖ ਦੇ ਖਾਣ-ਪੀਣ, ਪਹਿਰਾਵਾ ਤੇ ਜੀਵਨ-ਜਾਂਚ ਵਿੱਚ ਵੱਡੀ ਤਬਦੀਲੀ ਆ ਗਈ ਹੈ। ਪਹਿਲਾਂ ਵਾਂਗ ਨਾ ਤੀਆਂ ਲੱਗਦੀਆਂ ਹਨ ਤੇ ਨਾ ਮਨਾਂ ਵਿੱਚ ਨੱਚਣ ਦਾ ਚਾਅ ਰਿਹਾ ਹੈ। ਇਸ ਵਿੱਚ ਵੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਧਰਤੀ ਦੀ ਖ਼ੁਸ਼ਹਾਲੀ, ਫ਼ਸਲਾਂ ਤੇ ਹਰਿਆਲੀ ਲਈ ਬਰਸਤਾ ਦੀ ਅੱਜ ਵੀ ਪਹਿਲਾਂ ਵਾਂਗ ਹੀ ਉਡੀਕ ਹੁੰਦੀ ਹੈ।

## ਹਲਕਾ-ਫੁਲਕਾ

ਜੱਜ (ਔਰਤ ਨੂੰ), ''ਤੁਸੀਂ ਆਪਣੀ ਸਫ਼ਾਈ ਵਿੱਚ ਕੁਝ ਕਹਿਣਾ ਹੈ?''
ਔਰਤ, '' ਮੈਂ ਕੀ ਬੋਲਾਂ, ਮੇਰੇ ਘਰ ਤਾਂ ਸਫ਼ਾਈ ਕੰਮ ਵਾਲੀ ਕਰਦੀ ਹੈ ਤਾਂ ਇਸ ਬਾਰੇ ਉਹ ਹੀ ਚੰਗੀ ਤਰ੍ਹਾਂ ਦਸ ਸਕਦੀ ਹੈ।''

********

ਇੱਕ ਕੰਜੂਸ ਆਦਮੀ ਆਪਣੇ ਦਾਦਾ ਜੀ ਦੀ ਮੌਤ ਦੀ ਸੂਚਨਾ ਦਾ ਇਸ਼ਤਿਹਾਰ ਦੇਣ ਅਖ਼ਬਾਰ ਦੇ ਦਫ਼ਤਰ ਗਿਆ।
ਕਲਰਕ, ''ਮੈਟਰ ਦੱਸੋ, 50 ਰੁਪਏ ਪ੍ਰਤੀ ਸ਼ਬਦ ਲੱਗਣਗੇ।''
ਕੰਜੂਸ ਆਦਮੀ, ''ਲਿਖੋ, 'ਦਾਦਾ ਜੀ ਮਰ ਗਏ।''
ਕਲਰਕ, ''ਸਰ, ਘੱਟੋ-ਘੱਟ ਛੇ ਸ਼ਬਦ ਚਾਹੀਦੇ ਹਨ।''
ਕੰਜੂਸ ਆਦਮੀ, ''ਲਿਖੋ, 'ਦਾਦਾ ਜੀ ਮਰ ਗਏ, ਵ੍ਹੀਲਚੇਅਰ ਫ਼ਾਰ ਸੇਲ'।

********

ਪੱਪੂ (ਦੋਸਤ ਨੂੰ), ''ਯਾਰ, ਪਹਿਲਾਂ ਮੈਨੂੰ ਲੱਗਦਾ ਸੀ ਕਿ ਮੈਂ ਸਾਰਾ ਕੰਮ ਸਹੀ ਢੰਗ ਨਾਲ ਕਰਦਾ ਹਾਂ ਤੇ ਮੇਰੇ ਕੋਲੋਂ ਕਦੀ ਵੀ ਕੋਈ ਗ਼ਲਤੀ ਨਹੀਂ ਹੋ ਸਕਦੀ।''
ਦੋਸਤ, ''ਹਾਂ ਤਾਂ ਫਿਰ ਕੀ ਹੋਇਆ?''
ਪੱਪੂ, ''ਫਿਰ ਮੇਰਾ ਵਿਆਹ ਹੋ ਗਿਆ ਤੇ ਮੇਰਾ ਇਹ ਵਹਿਮ ਵੀ ਦੂਰ ਹੋ ਗਿਆ।''

********

ਮੈਡੀਕਲ ਕਾਲਜ ਦੇ ਇੱਕ ਫੇਫੜਾ ਮਾਹਰ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਦੱਸ ਰਹੇ ਸਨ, ''ਮੇਰੀ ਰਾਏ ਹੈ ਕਿ ਜੋ ਵਿਅਕਤੀ ਰੋਜ਼ ਦੋ ਘੰਟੇ ਉਚੀ ਤੋਂ ਉੱਚੀ ਆਵਾਜ਼ ਵਿੱਚ ਗਾਏਗਾ, ਉਸ ਨੂੰ ਬੁਢਾਪੇ ਵਿੱਚ ਛਾਤੀ ਦੀ ਕਿਸੇ ਤਰ੍ਹਾਂ ਦੀ ਤਕਲੀਫ ਦੀ ਸ਼ਿਕਾਇਤ ਨਹੀਂ ਹੋਵੇਗੀ।''
ਕਲਾਸ ਦੇ ਵਿਦਿਆਰਥੀ ਨੇ ਕਿਹਾ, ''ਸ਼ਾਇਦ ਉਸ ਨੂੰ ਬੁਢਾਪੇ ਦਾ ਮੂੰਹ ਵੀ ਨਹੀਂ ਦੇਖਣਾ ਪਵੇਗਾ।''

*********

ਮਾਲਕ, ''ਤੂੰ ਬਿਲਕੁਲ ਗਧਾ ਏਂ। ਉਸ ਔਰਤ ਨਾਲ ਇੰਨੇ ਰੁੱਖੇਪਣ ਨਾਲ ਪੇਸ਼ ਆਇਐਂ ਕਿ ਉਹ ਬਿਨਾਂ ਕੁਝ ਖ਼ਰੀਦੇ ਚਲੀ ਗਈ।''
ਸੇਲਜ਼ਮੈਨ, ''ਜੀ, ਬਹੁਤ ਚੰਗਾ ਹੋਇਆ।''
ਮਾਲਕ, ''ਕਿਉਂ?''
ਸੇਲਜ਼ਮੈਨ, ''ਉਹ ਮੇਰੀ ਪਤਨੀ ਸੀ।''

# ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਔਰਤਾਂ

ਹਰਕੀਰਤ ਕੌਰ
9779118066

ਜਦੋਂ ਔਰਤ ਦੀ ਸਿਫ਼ਤ ਵਿੱਚ ਔਰਤ ਦੇ ਗੁਣਾਂ ਦਾ ਜ਼ਕਿਰ ਕਰਦੇ ਹਾਂ ਤਾਂ ਅਸੀਂ ਸਾਰੇ ਬਹੁਤ ਹੀ ਮਾਣ ਨਾਲ ਉਸਨੂੰ ਸ਼ਹਿਣਸ਼ੀਲਤਾ ਦੀ ਦੇਵੀ ਕਹਿ ਸਤਿਕਾਰਦੇ ਹਾਂ। ਕਿੰਨਾ ਵਧੀਆ ਲੱਗਦਾ ਹੈ ਸਮਾਜ ਨੂੰ ਔਰਤ ਦਾ ਸਭ ਕੁੱਝ ਚੁੱਪ ਚਾਪ ਸਹਿੰਦਿਆਂ ਦਾ ਰੂਪ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਸਮਾਜ ਵਿੱਚ ਉਹਨਾਂ ਔਰਤਾਂ ਨੂੰ ਸਾਊ, ਖਾਨਦਾਨੀ, ਇੱਜ਼ਤਦਾਰ ਤੇ ਸਿਆਣੀਆਂ ਹੋਣ ਦਾ ਖਿਤਾਬ ਦਿੱਤਾ ਜਾਂਦਾ ਹੈ, ਜੋ ਚੁੱਪ ਚਾਪ ਘਰਾਂ ਵਿੱਚ ਸਮਾਜ ਵਿੱਚ ਆਪਣੇ ਨਾਲ ਹੁੰਦੀਆਂ ਵਧੀਕੀਆਂ ਨੂੰ ਸਹਿੰਦੀਆਂ ਹੋਈਆਂ ਆਪਣੇ ਅਰਮਾਨਾਂ ਦਾ ਗਲਾ ਘੁੱਟਦੀਆਂ ਰਹਿਣ, ਜਿੰਨਾਂ ਲਈ ਆਪਣੇ ਸਵੈ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਜਿੰਨਾਂ ਨੇ ਕਦੇ ਆਪਣੇ ਲਈ ਜਿਊਣਾ ਸਿੱਖਿਆ ਹੀ ਨਹੀਂ।

ਅਸੀਂ ਭਾਵੇਂ ਕਿੰਨੇ ਵੀ ਦਾਅਵੇ ਕਰ ਲਈਏ ਕਿ ਔਰਤਾਂ ਦੀ ਹਾਲਤ ਸੁਧਰ ਗਈ ਹੈ। ਅੱਜ ਔਰਤ ਸੁਤੰਤਰ ਹੈ, ਸੁੱਰਖਿਅਤ ਹੈ, ਪਰ ਇਹ ਸੱਚ ਨਹੀਂ ਹੈ, ਕੈਮਰੇ ਦੀਆਂ ਅੱਖਾਂ, ਇੰਟਰਨੈੱਟ ਦੀ ਦੁਨੀਆਂ, ਅਖ਼ਬਾਰਾਂ ਦੀਆਂ ਸੁਰਖੀਆਂ ਦੀ ਪਹੁੰਚ ਤੋਂ ਦੂਰ ਬੈਠੀਆਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਹਨ ਜੋ ਅੱਜ ਵੀ ਨਿੱਤ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਜਿੰਨਾਂ ਦੇ ਘਰਾਂ ਵਿੱਚ ਅੱਜ ਵੀ ਔਰਤ ਸਿਰਫ਼ ਪੈਰ ਦੀ ਜੁੱਤੀ ਸਮਝੀ ਜਾਂਦੀ ਹੈ ਤੇ ਜਿੰਨਾਂ ਲਈ ਅੱਜ ਵੀ ਕੋਈ ਧਰਤੀ ਦਾ ਹਿੱਸਾ ਆਪਣਾ ਨਹੀਂ। ਹਜ਼ਾਰਾਂ ਲੱਖਾਂ ਅਜਿਹੀਆਂ ਔਰਤਾਂ ਹਨ ਜੋ ਨਿੱਤ ਸਰੀਰਕ ਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ।ਭਾਰਤ ਦੇ ਕਈ ਸੂਬੇ ਅਜਿਹੇ ਹਨ ਜਿੱਥੇ ਮਰਦਾਂ ਦੁਆਰਾ ਘਰ ਦੀਆਂ ਔਰਤਾਂ ਦਾ ਸਰੀਰਕ ਸ਼ੋਸ਼ਣ ਕਰਨਾ, ਮਾਰ ਕੁਟਾਈ ਕਰਨਾ ਉਹਨਾਂ ਦੇ ਨਿੱਤ ਦੇ ਕੰਮਾਂ ਵਿੱਚੋਂ ਇੱਕ ਹੈ।

ਪਹਿਲਾਂ ਪਹਿਲ ਘਰੇਲੂ ਹਿੰਸਾ ਗਾਲੀ




ਗਲੋਚ ਤੋਂ ਸ਼ੁਰੂ ਹੁੰਦੀ ਹੈ, ਔਰਤ ਆਪਣੇ ਸਾਥੀ ਜਾਂ ਪਰਿਵਾਰਿਕ ਮੈਂਬਰਾਂ ਦਾ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦੀ ਹੋਈ ਕਦੇ ਵੀ ਇਸਦਾ ਵਿਰੋਧ ਨਹੀਂ ਕਰਦੀ ਅਤੇ ਨਾ ਇਸ ਬਾਰੇ ਕਦੇ ਸੋਚਦੀ , ਹੌਲੀ ਹੌਲੀ ਇਹ ਗਾਲੀ ਗਲੋਚ ਹੱਥ ਚੁੱਕਣ ਤੱਕ ਵੱਧ ਜਾਂਦਾ ਹੈ ਅਤੇ ਫਿਰ ਨਿੱਤ ਦੀ ਆਦਤ ਬਣ ਜਾਂਦਾ ਹੈ। ਬਹੁਤਾਤ ਔਰਤਾਂ ਇਸ ਹਿੰਸਾ ਨੂੰ ਆਪਣੇ ਬੱਚਿਆਂ, ਪਰਿਵਾਰ ਕਰਕੇ ਚੁੱਪ ਚਾਪ ਸਹਿੰਦੀਆਂ ਰਹਿੰਦੀਆਂ ਹਨ। ਭਾਰਤੀ ਸਮਾਜ ਦੀਆਂ ਰਵਾਇਤਾਂ ਅਨੁਸਾਰ ਇੱਕ ਲੜਕੀ ਦਾ ਵਿਆਹ ਜਿਸ ਪਰਿਵਾਰ ਵਿੱਚ ਹੋ ਜਾਂਦਾ ਹੈ, ਉਹੀ ਉਸਦਾ ਆਖਰੀ ਘਰ ਹੁੰਦਾ ਹੈ, ਚਾਹੇ ਉਹ ਕਿੰਨੇ ਵੀ ਮਾੜੇ ਹਲਾਤਾਂ ਵਿੱਚ ਜਾਂ ਸਰੀਰਕ ਜਾਂ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੋਵੇ, ਜਿਆਦਾਤਰ ਪਰਿਵਾਰਾਂ ਵੱਲੋਂ ਲੜਕੀਆਂ ਨੂੰ ਉਹਨਾਂ ਨਾਲ ਹੋਣ ਵਾਲੀਆਂ ਵਧੀਕੀਆਂ ਚੁੱਪ ਚਾਪ ਸਹਿਣ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ।

ਘਰੇਲੂ ਹਿੰਸਾ ਦੇ ਜਿਆਦਾਤਰ ਕਾਰਨ ਪਤੀ ਦਾ ਨਸ਼ੇ ਕਰਨਾ, ਬੇਟਿਆਂ ਦੀ ਚਾਹਤ , ਵਿਆਹ ਤੋਂ ਬਾਅਦ ਗੈਰ ਸੰਬੰਧ, ਸ਼ੱਕੀ ਸੁਭਾਅ, ਪਰਿਵਾਰਿਕ ਲੜਾਈ ਝਗੜੇ ਆਦਿ ਰਹਿੰਦੇ ਹਨ। ਇਹ ਸਿਰਫ਼ ਭਾਰਤੀ ਸਮਾਜ ਦੀ ਹੀ ਕਹਾਣੀ ਨਹੀਂ ਬਲਕਿ ਦੁਨੀਆਂ ਭਰ ਦੇ ਦੇਸ਼ਾਂ ਦੀ ਕਹਾਣੀ ਹੈ । ਏਥੋਂ ਤੱਕ ਕਿ ਅਮਰੀਕਾ, ਕਨੈਡਾ ਵਰਗੇ ਬਹੁਤ ਵਿਕਸਿਤ ਦੇਸ਼ਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਵੇਖਣ ਨੂੰ ਮਿਲਦੀਆਂ ਹਨ। ਕੁਝ ਦਿਨ ਪਹਿਲਾਂ ਅਮਰੀਕਾ ਦੇ ਇੱਕ ਸ਼ਹਿਰ ਵਿੱਚ ਪੰਜਾਬਣ ਲੜਕੀ ਦੁਆਰਾ ਘਰੇਲੂ ਹਿੰਸਾ ਤੋਂ ਤੰਗ ਆਕੇ ਆਤਮ ਹੱਤਿਆ ਕਰ ਲਈ ਗਈ, ਜੋ ਆਪਣੇ ਪਿੱਛੇ ਦੋ ਛੋਟੀਆਂ ਬੱਚੀਆਂ ਨੂੰ ਛੱਡ ਗਈ। ਇਸ ਲੜਕੀ ਦੇ ਮਾਰ ਕੁਟਾਈ ਦਾ ਕਾਰਣ ਬੇਟੇ ਦੀ ਇੱਛਾ ਸੀ। ਇਸ ਘਟਨਾ ਨੇ ਪੂਰੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਡਬਲਿਊ ਐਚ ਓ ( ਵਰਡ ਹੈੱਲਥ ਆਰਗਨਾਈਜ਼ੇਸ਼ਨ) ਦੁਆਰਾ ਯੂ ਐੱਨ ਓ ( ਯੂਨਾਈਟਡ ਨੈਸ਼ਨਜ ਆਰਗਨਾਈਜ਼ੇਸ਼ਨ) ਦੀ ਮਦਦ ਨਾਲ ਸਾਲ 2018 ਵਿੱਚ ਇੱਕ ਸਰਵੇਖਣ ਕੀਤਾ ਗਿਆ ਜਿਸ ਵਿੱਚ ਦੁਨੀਆਂ ਭਰ ਤੋਂ 161 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਗਈ,ਇਸ ਸਰਵੇਖਣ ਵਿੱਚ ਸਾਲ 2000 ਤੋਂ 2018 ਤੱਕ ਦੇ ਅੰਕੜੇ ਇਕੱਠੇ ਕੀਤੇ ਗਏ ਜਿੰਨਾਂ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਦੁਨੀਆਂ ਭਰ ਵਿੱਚ ਹਰ 3 ਔਰਤਾਂ ਵਿੱਚ ਇੱਕ ਔਰਤ ਘਰੇਲੂ ਹਿੰਸਾ ਦੀ ਸ਼ਿਕਾਰ ਹੋ ਰਹੀ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਵਿੱਚ 15 ਸਾਲ ਦੀਆਂ ਬੱਚੀਆਂ ਜੋ ਆਪਣੇ ਮਤਰਏ ਮਾਤਾ ਪਿਤਾ ਹੱਥੋਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਤੋਂ ਲੈਕੇ 45 ਸਾਲ ਦੀ ਉਮਰ ਤੱਕ ਦੀਆਂ ਔਰਤਾਂ ਦੀ ਗਿਣਤੀ ਜਿਆਦਾ ਸ਼ਾਮਿਲ ਹੈ । ਦੁਨੀਆਂ ਭਰ ਵਿੱਚ ਔਰਤਾਂ ਦੇ ਹੋਣ ਵਾਲੇ ਕਤਲਾਂ ਵਿਚੋਂ 38% ਘਰੇਲੂ ਹਿੰਸਾ ਕਾਰਣ ਕੀਤੇ ਜਾਂਦੇ ਹਨ ।

ਅਜਿਹੀਆਂ ਘਟਨਾਵਾਂ ਜਿੱਥੇ ਔਰਤਾਂ ਦੇ ਅਸਹਿ ਦਰਦ ਨੂੰ ਬਿਆਨ ਕਰਦੀਆਂ ਹੋਇਆ ਔਰਤ ਜਾਤ ਦੇ ਸਵੈਭਿਮਾਨ ਨੂੰ ਠੇਸ ਪਹੁੰਚਾਉਂਦੀਆਂ ਹਨ ਉੱਥੇ ਬੱਚਿਆਂ ਦੇ ਮਾਨਸਿਕ ਸਿਹਤ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ, ਆਪਣੇ ਘਰ ਦੀਆਂ ਔਰਤਾਂ ਨੂੰ ਹਿੰਸਾ ਸਹਿੰਦਿਆਂ ਵੇਖਦੇ ਬੱਚੇ ਜਾਂ ਤੋਂ ਬਹੁਤ ਜਿਆਦੇ ਡਰੇ ਸਹਿਮੇ ਨਿਕਲਦੇ ਹਨ ਜਾਂ ਫਿਰ ਏਨੇ ਕੁ ਜਿਆਦਾ ਗੁਸੈਲੇ ਕਿ ਕਈ ਵਾਰ ਸਮਾਜ ਲਈ ਵੀ ਹਾਨੀਕਾਰਕ ਸਾਬਿਤ ਹੁੰਦੇ ਹਨ। ਇਸ ਤੋਂ ਇਲਾਵਾ ਸਮਾਜ ਉੱਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ,ਸਮਾਜ ਦੇ ਮੱਥੇ ਤੇ ਹਿੰਸਕ ਸਮਾਜ ਦਾ ਧੱਬਾ ਲੱਗ ਜਾਂਦਾ ਹੈ ਅਤੇ ਆਮ ਲੋਕਾਂ ਲਈ ਸਵਾਲ ਖੜਾ ਹੋ ਜਾਂਦਾ ਹੈ ਕਿ ਆਖਰ ਕਿਉਂ ਅਸੀਂ ਇੱਕ ਚੰਗਾ ਤੇ ਸੱਭਿਅਕ ਸਮਾਜ ਸਿਰਜਣ ਵਿੱਚ ਅਸਫ਼ਲ ਰਹੇ ਹਾਂ।

ਅੱਜ ਲੋੜ ਹੈ ਅਜਿਹੇ ਲੋਕਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ। ਆਪਣੀਆਂ ਧੀਆਂ ਨੂੰ ਸਭ ਕੁਝ ਚੁੱਪ ਚਪੀਤੇ ਸਹਿਣ ਦੀ ਸਿੱਖਿਆ ਦੇਣ ਦੀ ਬਜਾਇ ਧੀਆਂ ਨੂੰ ਏਨੇ ਕਾਬਿਲ ਬਣਾਉਣ ਦੀ ਕਿ ਉਹ ਉਹਨਾਂ ਸਾਰੀਆਂ ਅਖੌਤੀ ਰਵਾਇਤਾਂ ਦੀਆਂ ਬਾਹਾਂ ਭੰਨ੍ਹ ਸਕਣ ਜੋ ਉਹਨਾਂ ਦੇ ਅਸਤਿਤੁਵ ਉੱਪਰ ਹਿੰਸਾ ਦੇ ਨਿਸ਼ਾਨ ਛੱਡਦੀਆਂ ਹਨ। ਲੋੜ ਹੈ ਮਾਪੇ,ਸਕੂਲਾਂ ਕਾਲਜਾਂ,ਅਖ਼ਬਾਰਾਂ ,ਰਸਾਲਿਆਂ ਰਾਹੀਂ ਔਰਤਾਂ ਨੂੰ ਉਹਨਾਂ ਦੇ ਹੱਕਾਂ ਤੇ ਆਪਣੀ ਸੁਰੱਖਿਆ ਲਈ ਅਵਾਜ਼ ਉਠਾਉਣ ਪ੍ਰੀ ਜਾਗਰੂਕ ਕਰਨ ਦੀ ।ਜੇਕਰ ਤੁਸੀਂ ਧਰਤੀ ਤੇ ਆਏ ਹੋ ਤਾਂ ਤੁਹਾਡਾ ਆਪਣਾ ਇੱਕ ਵਜੂਦ ਹੈ, ਹਰ ਔਰਤ ਨੂੰ ਸ਼ਾਨ ਨਾਲ ਜਿਊਣ ਦਾ ਹੱਕ ਹੈ, ਹੁਣ ਔਰਤ ਨੂੰ ਮਜਲੂਮ ਤੇ ਮਾਸੂਮ ਬਣ ਚੁੱਪ ਚਾਪ ਸਹਿਣ ਦੀ ਜਰੂਰਤ ਨਹੀਂ, ਆਓ ਆਪਣੇ ਆਪੇ ਲਈ ਆਪਣੀ ਢਾਲ ਆਪ ਬਣੀਏ ਤੇ ਹਰ ਸਮਾਜਿਕ ਬੁਰਾਈ ਦਾ ਸਾਹਮਣਾ ਕਰਦੇ ਹੋਏ ਇੱਕ ਸੱਭਿਅਕ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾਈਏ।

# ਮੁੱਦਿਆਂ ਦੀ ਭਰਮਾਰ, ਸਿਆਸੀ ਧਿਰਾਂ ਦੀ ਲਾਪਰਵਾਹੀ, ਲੁਕਿਆ ਲੋਕਾਂ ਤੋਂ ਕੁਝ ਵੀ ਨਹੀਂ ਰਹਿਣਾ



ਜਤਿੰਦਰ ਪੰਨੂ

ਪੰਜਾਬ ਇਸ ਵੇਲੇ ਉਸ ਮੋੜ ਉੱਤੇ ਖੜੋਤਾ ਹੈ, ਜਿੱਥੇ ਲੋਕ ਨਵੀਂ ਬਣੀ, ਪਰ ਪੰਜ ਮਹੀਨੇ ਰਾਜ-ਸੁਖ ਮਾਣ ਚੁੱਕੀ ਸਰਕਾਰ ਵੱਲ ਇਸ ਆਸ ਨਾਲ ਵੇਖਦੇ ਹਨ ਕਿ ਇਹ ਉਨ੍ਹਾਂ ਦੇ ਮਸਲਿਆਂ ਦਾ ਹੱਲ ਪੇਸ਼ ਕਰੇਗੀ। ਏਦਾਂ ਦੀ ਆਸ ਕਰਦੇ ਲੋਕਾਂ ਨੂੰ ਓਦੋਂ ਝਟਕਾ ਲੱਗਦਾ ਹੈ, ਜਦੋਂ ਵੇਖਦੇ ਹਨ ਕਿ ਪਿਛਲੇ ਦਸ-ਵੀਹ ਜਾਂ ਉਸ ਤੋਂ ਵੀ ਵੱਧ ਸਾਲਾਂ ਤੋਂ ਮਲਾਈਦਾਰ ਕੁਰਸੀਆਂ ਉੱਤੇ ਬੈਠੇ ਰਹਿਣ ਦੇ ਆਦੀ ਹੋ ਚੁੱਕੇਅਫਸਰ ਨਵੀਂ ਸਰਕਾਰ ਵੇਲੇ ਫਿਰਓਦਾਂ ਦੀਆਂ ਕੁਰਸੀਆਂ ਉੱਤੇ ਆਣ ਬੈਠੇ ਹਨ। ਕੋਈ ਦਾਅ ਲਾ ਕੇ ਉਨ੍ਹਾਂ ਦੇਏਥੇ ਪਹੁੰਚਣ ਨੂੰ ਅਸੀਂ ਰੱਦ ਨਹੀਂ ਕਰਦੇ, ਪਰ ਨਾ ਵੀ ਪੁੱਜਦੇ ਤਾਂਉਨ੍ਹਾਂ ਨੂੰ ਪਤਾ ਹੈ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਜਾਂ ਪੰਜਾਬ ਦੇ ਪਬਲਿਕ ਸਰਵਿਸ ਕਮਿਸ਼ਨ ਵਰਗੀਆਂ ਥਾਂਵਾਂ ਤੋਂਉਨ੍ਹਾਂ ਨੂੰ ਜਿਹੜੀ ਨਿਯੁਕਤੀ ਮਿਲੀ ਹੈ, ਉਸ ਦੇ ਹੁੰਦਿਆਂ ਉਨ੍ਹਾਂ ਦਾ ਵਿਭਾਗ ਭਾਵੇਂ ਬਦਲਜਾਵੇ, ਅਫਸਰੀ ਉਨ੍ਹਾਂ ਕਰਨੀ ਹੀ ਕਰਨੀਹੈ। ਇੱਕ ਕੁਰਸੀ ਉਨ੍ਹਾਂ ਕੋਲੋਂ ਖੋਹੀ ਜਾਵੇ ਤਾਂ ਦੂਸਰੀ ਮਿਲਣ ਤੋਂ ਰੋਕੀ ਨਹੀਂ ਜਾ ਸਕਦੀ। ਉਨ੍ਹਾਂ ਕੁਰਸੀਆਂ ਉੱਤੇ ਬੈਠਣ ਵਾਲੇ ਸਾਰੇ ਅਫਸਰ ਬੇਈਮਾਨ ਨਹੀਂ ਹੁੰਦੇ, ਥੋੜ੍ਹੇ ਜਿਹੇ ਈਮਾਨਦਾਰਾਂ ਨੂੰ ਛੱਡ ਕੇ ਬਾਕੀ ਜਿਹੜੇ ਸੰਜੇ ਪੋਪਲੀ ਵਾਂਗ ਸੋਨੇ ਦੀਆਂ ਇੱਟਾਂ ਨਾਲ ਅਲਮਾਰੀਆਂ ਭਰਨ ਵਾਲੇ ਹਨ, ਉਹ ਜਿੱਥੇ ਵੀ ਲੱਗਣਗੇ, ਆਪੋ ਵਿੱਚ ਸੈਨਤ ਮਿਲਾ ਕੇ ਕਾਲੀ ਕਮਾਈ ਕਰਨਗੇ ਹੀ ਕਰਨਗੇ। ਈਮਾਨਦਾਰ ਅਫਸਰਾਂ ਵਿੱਚ ਆਪਣੀ ਵੱਡੀ ਮੁਸ਼ਕਲ ਇਹ ਹੈ ਕਿ ਉਨ੍ਹਾਂ ਵਿੱਚੋਂ ਹਰ ਕੋਈ ਆਪਣੇ ਆਪ ਨੂੰ ਈਮਾਨਦਾਰ ਮੰਨਦਾ ਅਤੇ ਕਿਸੇ ਵੀ ਹੋਰ ਨੂੰ ਆਪਣੇ ਵਰਗਾ ਈਮਾਨਦਾਰ ਮੰਨਣ ਦੀ ਥਾਂ ਹਰ ਵੇਲੇ ਸ਼ੱਕੀ ਅੱਖ ਨਾਲ ਵੇਖਦਾ ਹੈ ਕਿ ਇਸ ਦੇ ਅੰਦਰ ਕੁਝ ਕਾਲਖ ਲੱਭ ਜਾਵ ਤਾਂ ਲੱਭ ਲਵਾਂ ਅਤੇ ਕਹਿ ਸਕਾਂ ਕਿ ਮੇਰੇ ਵਰਗਾ ਹੋਰ ਕੋਈ ਈਮਾਨਦਾਰ ਕਿਤੇ ਹੋ ਹੀ ਨਹੀਂ ਸਕਦਾ। ਉਨ੍ਹਾਂ ਤੋਂ ਉਲਟ ਮੁਫਤ ਦਾ ਮਾਲ ਖਾਣ ਵਾਲੀ ਧਾੜ ਮੰਨੇ ਜਾਂਦੇ ਅਫਸਰ ਆਪਸ ਵਿੱਚ ਨਾ ਵੀ ਬਣਦੀ ਹੋਵੇ ਤਾਂ ਇੱਕ ਜਣਾ ਫਸਦਾ ਵੇਖ ਕੇ ਉਹੋ ਜਿਹੇ ਦਸ ਜਣੇ ਕੋਈ ਏਦਾਂ ਦਾ ਰਾਹ ਲੱਭਣ ਲੱਗਦੇ ਹਨ, ਜਿਸ ਨਾਲ ਫਸੇ ਹੋਏ ਅਫਸਰ ਨੂੰ ਬਚਾਉਣ ਤੋਂ ਇਲਾਵਾ ਭਵਿੱਖ ਵਿੱਚ ਆਪਣੇ ਲਈ ਵੀ ਅਗਲਾ ਦਾਅ ਅਗੇਤਾ ਤਿਆਰਹੋ ਜਾਵੇ। ਇਹੋ ਜਿਹੇ ਅਫਸਰਾਂ ਅਤੇ ਉਨ੍ਹਾਂ ਦੇ ਪਿਛਲੱਗਾਂ ਅਤੇ ਰਾਜਸੀ ਗਲਿਆਰਿਆਂ ਅੰਦਰ ਘੁੰਮਣ ਦੇ ਆਦੀ ਦਲਾਲਾਂ ਦੀ ਧਾੜ ਇਸ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਹ ਵਿੱਚ ਅੜਿੱਕੇ ਲਾਉਣ ਲੱਗੀ ਹੋਈ ਹੈ।

ਦੂਸਰਾ, ਪਹਿਲੀ ਵਾਰ ਪੰਜਾਬ ਦੀ ਸਰਕਾਰ ਚਲਾਉਣ ਵਾਲੀ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਵਰਕਰਾਂ ਦਾ ਆਪ-ਹੁਦਰੇਪਣ ਬਹੁਤ ਹੈ। ਆਜ਼ਾਦੀ ਲਹਿਰ ਦੇ ਦਿਨਾਂ ਵਿੱਚ ਮਹਾਤਮਾ ਗਾਂਧੀ ਜਦੋਂ ਚਰਚਿਤ ਹੋ ਗਿਆ ਤਾਂ ਲੋਕਾਂ ਦੀ ਨਜ਼ਰ ਵਿੱਚ ਗਾਂਧੀ ਕੋਈ ਨਾਂਅ ਨਹੀਂ, ਆਜ਼ਾਦੀ ਘੁਲਾਟੀਏ ਦਾ ਰੁਤਬਾ ਸਮਝਿਆ ਜਾਣ ਲੱਗਾ ਸੀ ਤੇ ਏਸੇ ਕਾਰਨ ਪੱਛਮ ਵਿੱਚ ਅਫਗਾਨਿਸਤਾਨ ਦੀ ਹੱਦ ਨਾਲ ਦੇ ਇਲਾਕੇ ਵਿੱਚ ਖਾਨ ਅਬਦੁੱਲ ਗਫਾਰ ਖਾਂ ਨੂੰ 'ਸਰਹੱਦੀ ਗਾਂਧੀ' ਕਹਿਣਾ ਤਾਂ ਕੀ, ਦੋਆਬੇ ਦੇ ਕਾਂਗਰਸ ਲੀਡਰ ਮੂਲ ਰਾਜ ਨੂੰ ਵੀ ਲੋਕ 'ਦੋਆਬੇ ਦਾ ਗਾਂਧੀ' ਆਖਦੇ ਸਨ। ਅੱਜਕੱਲ੍ਹ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜਿਹੜੇ ਲੋਕਾਂ ਦਾ ਲੀਡਰ ਹੈ, ਉਨ੍ਹਾਂ ਵਿੱਚੋਂ ਬਹੁਤ ਸਾਰੇ ਵਰਕਰ ਆਪਣੀ ਸਰਕਾਰ ਆਈ ਵੇਖ ਕੇ ਆਪਣੇ ਆਪ ਨੂੰ ਆਪਣੇ ਇਲਾਕੇ ਦਾ 'ਕੇਜਰੀਵਾਲ' ਮੰਨੀ ਫਿਰਦੇ ਹਨ।ਕੇਜਰੀਵਾਲ ਨੇ ਕਦੀ ਆਪਣੀ ਨਿੱਜੀ ਕਾਰ ਉੱਤੇ ਬਿਨਾਂ ਰਜਿਸਟਰੇਸ਼ਨ ਤੋਂ ਵੀ ਆਈ ਪੀ ਨੰਬਰ ਨਹੀਂ ਲਿਖਿਆ, ਪਰ ਏਥੋਂ ਦਾ ਇੱਕ ਵਿਧਾਇਕ ਆਪਣੀ ਕਾਰ ਉੱਤੇ ਵੀ ਆਈ ਪੀ ਨੰਬਰ ਲਿਖੀ ਫਿਰਦਾ ਹੈ। ਇਹ ਬੜੀ ਛੋਟੀ ਜਿਹੀ ਮਿਸਾਲ ਹੈ, ਵੱਡੀਆਂ ਮਿਸਾਲਾਂ ਏਥੋਂ ਤੱਕ ਜਾਂਦੀਆਂ ਹਨ ਕਿ ਇੱਕ ਹਲਕੇ ਦੇ ਵਿਧਾਇਕ ਵਿਰੁੱਧ ਟਰੱਕਾਂ ਦੇ ਮਾਲਕਾਂ ਨੇ ਹੜਤਾਲ ਕਰ ਦਿੱਤੀ ਸੀ ਕਿ ਉਹ ਮਹੀਨਾ ਮੰਗਣ ਲੱਗ ਪਿਆ ਹੈ ਤੇ ਇੱਕ ਹੋਰ ਵਿਧਾਇਕ ਨੇ ਆਪਣੇ ਇਲਾਕੇ ਦੇ ਲੋਕਾਂ ਵਿੱਚ ਇਸ ਗੱਲ ਦੀ ਫੜ੍ਹ ਮਾਰਨ ਵਿੱਚ ਪ੍ਰਹੇਜ਼ ਨਹੀਂ ਸੀ ਕੀਤਾ ਕਿ ਜ਼ਿਲਾ ਪੁਲਸ ਦੇ ਮੁਖੀ ਨੇ ਕਹਿਣਾ ਨਹੀਂ ਮੰਨਿਆ ਤਾਂ ਬਦਲੀ ਕਰਵਾ ਦਿੱਤੀ ਹੈ। ਇਹ ਕੁਝ ਪਹਿਲਿਆਂ ਦੋ ਪਾਰਟੀਆਂ ਦੇ ਆਗੂ ਵੀ ਕਰਦੇ ਰਹਿੰਦੇ ਸਨ, ਜੇ ਇਹੋ ਕੁਝ ਕਰਨਾ ਸੀ ਤਾਂ ਪੰਜਾਬ ਦੀ ਜਨਤਾ ਨੂੰ ਅਸਲੋਂ ਨਵੀਂ ਤਰ੍ਹਾਂ ਦੀ ਸਰਕਾਰ, ਆਮ ਆਦਮੀ ਦੀ ਸਰਕਾਰ, ਦਾ ਵਾਅਦਾ ਦੇਣ ਦੀ ਕੀ ਲੋੜ ਪਈ ਸੀ! ਏਦਾਂ ਦੇ ਲੋਕਾਂ ਦੀ ਨਕੇਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਖਿੱਚ ਕੇ ਰੱਖਣੀ ਪਵੇਗੀ, ਨਹੀਂ ਤਾਂ ਜੇ ਉਹ ਕੁਝ ਮਾੜਾ-ਚੰਗਾ ਕਰ ਬੈਠੇ ਅਤੇ ਕੱਲ੍ਹ ਨੂੰ ਵੱਡਾ ਪੁਆੜਾ ਪੈ ਗਿਆ ਤਾਂ ਬਦਨਾਮੀ ਉਨ੍ਹਾਂ ਲੋਕਾਂ ਦੀ ਨਹੀਂ, ਸਰਕਾਰ ਦੀ ਹੁੰਦੀ ਫਿਰੇਗੀ।

ਤੀਸਰੀ ਗੱਲ ਇਹ ਕਿ ਪੰਜਾਬ ਨੂੰ ਟਿਕਾਣੇ ਲਿਆਉਣ ਲਈ ਬਹੁਤ ਕੁਝ ਏਦਾਂ ਦਾ ਕਰਨਾ ਪੈਣਾ ਹੈ, ਜਿਹੜਾ ਕਈ ਲੋਕਾਂ ਨੂੰ ਚੁਭਣਾ ਹੈ। ਪਿਛਲੇ ਪੰਝੀ ਸਾਲਾਂ ਤੋਂ ਇਸ ਰਾਜ ਵਿੱਚ ਲੱਖਾਂ ਲੋਕਾਂ ਨੂੰ ਹੇਰਾਫੇਰੀ ਕਰਨ ਅਤੇ ਸਰਕਾਰੀ ਮਾਲ ਦੀ ਲੁੱਟ ਦਾ ਚਸਕਾ ਲੱਗ ਚੁੱਕਾ ਹੈ। ਜੋਕਾਂ ਵਾਂਗ ਚੰਬੜੇ ਹੋਏ ਜਾਅਲੀ ਪੈਨਸ਼ਨਰਾਂ ਦੀ ਜਾਂਚ ਕਰ ਕੇ ਇਨ੍ਹਾਂ ਪੈਨਸ਼ਨਾਂ ਨੂੰ ਬੰਦ ਕਰਨਾ ਹੋਵੇਗਾ। ਉਨ੍ਹਾਂ ਵਿੱਚੋਂ ਕਈ ਲੋਕ ਮਰ ਚੁੱਕੇ ਹਨ ਅਤੇ ਅੱਜ ਵੀ ਉਨ੍ਹਾਂ ਦੇ ਵਾਰਸ ਮ੍ਰਿਤਕਾਂ ਦੇ ਨਾਂਅ ਉੱਤੇ ਪੈਨਸ਼ਨਾਂ ਲੈ ਰਹੇ ਹਨ। ਸਰਕਾਰ ਉਨ੍ਹਾਂ ਵਿਰੁੱਧ ਕੇਸ ਚਲਾਉਣ ਤੁਰ ਪਈ ਤਾਂ ਏਸੇ ਵਿੱਚ ਉਲਝ ਜਾਵੇਗੀ। ਇਸ ਦਾ ਇੱਕੋ ਰਾਹ ਹੈ ਕਿ ਇਹ ਖਾਤੇ ਬੰਦ ਕਰ ਕੇ ਅੱਗੇ ਲਈ ਲੁੱਟ ਬੰਦ ਕਰ ਦਿੱਤੀ ਜਾਵੇ ਤੇ ਨਿਕਲ ਗਏ ਸੱਪ ਦੀ ਲਕੀਰ ਉੱਤੇ ਸੋਟੇ ਮਾਰਨ ਵਰਗੀਕਾਰਵਾਈ ਕਰਨ ਦੇ ਕੰਮ ਵਾਸਤੇਸਮਾਂ ਤੇ ਸ਼ਕਤੀ ਨਾ ਗੁਆਵੇ। ਉਂਜ ਵੀ ਇਹ ਕੰਮ ਸਿਰਫ ਪੰਜਾਬ ਵਿੱਚ ਨਹੀਂ, ਦੇਸ਼ ਦੇ ਕਈ ਰਾਜਾਂ ਵਿੱਚ ਹੋਈ ਜਾਂਦਾ ਹੈ। ਇਸ ਹਫਤੇ ਸਾਡੇ ਗਵਾਂਢੀ ਰਾਜ ਹਰਿਆਣਾ ਬਾਰੇ 'ਕੈਗ' (ਕੰਪਟਰੋਲਰ ਐਂਡ ਆਡੀਟਰ ਜਨਰਲ) ਦੀ ਰਿਪੋਰਟ ਪੇਸ਼ ਹੋਈ ਤਾਂ ਭੇਦ ਖੁੱਲ੍ਹਾ ਹੈ ਕਿ ਉਸ ਰਾਜ ਦੀ ਸਰਕਾਰ ਇਕਾਨਵੇਂ ਹਜ਼ਾਰ ਚਾਰ ਸੌ ਛੱਤੀ ਇਹੋ ਜਿਹੇ ਲੋਕਾਂ ਨੂੰ ਪੈਨਸ਼ਨਾਂ ਦੇਈ ਜਾਂਦੀ ਹੈ, ਜਿਹੜੇ ਚਿਰੋਕਣੇ ਮਰ ਚੁੱਕੇ ਹਨ ਅਤੇ ਇਨ੍ਹਾਂ ਦੇ ਵਾਰਸ ਪੈਨਸ਼ਨ ਲੈ ਰਹੇ ਹਨ। ਅਗਲੀ ਗੱਲ ਇਹ ਹੈ ਕਿਇੱਕ ਹਜ਼ਾਰ ਬਾਨਵੇ ਮੁਰਦਿਆਂ ਦੀਆਂ ਪੈਨਸ਼ਨਾਂ ਸ਼ੁਰੂ ਹੀ ਓਦੋਂ ਹੋਈਆਂ, ਜਦੋਂ ਉਹ ਮਰ ਚੁੱਕੇ ਸਨ। ਇਨਾਂ ਮਰ ਚੁੱਕਿਆਂ ਦੀ ਪੈਨਸ਼ਨ ਦੀ ਤਸਦੀਕ ਕਿਸ ਅਫਸਰ ਨੇ ਕਿੱਦਾਂ ਕੀਤੀ, ਇਸ ਬਾਰੇ ਪੁਣ-ਛਾਣ ਕਰਨ ਦਾ ਕੰਮ ਹਰਿਆਣੇ ਵਿੱਚ ਕੋਈ ਅਫਸਰ ਨਹੀਂ ਕਰੇਗਾ। ਸਾਡੇ ਪੰਜਾਬ ਵਿੱਚ ਇਹ ਪੜਤਾਲਾਂ ਕਰਨ ਲੱਗੇ ਤਾਂ ਇਸ ਤੋਂ ਵੱਧ ਏਦਾਂ ਦੇ ਕੇਸ ਮਿਲ ਸਕਦੇ ਹਨ। ਫਿਰ ਪੜਤਾਲ ਹੀ ਹੁੰਦੀ ਰਹੇਗੀ, ਕੰਮ ਨਹੀਂ ਹੋ ਸਕਣਾ।

ਚੌਥੀ ਗੱਲ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਨਾਲ ਜੁੜੇ ਪੰਜਾਬ ਯੂਨੀਵਰਸਿਟੀ ਦੇ ਮੁੱਦੇ ਦੀ ਹੈ, ਜਿਸ ਨੂੰ ਪਹਿਲਾਂ ਕੇਂਦਰ ਸਰਕਾਰ ਦੀ ਝੋਲੀ ਵਿੱਚ ਪਾਉਣ ਦੀ ਗੱਲ ਚੱਲੀ ਸੀ ਤੇ ਫਿਰ ਜਦੋਂ ਹਰ ਪਾਸੇ ਤਿੱਖਾ ਵਿਰੋਧ ਹੋਇਆ ਤਾਂ ਕੇਂਦਰ ਦੀ ਸਰਕਾਰ ਨੇ ਹੀ ਕਹਿ ਦਿੱਤਾ ਕਿ ਸਾਡੀ ਏਦਾਂ ਦੀ ਕੋਈ ਤਜਵੀਜ਼ ਨਹੀਂ ਹੈ। ਇਸ ਦੇ ਬਾਅਦ ਕੇਂਦਰੀਕਰਨ ਵੱਲੋਂ ਗੱਲ ਇੱਕ ਤਰ੍ਹਾਂ ਰੁਕ ਗਈ, ਪਰ ਇਸ ਯੂਨੀਵਰਸਿਟੀ ਵਿੱਚ ਸਿੰਗ ਫਸਾਈ ਰੱਖਣ ਲਈ ਹਰਿਆਣੇ ਦੀ ਰਾਜਨੀਤੀ ਵਾਲੀ ਬੇਹੀ ਕੜ੍ਹੀ ਵਿੱ-ਚਇੱਕ ਵਾਰ ਫਿਰ ਉਬਾਲਾ ਆ ਗਿਆ ਹੈ। ਸਾਰੇ ਜਾਣਦੇ ਹਨ ਕਿ ਪੰਜਾਬ ਤੋਂ ਹਰਿਆਣਾ ਵੱਖ ਹੁੰਦੇ ਸਾਰ ਉਸ ਦੀ ਕਮਾਨ ਕਾਂਗਰਸੀ ਮੁੱਖ ਮੰਤਰੀ ਬੰਸੀ ਲਾਲ ਨੂੰ ਸੌਂਪੀ ਗਈ ਸੀ, ਜਿਹੜਾ ਪੰਜਾਬ ਤੇ ਪੰਜਾਬੀਅਤ ਦਾ ਸਿਰੇ ਦਾਵਿਰੋਧੀ ਸੀ। ਉਸ ਰਾਜ ਵਿੱਚ ਚਾਲੀ ਫੀਸਦੀ ਤੋਂ ਵੱਧ ਪੰਜਾਬੀ ਲੋਕ ਹੋਣ ਕਾਰਨ ਜਦੋਂ ਓਥੇ ਦੂਸਰੀ ਭਾਸ਼ਾ ਪੰਜਾਬੀ ਹੋਣੀ ਚਾਹੀਦੀ ਸੀ, ਤਾਂ ਕਿ ਗਵਾਂਢੀ ਰਾਜ ਦੇ ਲੋਕਾਂ ਨਾਲ ਤਾਲਮੇਲ ਵਿੱਚ ਅੜਿਕਾ ਨਾ ਪਵੇ, ਓਦੋਂ ਚੌਧਰੀ ਬੰਸੀ ਲਾਲ ਨੇ ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਦੀ ਤੇਲਗੂ ਭਾਸ਼ਾ ਨੂੰ ਦੂਸਰੀ ਭਾਸ਼ਾ ਵਜੋਂ ਪੜ੍ਹਾਉਣ ਦਾ ਹੁਕਮ ਦਾਗ ਦਿੱਤਾ ਸੀ। ਫਿਰ ਜਦੋਂ ਦੋ ਸਾਲਾਂ ਵਿੱਚ ਆਮ ਲੋਕਾਂ ਹੀ ਨਹੀਂ, ਆਂਧਰਾ ਪ੍ਰਦੇਸ਼ ਵਿੱਚ ਉਚੇਚੇ ਭੇਜੇ ਟੀਚਰਾਂ ਦੇ ਪੱਲੇ ਵੀ ਉਹ ਭਾਸ਼ਾ ਨਾ ਪਈ ਤਾਂ ਉਸ ਦੀ ਥਾਂ ਉਸ ਤੋਂ ਵੀ ਪਰੇ ਦੀ ਤਾਮਿਲ ਨਾਡੂ ਵਾਲੀ ਤਾਮਿਲ ਭਾਸ਼ਾ ਨੂੰ ਸਰਕਾਰੀ ਤੌਰ ਉੱਤੇ ਦੂਸਰੀ ਭਾਸ਼ਾ ਦਾ ਦਰਜਾ ਦੇ ਦਿੱਤਾ। ਓਸੇ ਕਾਂਗਰਸੀ ਮੁੱਖ ਮੰਤਰੀ ਚੌਧਰੀ ਬੰਸੀ ਲਾਲ ਨੇ ਨਵੰਬਰ 1973 ਵਿੱਚ ਹਰਿਆਣਾ ਦੇ ਅਠਾਰਾਂ ਜ਼ਿਲਿਆਂ ਦੇ 63 ਕਾਲਜਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲੋਂ ਕੱਟ ਲਏ ਸਨ ਅਤੇ ਜਦੋਂ ਅਗਲੀ ਵਾਰੀ 1998 ਵਿੱਚ ਮੁੱਖ ਮੰਤਰੀ ਬਣਿਆ ਤਾਂ ਇਸ ਯੂਨੀਵਰਸਿਟੀ ਦੀ ਸੈਨੇਟ ਵਿੱਚ ਹਰਿਆਣਾ ਦੇ ਮੈਂਬਰ ਵੀ ਭੇਜਣ ਦਾ ਕੰਮ ਖਤਮ ਕਰਵਾ ਦਿੱਤਾ ਸੀ। ਬਾਅਦ ਵਿੱਚ ਹਰਿਆਣੇ ਵਿੱਚ ਭੁਪਿੰਦਰ ਸਿੰਘ ਹੁਡਾ ਦੀ ਕਾਂਗਰਸੀ ਸਰਕਾਰ ਅਤੇ ਕੇਂਦਰ ਵਿੱਚ ਕਾਂਗਰਸੀ ਅਗਵਾਈ ਵਾਲੀ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਵਕਤ 2008 ਵਿੱਚ ਏਸੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀ ਗੱਲ ਪਹਿਲੀ ਵਾਰ ਚਲਾਈ ਗਈ ਸੀ। ਇਹ ਤਜਵੀਜ਼ ਨਰਿੰਦਰ ਮੋਦੀ ਵਾਲੀ ਕੇਂਦਰ ਸਰਕਾਰ ਨੇ ਜਦੋਂ ਪਿਛਲੇ ਮਹੀਨੇ ਇੱਕ ਤਰ੍ਹਾਂ ਠੱਪ ਕਰ ਦਿੱਤੀ ਤਾਂ ਬੀਤੇ ਹਫਤੇ ਹਰਿਆਣਾ ਵਿਧਾਨ ਸਭਾ ਵਿੱਚ ਕਾਂਗਰਸ ਦੀ ਇੱਕ ਸਾਬਕਾ ਮੰਤਰੀ ਬੀਬੀ ਨੇ ਮਤਾ ਪੇਸ਼ ਕਰ ਦਿੱਤਾ ਕਿ ਪੰਜਾਬ ਯੂਨੀਵਰਸਿਟੀ ਵਿੱਚ ਹਰਿਆਣਾ ਦੇ ਸਾਰੇ ਹਿੱਸੇ ਬਹਾਲ ਕਰਵਾਏ ਜਾਣ। ਕਾਂਗਰਸੀ ਬੀਬੀ ਦਾ ਰੱਖਿਆ ਇਹ ਮਤਾ ਭਾਜਪਾ ਵਾਲਿਆਂ ਨੇ ਚੁੱਕ ਲਿਆ ਅਤੇ ਫਿਰ ਮਾਮੂਲੀ ਜਿਹੀ ਬਹਿਸ ਦੇ ਬਾਅਦ ਉਹ ਹਿੱਸੇ ਬਹਾਲ ਕਰਨ ਦੀ ਤਜਵੀਜ਼ ਸਰਬ ਸੰਮਤੀ ਨਾਲ ਪਾਸ ਹੋ ਗਈ, ਜਿਹੜੇ ਹਿੱਸੇ ਪੰਜਾਬ ਤੇ ਪੰਜਾਬੀਆਂ ਨਾਲ-ਹਰਿਆਣਾ ਦੇ ਮੁੱਖ ਮੰਤਰੀ ਬੰਸੀ ਲਾਲ ਦੀ ਉਚੇਚੀ ਨਫਰਤ ਦੇ ਕਾਰਨ ਉਸ ਰਾਜ ਦੀ ਸਰਕਾਰ ਨੇ ਖੁਦ ਹੀ ਛੱਡੇ ਸਨ। ਸਾਨੂੰ ਇਸ ਗੱਲ ਨਾਲ ਹੈਰਾਨੀ ਹੋਈ ਕਿ ਹਰਿਆਣੇ ਦੀ ਰਾਜਨੀਤੀ ਦੀ ਬੇਹੀ ਕੜ੍ਹੀ ਵਿੱਚ ਉੱਠੇ ਇਸ ਉਬਾਲ ਬਾਰੇ ਪੰਜਾਬ ਦੀ ਸਰਕਾਰ ਚਲਾਉਣ ਵਾਲਿਆਂ, ਵਿਰੋਧੀ ਧਿਰ ਵਾਲਿਆਂ ਜਾਂ ਕਿਸੇ ਵੀ ਹੋਰ ਧਿਰ ਨੇ ਕੋਈ ਬਿਆਨ ਹੀ ਨਹੀਂ ਦਿੱਤਾ।

ਸਾਨੂੰ ਪਤਾ ਹੈ ਕਿ ਹਰਿਆਣੇ ਲਈ ਪਾਣੀ ਦਾ ਤੁਪਕਾ ਤੱਕ ਦੇਣ ਦੇ ਵਿਰੋਧ ਦੀਆਂ ਫੋਕੀਆਂ ਟਾਹਰਾਂ ਓਦੋਂ ਮਾਰੀਆਂ ਜਾਂਦੀਆਂ ਹਨ, ਜਦੋਂ ਪੰਜਾਬ ਦਾ ਪਾਣੀ ਅੱਜ ਵੀ ਹਰਿਆਣੇ ਨੂੰ ਜਾ ਰਿਹਾ ਹੈ। ਏਸੇ ਤਰ੍ਹਾਂ ਪੰਜਾਬ ਦੇ ਹਿੱਤਾਂ ਵਾਸਤੇ ਲੜਨ ਦੀਆਂ ਗੱਲਾਂ ਕਰਨ ਵਾਲੀਆਂ ਸਾਰੀਆਂ ਸਿਆਸੀ ਧਿਰਾਂ ਅਮਲ ਵਿੱਚ ਓਨਾ ਪੰਜਾਬ ਜਾਂ ਪੰਜਾਬੀਆਂ ਦੇ ਹੱਕਾਂ ਵਾਸਤੇ ਨਹੀਂ ਲੜ ਰਹੀਆ, ਜਿੰਨਾ ਇਸ ਬਹਾਨੇ ਇੱਕ ਦੂਸਰੀ ਨੂੰ ਝੂਠੇ ਸਾਬਤ ਕਰਨ ਤੇ ਆਪਣੇ ਆਪ ਨੂੰ ਪੰਜਾਬੀਅਤ ਦੇ ਹੀਰੋ ਸਾਬਤ ਕਰਨ ਲਈ ਭਿੜਦੀਆਂ ਹਨ। ਪੰਜਾਬ ਯੂਨੀਵਰਸਿਟੀ ਦਾ ਮੁੱਦਾ ਵੀ ਏਹੋ ਜਿਹਾ ਹੈ। ਪੰਜਾਬ ਦੇਸਿਆਸੀ ਆਗੂ ਜੋ ਮਰਜ਼ੀ ਕਰੀ ਜਾਣ, ਪਰ ਏਨੀ ਗੱਲ ਚੇਤੇ ਰੱਖਣ ਕਿਲੋਕਾਂ ਦੀ ਕਚਹਿਰੀ ਵਿੱਚ ਕਿਸੇ ਦਿਨ ਸਾਰਾ ਕੁਝ ਖੁੱਲ੍ਹ ਜਾਣਾ ਹੈ।

# ਬਿਹਾਰ ਵਿੱਚ ਸੱਤਾ ਪਰਿਵਰਤਨ ਦੇ ਮਾਅਨੇ

-ਮੁਹੰਮਦ ਅੱਬਾਸ ਧਾਲੀਵਾਲ



ਵਸੀਮ ਬਰੇਲਵੀ ਨੇ ਆਪਣੇ ਇੱਕ ਸ਼ਿਅਰ ਵਿੱਚ ਕਿਹਾ ਹੈ, ''ਉਸੀ ਕੋ ਜੀਨੇਕਾ ਹੱਕ ਹੈ, ਜੋ ਇਸ ਜ਼ਮਾਨੇ ਮੇਂ, ਇਧਰ ਕਾ ਲਗਤਾ ਰਹੇ, ਔਰ ਉਧਰ ਕਾ ਹੋ ਜਾਏ।'' ਵਸੀਮ ਬਰੇਲਵੀ ਦੀਆਂ ਇਹ ਸਤਰਾਂ ਓਦੋਂਮਨ ਵਿੱਚ ਆ ਗਈਆਂ ਜਦੋਂ ਜਨਤਾ ਦਲ (ਯੂ) ਦੇ ਨੇਤਾ ਨਿਤੀਸ਼ ਕੁਮਾਰ ਨੇ 10 ਅਗਸਤ ਦਿਨ 8ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਇੱਕ ਵਾਰ ਫਿਰ ਸਹੁੰ ਚੁੱਕੀ। ਇਸੇ ਸਮਾਰੋਹ ਦੌਰਾਨ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਦੇ ਨੇਤਾ ਤੇਜੱਸਵੀ ਯਾਦਵ ਨੇ ਮੰਤਰੀ ਵਜੋਂ ਸਹੁੰ ਚੁੱਕੀ ਅਤੇ ਆਸ ਹੈ ਕਿ ਉਹ ਦੂਜੀ ਵਾਰ ਉਪ ਮੁੱਖ ਮੰਤਰੀ ਬਣਾਏ ਜਾ ਸਕਦੇ ਹਨ।

ਸਹੁੰ ਚੁੱਕਣ ਪਿੱਛੋਂ ਮੀਡੀਆ ਨਾਲ ਗੱਲ ਕਰਦਿਆਂ ਨਿਤੀਸ਼ ਕੁਮਾਰ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਨੂੰ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਚਿੰਤਾ ਕਰਨੀ ਚਾਹੀਦੀ ਹੈ। ਉਨ੍ਹਾਂ ਦਾਅਵਾ ਕਰਦਿਆਂ ਸੰਕੇਤਕ ਰੂਪ ਵਿੱਚ ਕਿਹਾ ਕਿ '2014 ਮੇਂ ਆਨੇ ਵਾਲੇ 2024 ਮੇਂ ਰਹੇਂਗੇ ਤਬ ਨਾ, ਹਮ ਰਹੇ ਯਾ ਨਾ ਰਹੇਂ, ਵੋ 2024 ਮੇਂ ਨਹੀਂ ਰਹੇਂਗੇ।' ਉਨ੍ਹਾਂ ਕਿਹਾ ਕਿ ਮੈਂ ਚਾਹਾਂਗਾ ਕਿ 2024 ਲਈ ਸਭ ਵਿਰੋਧੀ ਪਾਰਟੀਆਂ ਇਕਜੁੱਟ ਹੋ ਜਣ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਨਿਤੀਸ਼ ਕੁਮਾਰ ਦੇ ਉਸ ਬਿਆਨ ਨਾਲ ਬਿਹਾਰ ਦੀ ਸਿਆਸਤ ਦਾ ਇੱਕ ਚੱਕਰ ਪੂਰਾ ਹੋ ਗਿਆ ਹੈ। ਸੰਨ 2015 ਵਿੱਚ ਉਹ ਮਹਾ ਗੱਠਜੋੜ ਦੀ ਸਰਕਾਰ ਦੇ ਮੁਖੀ ਬਣੇ ਸਨ ਅਤੇ ਲਾਲੂ ਪ੍ਰਸਾਦ ਯਾਦਵ ਅਤੇ ਨਿਤੀਸ਼ ਕੁਮਾਰ ਨੇ ਮਿਲ ਕੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਜਿੱਤ ਦੇ ਰੱਥ ਨੂੰ ਰੋਕ ਦਿੱਤਾ, ਪਰ 20 ਮਹੀਨਿਆਂ ਬਾਅਦ ਤੇਜੱਸਵੀ ਯਾਦਵ ਉੱਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਉਨ੍ਹਾਂ ਨੇ ਜੁਲਾਈ 2017 ਵਿੱਚ ਜਲਦਬਾਜ਼ੀ ਵਿੱਚ ਆਰ ਜੇ ਡੀ ਛੱਡ ਕੇ ਭਾਜਪਾ ਨਾਲ ਹੱਥ ਮਿਲ-ਇਆ ਸੀ। ਪਿਛਲੇ ਕੁਝ ਮਹੀਨਿਆਂ ਤੋਂ ਸਿਆਸੀ ਪੰਡਤਾਂ ਵਿੱਚ ਚਰਚਾ ਆਮ ਸੀ ਕਿ ਨਿਤੀਸ਼ ਕੁਮਾਰ ਇੱਕ ਵਾਰ ਮੁੜ ਪਾਲਾ ਬਦਲਣ ਜਾ ਰਹੇ ਹਨ। ਇਸ ਦੀ ਪੁਸ਼ਟੀ ਓਦੋਂ ਹੋ ਗਈ ਸੀ, ਜਦੋਂ ਜਨਤਾ ਦਲ ਯੂਨਾਈਟਿਡ ਦੇ ਅੰਦਰ ਦੇ ਭ੍ਰਿਸ਼ਟਾਚਾਰ ਦੀ ਖਬਰ ਆਉਣ ਪਿੱਛੋਂ ਆਰ ਸੀ ਪੀ ਸਿੰਘ ਨੇ ਜੇ ਡੀ ਯੂ ਅਤੇ ਨਿਤੀਸ਼ ਕੁਮਾਰ ਨੂੰ ਨਿਸ਼ਾਨੇ ਉੱਤੇ ਲਿਆ ਸੀ। ਉਨ੍ਹਾਂ ਨੇ ਨਿਤੀਸ਼ ਉੱਤੇ ਸ਼ਬਦੀ ਹਮਲਾ ਕਰਦਿਆਂ ਦੋ ਅਜਿਹੀਆਂ ਗੱਲਾਂ ਆਖ ਦਿੱਤੀਆਂ, ਜੋ ਨਿਤੀਸ਼ ਦੇ ਵਿਰੋਧੀ ਵੀ ਖੁੱਲ੍ਹ ਕੇ ਨਹੀਂ ਕਰਦੇ ਸਨ। ਉਨ੍ਹਾਂ ਨੇ ਕਿਹਾ ਸੀ, ''ਨਿਤੀਸ਼ ਕੁਮਾਰ ਕਦੇ ਵੀ ਪ੍ਰਧਾਨ ਮੰਤਰੀ ਨਹੀਂ ਬਣ ਸਕਦੇ, ਸੱਤ ਜਨਮਾਂ ਤੱਕ ਨਹੀਂ।'' ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਸੀ, ''ਜਨਤਾ ਦਲ ਯੂਨਾਈਟਿਡ ਇੱਕ ਡੁੱਬਦੇ ਜਹਾਜ਼ ਵਾਂਗ ਹੈ। ਤੁਸੀਂ ਲੋਕ ਤਿਆਰ ਰਹੋ, ਇਕਜੁੱਟ ਰਹੋ।''

ਇਹ ਦੋ ਅਜਿਹੀਆਂ ਗੱਲਾਂ ਸਨ ਜਿਨ੍ਹਾਂ ਉੱਤੇ ਨਿਤੀਸ਼ ਕੁਮਾਰੇ ਹਮੇਸ਼ਾ ਤੋਂ ਹੀ ਵਧੇਰੇ ਚੌਕਸ ਰਹੇ ਸਨ। ਮਾਹਰਾਂ ਦਾ ਮੰਨਣਾ ਹੈ ਕਿ ਸਿਆਸੀ ਤੌਰ ਉੱਤੇ ਨਿਤੀਸ਼ ਦੀ ਲਾਲਸਾ ਦੇਸ਼ ਦੇ ਸਰਬਉਚ ਅਹੁਦੇ ਉੱਤੇ ਪੁੱਜਣ ਦੀ ਕਿਤੇ ਪਹਿਲਾਂ ਤੋਂ ਰਹੀ ਹੈ। ਇਹੋ ਵਜ੍ਹਾ ਹੈ ਕਿ ਜੇ ਡੀ ਯੂ ਦੇ ਪਾਰਲੀਮੈਂਟਰੀ ਬੋਰਡ ਦੇ ਪ੍ਰਧਾਨ ਉਪੇਂਦਰ ਕੁਸ਼ਵਾਹਾ ਨੇ ਭਾਜਪਾ ਤੋਂ ਵੱਖ ਹੋਣ ਤੋਂ ਪਹਿਲਾਂ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਨਿਤੀਸ਼ ਕੁਮਾਰ ਵਿੱਚ ਪ੍ਰਧਾਨ ਮੰਤਰੀ ਬਣਨ ਦੇ ਸਾਰੇ ਗੁਣ ਹਨ। ਇਸ ਤੋਂ ਇਲਾਵਾ ਪਟਨਾ ਵਿੱਚ ਹੋਈ ਜੇ ਡੀ ਯੂ ਦੇ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਦੀ ਬੈਠਕ ਵਿੱਚ ਨਿਤੀਸ਼ ਕੁਮਾਰ ਨੇ ਵੀ ਆਪਣੇ ਆਗੂਆਂ ਨੂੰ ਖੁਦ ਸੰਬੋਧਨ ਕਰਦੇ ਵਕਤਕਿਹਾ ਸੀ ਕਿ ਸਾਡੀ ਪਾਰਟੀ ਨੂੰ ਲਗਾਤਾਰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਬਿਹਾਰ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਅਗਲੇ ਦਿਨਾਂ ਵਿੱਚ ਸਾਰੀਆਂ ਖੇਤਰੀ ਪਾਰਟੀਆਂ ਖਤਮ ਹੋ ਜਾਣਗੀਆਂ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਜਿਸ ਤਰ੍ਹਾਂ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਨੂੰ ਦੋ ਧੜਿਆਂ ਵੰਡਿਆ ਸੀ, ਉਸ ਦੇ ਬਾਅਦ ਜਨਤਾ ਦਲ ਯੂਨਾਈਟਿਡ ਦੇ ਨਿਤੀਸ਼ ਕੁਮਾਰ ਵੀ ਸ਼ੱਕ ਦੇ ਘੇਰੇ ਵਿੱਚ ਆ ਗਏ ਹਨ।

ਬਿਹਾਰ ਦੀ ਸਿਆਸਤ ਉੱਤੇ ਲੰਬੇ ਸਮੇਂ ਤੋਂ ਨਜ਼ਰ ਰੱਖ ਰਹੇ ਸੀਨੀਅਰ ਪੱਤਰਕਾਰ ਮਣੀਕਾਂਤ ਠਾਕੁਰ ਦਾ ਆਖਣਾ ਹੈ, ''ਆਰ ਸੀ ਪੀ ਸਿੰਘ ਉੱਤੇ ਸਾਰੀ ਗੱਲ ਦਾ ਭਾਂਡਾ ਭੰਨਿਆ ਜਾ ਰਿਹਾ ਹੈ, ਪਰ ਨਿਤੀਸ਼ ਕੁਮਾਰ ਪਿਛਲੇ ਲੰਬੇ ਸਮੇਂ ਤੋਂ ਇਸ ਗੱਠਜੋੜ ਵਿੱਚੋਂ ਬਾਹਰ ਜਾਣ ਦਾ ਯਤਨ ਕਰ ਰਹੇ ਸਨ।'' ਅਸਲ ਵਿੱਚ 2020 ਦੀਆਂ ਵਿਧਾਨ ਸਭਾ ਚੋਣਾਂ ਪਿੱਛੋਂ ਨਿਤੀਸ਼ ਕੁਮਾਰ ਲਈ ਲਗਾਤਾਰ ਅਸਹਿਜ ਸਥਿਤੀ ਬਣੀ ਹੋਈ ਸੀ। ਉਹ ਸਰਕਾਰ ਦਾ ਮੁਖੀ ਹੋਣ ਦੇ ਬਾਵਜੂਦ ਭਾਜਪਾ ਦੇ ਮੰਤਰੀਆਂ, ਵਿਧਾਨ ਸਭਾ ਸਪੀਕਰ ਅਤੇ ਆਗੂਆਂ ਦੇ ਲਗਾਤਾਰ ਦਬਾਅ ਹੇਠ ਸਨ। ਯੂਨੀਫਾਰਮ ਸਿਵਲ ਕੋਡ ਅਤੇ ਤਿੰਨ ਤਲਾਕ ਵਰਗੇ ਮੁੱਦਿਆਂ ਦੀ ਚਰਚਾ ਨਿਤੀਸ਼ ਕੁਮਾਰ ਦੀ ਰਾਜਨੀਤੀ ਨੂੰ ਅਸਹਿਜ ਕਰਨ ਵਾਲੀ ਸੀ। ਏਸੇ ਲਈ ਗੱਠਜੋੜ ਤੋਂ ਵੱਖ ਹੋਣ ਤੋਂ ਪਹਿਲਾਂ ਨਿਤੀਸ਼ ਨੇ ਆਪਣੇ ਆਗੂਆਂ ਨੂੰ ਕਿਹਾ ਕਿ ਭਾਜਪਾ ਨੇ ਉਨ੍ਹਾਂ ਨੂੰ ਜ਼ਲੀਲ ਕਰਨ ਦਾ ਕੋਈ ਮੌਕਾ ਨਹੀਂ ਜਾਣ ਦਿੱਤਾ। ਇਸ ਦੀ ਸ਼ੁਰੂਆਤ ਸਰਕਾਰ ਬਣਨ ਤੋਂ ਤੁਰੰਤ ਬਾਅਦ ਹੋ ਗਈ ਸੀ, ਜਦੋਂ ਭਾਜਪਾ ਨੇ ਨਿਤੀਸ਼ ਦੇ ਬੇਹੱਦ ਕਰੀਬੀ ਸੁਸ਼ੀਲ ਕੁਮਾਰ ਮੋਦੀ ਨੂੰ ਬਿਹਾਰ ਦੀ ਸਰਕਾਰ ਤੋਂ ਬਾਹਰ ਦਾ ਰਾਹ ਵਿਖਾ ਦਿੱਤਾ ਸੀ। ਅਸਲ ਵਿੱਚ ਸਮਝ ਅਜਿਹੀ ਸੀ ਕਿ ਉਹ ਦੋਵੇਂ ਇੱਕ ਦੂਜੇ ਦੀਆਂ ਜ਼ਰੂਰਤਾਂ ਚੰਗੀ ਤਰ੍ਹਾਂ ਸਮਝਦੇ ਸਨ। ਓਧਰ ਜਾਤੀ ਆਧਾਰਤ ਜਨਗਣਨਾ ਦੇ ਬਾਰੇ ਵੀ ਨਿਤੀਸ਼ ਕੁਮਾਰ ਨੇ ਅੱਡ ਰਸਤਾ ਚੁਣ ਲਿਆ ਸੀ, ਪਰ ਉਦੋਂ ਬਿਹਾਰ ਭਾਜਪਾ ਦੇ ਕੌਮੀ ਲੀਡਰਸ਼ਿਪ ਤੋਂ ਵੱਖਰਾ ਰਸਤਾ ਲੈ ਕੇ ਗੱਠਜੋੜ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਇਸ ਪਿੱਛੋਂ ਨਿਤੀਸ਼ ਇਫਤਾਰ ਪਾਰਟੀ ਵਿੱਚ ਤੇਜਸਵੀ ਯਾਦਵ ਦੇ ਘਰ ਪਹੁੰਚੇ ਤੇ ਉਥੇ ਕੁਝ ਦੂਰੀ ਤੱਕ ਚੱਲ ਕੇ ਉਨ੍ਹਾਂ ਨੇ ਭਾਜਪਾ ਨੂੰ ਇੱਕ ਸਪੱਸ਼ਟ ਸੰਕੇਤ ਦਿੱਤਾ ਸੀ।

ਫਿਰ ਇਸ ਪਿੱਛੋਂ ਲਾਲੂ ਪ੍ਰਸਾਦ ਯਾਦਵ ਦੇ ਬਿਮਾਰ ਹੋਣ ਉੱਤੇ ਨਿਤੀਸ਼ ਨਾ ਸਿਰਫ ਉਨ੍ਹਾਂ ਨੂੰ ਵੇਖਣ ਗਏ, ਸਗੋਂ ਮੀਡੀਆ ਵਿੱਚ ਐਲਾਨ ਕੀਤਾ ਕਿ ਸੂਬਾ ਸਰਕਾਰ ਲਾਲੂ ਜੀ ਦੇ ਇਲਾਜ ਦਾ ਸਾਰਾ ਖਰਚਾ ਚੁੱਕੇਗੀ। ਮਾਹਰਾਂ ਦੇ ਅਨੁਸਾਰ ਨਿਤੀਸ਼ ਕੁਮਾਰਦੇ ਭਾਜਪਾ ਤੋਂ ਵੱਖ ਹੋਣ ਦੀ ਇਸ ਕਹਾਣੀ ਪਿੱਛੇ ਏਮਜ਼ ਹਸਪਤਾਲ ਦੀ ਵੀ ਅਹਿਮ ਭੂਮਿਕਾ ਹੈ ਜਿੱਥੇ ਲਾਲੂ ਪ੍ਰਸਾਦ ਯਾਦਵ ਇਲਾਜ ਕਰਵਾ ਰਹੇ ਸਨ, ਉਥੇ ਜਨਤਾ ਦਲ ਯੂਨਾਈਟਿਡ ਦੇ ਸੀਨੀਅਰ ਆਗੂ ਵਸ਼ਿਸ਼ਠ ਨਾਰਾਇਣ ਸਿੰਘ ਵੀ ਇਲਾਜ ਲਈ ਪਹੁੰਚੇ ਸਨ। ਇਨ੍ਹਾਂ ਦੋਵਾਂ ਸਮਾਜਵਾਦੀ ਧੜਿਆਂ ਦੇ ਆਗੂਆਂ ਦੀਆਂ ਆਪਸੀ ਮੁਲਾਕਾਤਾਂ ਨੇ ਮਹਾ ਗੱਠਜੋੜ ਨੂੰ ਇਕਜੁੱਟ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਤੋਂ ਪਹਿਲਾਂ ਲਾਲੂ ਪ੍ਰਸਾਦ ਯਾਦਵ ਤੇ ਤੇਜਸਵੀ ਯਾਦਵ ਨੇ ਕਈ ਵਾਰ ਨਿਤੀਸ਼ ਕੁਮਾਰ ਨੂੰ 'ਪਲਟੂ ਰਾਮ' ਅਤੇ 'ਪਲਟੂ ਚਾਚਾ' ਤੱਕ ਕਿਹਾ ਸੀ, ਪਰ ਸਿਆਸਤ ਦੇ ਰੰਗ ਵੇਖੋ ਕਿ ਇੱਕ ਵਾਰ ਫਿਰ ਇਕੱਠੇ ਹਨ। ਮਹਾ ਗੱਠਜੋੜ ਵਿੱਚ ਕਾਂਗਰਸ ਦੀ ਭੂਮਿਕਾ ਵੀ ਅਹਿਮ ਹੈ। ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਅਗਲੇ ਦਿਨਾਂ ਵਿਚ ਨਿਤੀਸ਼ ਕੁਮਾਰ ਯੂ ਪੀ ਏ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਨੂੰ ਕਨਵੀਨਰ ਵਰਗਾ ਅਹੁਦਾ ਮਿਲ ਸਕਦਾ ਹੈ। ਉਹ 2024 ਵਿੱਚ ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਅਹੁਦੇ ਦਾ ਚਿਹਰਾ ਹੋ ਸਕਦੇ ਹਨ।

ਨਿਤੀਸ਼ ਨੇ ਆਪਣੀ ਰਾਜਨੀਤਕ ਪਾਰੀ ਦੀ ਸ਼ੁਰੂਆਤ ਲਾਲੂ ਪ੍ਰਸਾਦ ਯਾਦਵ ਦੇ ਸਹਿਯੋਗੀ ਵਜੋਂ ਕੀਤੀ ਸੀ। ਇਸ ਦਾ ਆਰੰਭ 1974 ਦੇ ਵਿਦਿਆਰਥੀ ਅੰਦੋਲਨ ਨਾਲ ਹੋਇਆ ਸੀ। ਸੰਨ 1990 ਵਿੱਚ ਜਦੋਂ ਲਾਲੂ ਪ੍ਰਸਾਦ ਯਾਦਵ ਬਿਹਾਰ ਦੇ ਮੁੱਖ ਮੰਤਰੀ ਬਣੇ ਤਾਂ ਨਿਤੀਸ਼ ਕੁਮਾਰ ਉਨ੍ਹਾਂ ਦੇ ਅਹਿਮ ਸਹਿਯੋਗੀ ਸਨ, ਪਰ ਜਾਰਜ ਫਰਨਾਂਡੀਜ਼ ਨਾਲ ਮਿਲ ਕੇ 1994 ਵਿੱਚ ਉਨ੍ਹਾਂ ਨੇ ਸਮਤਾ ਪਾਰਟੀ ਬਣਾ ਲਈ ਤੇ ਫਿਰ 1995 ਵਿੱਚ ਪਹਿਲੀ ਵਾਰ ਨਿਤੀਸ਼ ਦੀ ਸਮਤਾ ਪਾਰਟੀ ਨੇ ਲਾਲੂ ਪ੍ਰਸਾਦ ਯਾਦਵ ਦੇ ਰਾਜ ਦੇ ਜੰਗਲ ਰਾਜ ਨੂੰ ਮੁੱਦਾ ਬਣਾਇਆ ਸੀ। ਓਦੋਂ ਪਟਨਾ ਹਾਈ ਕੋਰਟ ਨੇ ਸੂਬੇ ਵਿੱਚ ਵਧ ਰਹੇ ਅਗਵਾ ਤੇ ਫਿਰੌਤੀ ਦੇ ਕੇਸਾਂ ਬਾਰੇ ਟਿੱਪਣੀ ਕਰਦਿਆਂ ਰਾਜ ਪ੍ਰਬੰਧ ਨੂੰ 'ਜੰਗਲ ਰਾਜ' ਕਿਹਾ ਸੀ। ਮਗਰੋਂ ਇਸ ਮੁੱਦੇ ਉੱਤੇ ਹੀ ਵਿਰੋਧੀ ਧਿਰ ਨੇ 2000 ਅਤੇ 2005 ਦੀਆਂ ਚੋਣਾਂ ਲੜੀਆਂ ਸਨ ਤੇ ਆਖਰਕਾਰ 2005 ਵਿੱਚ ਨਿਤੀਸ਼ ਕੁਮਾਰ ਦੀ ਅਗਵਾਈ ਵਿੱਚ ਐੱਨ ਡੀ ਏ ਦੀ ਸਰਕਾਰ ਬਣੀ। ਜਦੋਂ 2013 ਵਿੱਚ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਇਆ ਗਿਆ ਤਾਂ ਨਿਤੀਸ਼ ਨੇ ਭਾਜਪਾ ਤੋਂ ਨਾਤਾ ਤੋੜ ਲਿਆ ਤੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਉਨ੍ਹਾਂ ਨੂੰ ਸਿਰਫ ਦੋ ਸੀਟਾਂ ਮਿਲੀਆਂ ਸਨ। ਫਿਰ 2015 ਵਿੱਚ ਉਹ ਰਾਸ਼ਟਰੀ ਜਨਤਾ ਦਲ ਨਾਲ ਜਾ ਜੁੜੇ। 20 ਮਹੀਨਿਆਂ ਬਾਅਦ ਉਹ ਇੱਕ ਵਾਰ ਫਿਰ ਭਾਜਪਾ ਵੱਲ ਚਲੇ ਗਏ ਤੇ ਇਸ ਵਾਰ ਫਿਰ ਆਰ ਜੇ ਡੀ ਦੀ ਝੋਲੀ ਪੈ ਗਏ ਹਨ।

# ਪੰਜਾਬ ਦੇ ਇਹ ਲੱਕ-ਤੋੜੂ ਸਪੀਡ ਬ੍ਰੇਕਰ

ਡਾਕਟਰ ਧਰਮ ਪਾਲ ਸਾਹਿਲ

ਮੈਂ ਜਦੋਂ ਵੀ ਆਪਣੇ ਵਾਹਨ ਉੱਤੇ ਕੰਮ ਲਈ ਘਰੋਂ ਨਿਕਲਦਾ ਹਾਂ ਤਾਂ ਮੇਰਾ ਸਭ ਤੋਂ ਪਹਿਾਂ ਵਾਹ ਸਪੀਡ ਬ੍ਰੇਕਰਾਂ ਨਾਲ ਪੈਂਦਾ ਹੈ। ਉਂਝ ਸਪੀਡ ਬ੍ਰੇਕਰ ਵਾਹਨਾਂ ਦੀ ਸਪੀਡ ਘਟਾ ਕੇ ਦੁਰਘਟਨਾਵਾਂ ਠੱਲ੍ਹਣ ਲਈ ਬਣਾਏ ਜਾਂਦੇ ਹਨ, ਪਰ ਜੇ ਇਹ ਖੁਦ ਹੀ ਹਾਦਸਿਆਂ ਦਾ ਕਾਰਨ ਬਣ ਜਾਣ ਤੇ ਆਮ ਆਦਮੀ ਦੀ ਚੰਗੀ ਭਲੀ ਰਿੜ੍ਹਦੀ ਜ਼ਿੰਦਗੀ ਨੂੰ ਬ੍ਰੇਕਾਂ ਲਾ ਦੇਣ ਤਾਂ ਅਜਿਹੇ ਸਪੀਡ ਬ੍ਰੇਕਰਾਂ ਦਾ ਨੁਕਸਾਨ ਵੱਧ ਤੇ ਲਾਭ ਘੱਟ ਹੁੰਦਾ ਹੈ। ਇਨ੍ਹਾਂ ਦੀ ਲੋੜ, ਬਣਤਰ ਅਤੇ ਥਾਂ ਦਾ ਬਿਲਕੁਲ ਹੀ ਖਿਆਲ ਨਹੀਂ ਰੱਖਿਆ ਜਾਂਦਾ। ਲਿੰਕ ਰੋਡ ਨਾਲ ਮਿਲਣ ਤੋਂ ਪਹਿਲਾਂ ਮੇਰੀ ਗਲੀ ਦੇ ਮੋੜ ਉੱਤੇਹੀ ਘੱਟੋ-ਘੱਟ ਅੱਠ-ਦਸ ਇਕੱਠੇ ਸਪੀਡ ਬ੍ਰੇਕਰਾਂ ਨਾਲ ਵਾਹ ਪੈਂਦਾ ਹੈ। ਘੱਟ ਤੋਂ ਘੱਟ ਰਫਤਰ ਉੱਤੇ ਵੀ ਇਨ੍ਹਾਂ ਉੱਤੇ ਭੁੜਕਦੇ ਬੰਦੇ ਦੀ ਰੀੜ੍ਹ ਦੀ ਹੱਡੀ ਦੇ ਸਾਰੇ ਮਣਕਿਆਂ ਤੋਂ ਇਲਾਵੇ ਹੱਡੀ ਪਿੰਜਰ ਦੇ ਸਾਰੇ ਜੋੜ ਅਤੇ ਚੂਲਾਂ ਹਿੱਲ ਜਾਂਦੀਆਂ ਹਨ।

ਮਸਾਂ ਵੀਹ-ਪੰਝੀ ਫੁੱਟ ਉੱਤੇ ਇੱਕ ਲਿੰਕ ਰੋਡ, ਜਿੱਥੇ ਮੁੱਖ ਸੜਕ ਨਾਲ ਮਿਲਦੀ ਹੈ, ਤੋਂ ਪਹਿਲਾਂ ਫਿਰ ਥੋੜ੍ਹੇ ਵੱਡੇ ਅੱਠ-ਦਸ ਇਕੱਠੇ ਸਪੀਡ ਬ੍ਰੇਕਰਾਂ ਨਾਲ ਜੂਝਣਾ ਪੈਂਦਾ ਹੈ। ਅਜੇ ਗਲੀ ਵਿੱਚੋਂ ਲੰਘਦਿਆਂ ਹਿੱਲੇ ਮਣਕੇ ਆਪਣੀ ਥਾਂ ਸੈਟ ਨਹੀਂ ਹੋਏ ਹੁੰਦੇ ਕਿ ਮੁੜ ਉਨ੍ਹਾਂ ਨੂੰ ਜ਼ਬਰਦਸਤ ਹਲੂਣਾ ਲੱਗ ਜਾਂਦਾ ਹੈ। ਸੌ ਕੁ ਗਜ਼ ਉੱਤੇ ਸਾਬਕਾ ਵਿਧਾਇਕ ਦੀ ਕੋਠੀ ਹੈ। ਉਥੋਂ ਦੀ ਧੀਮੀ ਗਤੀ ਨਾਲ ਲੰਘਣ ਲਈ ਦੋ ਉੱਚੇ ਤਿੱਖੇ ਸਪੀਡ ਬ੍ਰੇਕਰਾਂ ਤੋਂ ਕਰਾਰੇ ਝਟਕੇ ਖਾਣੇ ਪੈਂਦੇ ਹਨ। ਅੱਗੇ ਸ਼ਹਿਰ ਦੇ ਮੰਨੇ ਪ੍ਰਮੰਨੇ ਉਦਯੋਗਪਤੀ ਦੀ ਆਲੀਸ਼ਾਨ ਇਮ-ਾਰਤ ਹੈ।ਉਸ ਮੂਹਰੇ ਵੀ ਮਜ਼ਬੂਤ ਪਲਾਸਟਿਕ ਦੇ ਲੱਕ ਤੋੜੂ ਸਪੀਡ ਬ੍ਰੇਕਰ ਲਾਏ ਗਏ ਹਨ। ਇਸੇ ਮੁੱਖ ਰੋਡ ਉੱਤੇ ਸਾਬਕਾ ਮੰਤਰੀ ਦੀ ਮਹਿਲਨੁਮਾ ਇਮਾਰਤ ਮੂਹਰਿਓਂ ਵੀ ਉੱਚੇ-ਤਿੱਖੇ ਸਪੀਡ ਬ੍ਰੇਕਰਾਂ ਤੋਂ ਸਾਰੇ ਹੱਡੀ-ਪਿੰਜਰ ਨੂੰ ਛਣਕਾ ਕੇ ਲੰਘਣਾ ਪੈਂਦਾ ਹੈ। ਅੱਧਾ ਕੁ ਕਿਲੋਮੀਟਰ ਉੱਤੇ ਹੀ ਬੱਤੀਆਂ ਵਾਲਾ ਚੌਕ ਹੈ। ਉਸ ਚੁਰਾਹੇ ਨੂੰ ਕਰਾਸ ਕਰਨ ਦੀਆਂ ਵੀ ਦੋ ਸ਼ਰਤਾਂ ਹਨ, ਪਹਿਲੀ ਰੈਡ ਲਾਈਟ ਅਤੇ ਦੂਸਰੇ ਵੱਡੇ-ਵੱਡੇ ਸਪੀਡ ਬ੍ਰੇਕਰ। ਮੇਰੇ ਘਰ ਤੋਂ ਮਸਾਂ ਤਿੰਨ ਕਿਲੋਮੀਟਰ ਦੇ ਅੰਦਰ ਛੇ-ਛੇ ਸਪੀਡ ਬ੍ਰੇਕਰਾਂ ਦੀ ਮਾਰ ਝੱਲਣੀ ਪੈਂਦੀ ਹੈ।

ਜਿਨ੍ਹਾਂ ਲੋਕਾਂ ਦੀ ਕਮਰ ਪਹਿਲੋਂ ਹੀ ਮਹਿੰਗਾਈ ਨੇ ਤੋੜੀ ਹੋਈ ਹੈ, ਮੇਰੇ ਸ਼ਹਿਰ ਦੇ ਪ੍ਰਸ਼ਾਸਕਾਂ ਨੂੰ ਉਨ੍ਹਾਂ ਮਹਾਤੜਾਂ ਉੱਤੇ ਰਤਾ ਤਰਸ ਨਹੀਂ ਆਉਂਦਾ। ਇਹ ਦ੍ਰਿਸ਼ ਤਾਂ ਸਿਰਫ ਮੇਰੇ ਘਰ ਤੋਂ ਤਿੰਨ ਕਿਲੋਮੀਟਰ ਦੇ ਖੇਤਰ ਦਾ ਹੈ, ਬਾਕੀ ਪੂਰੇ ਸ਼ਹਿਰ ਵਿੱਚ ਇਨ੍ਹਾਂ ਸਪੀਡ ਬ੍ਰੇਕਰਾਂ ਦੀ ਗਿਣਤੀ ਕਿੰਨੀ ਹੋਵੇਗੀ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਸ਼ਾਇਦ ਇਹੋ ਕਾਰਨ ਹੈ ਕਿ ਮੇਰੇ ਸ਼ਹਿਰ ਵਿੱਚ ਸਭ ਤੋਂ ਵੱਧ ਭੀੜ ਹੱਡੀਆਂ ਦੇ ਡਾਕਟਰਾਂ ਤੇ ਹੱਡੀਆਂ ਸੈਟ ਕਰਨ ਵਾਲੇ ਨੀਮ-ਹਕੀਮਾਂ ਕੋਲ ਹੁੰਦੀ ਹੈ। ਲੋਕਾਂ ਦੀ ਡਿਸਕ ਖਿਸਕਣੀ, ਮਣਕੇ ਹਿੱਲਣੇ, ਸਪਾਂਡੀਲਾਈਟਸ, ਲੰਬਰ ਪੇਨ ਅਤੇ ਸਪਾਈਨਲ ਕੋਰਡ ਦੇ ਨੁਕਸ ਵਾਲੇ ਮਰੀਜ਼ ਹਰ ਘਰ ਵਿੱਚ ਇੱਕ-ਦੋ ਜ਼ਰੂਰ ਮਿਲਦੇ ਹਨ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਪਹਿਲੋਂ ਹੀ ਇਨ੍ਹਾਂ ਰੋਗਾਂ ਦੇ ਸ਼ਿਕਾਰ ਜਦੋਂ ਇਨ੍ਹਾਂ ਸਪੀਡ ਬ੍ਰੇਕਰਾਂ ਤੋਂ ਵਾਹਨਾਂ ਉੱਤੇ ਲੰਘਦੇ ਹਨ ਤਾਂ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਵੇਗਾ।

ਲੱਗਦਾ ਹੈ ਕਿ ਜਦੋਂ ਦਾ ਗੱਡੀਆਂ ਉੱਤੇ ਲਾਲ ਬੱਤੀ ਨਾਲ ਵੀ ਆਈ ਪੀ ਸਟੇਟਸ ਵਿਖਾਉਣ ਉੱਤੇ ਥੋੜ੍ਹਾ ਅੰਕੁਸ਼ ਲੱਗਾ ਹੈ, ਆਪਣੀਆਂ ਕੋਠੀਆਂ ਮੂਹਰੇ ਸਪੀਡ ਬ੍ਰੇਕਰ ਲੁਆ ਕੇ ਆਪਣੀ ਹਸਤੀ ਦੀ ਪਛਾਣ ਕਰਾਉਣ ਦੀ ਹੋੜ ਮੱਚੀ ਹੋਈ ਹੈ। ਇਹ ਸਪੀਡ ਬ੍ਰੇਕਰ ਵੀ ਦਰਜਾ-ਬ-ਦਰਜਾ ਅਲੱਗ-ਅਲੱਗ ਸਾਈਜ਼, ਡਿਜ਼ਾਈਨ ਅਤੇ ਰੰਗਾਂ ਦੇ ਹੁੰਦੇ ਹਨ।ਆਮ ਤੌਰ ਉੱਤੇ ਸ਼ਹਿਰ ਅੰਦਰਲੀਆਂ ਸੜਕਾਂ ਬਣਾਉਣ ਦਾ ਕੰਮ ਮਿਊਂਸਪਲ ਕਮੇਟੀਆਂ ਦੇ ਹੱਥ ਹੁੰਦਾ ਹੈ। ਉਨ੍ਹਾਂ ਕੋਲ ਬਾਕਾਇਦਾ ਸਿਵਲ ਇੰਜੀਨੀਅਰ ਹਨ। ਇਹ ਸਭ ਕਾਰਜ ਉਨ੍ਹਾਂ ਦੀ ਅਗਵਾਈ ਵਿੱਚ ਹੁੰਦਾ ਹੈ। ਫਿਰ ਵੀ ਭਾਂਤ-ਭਾਂਤ ਦੇ ਡਿਜ਼ਾਈਨਾਂ, ਸਾਈਜ਼ਾਂ ਅਤੇ ਲੋਕਾਂ ਨੂੰ ਸਰੀਰਕ ਨੁਕਸਾਨ ਪਹੁੰਚਾਉਂਦੇ ਇਨ੍ਹਾਂ ਸਪੀਡ ਬ੍ਰੇਕਰਾਂ ਵੱਲ ਉਨ੍ਹਾਂ ਦਾ ਧਿਆਨ ਕਦੇ ਨਹੀਂ ਗਿਆ। ਉਨ੍ਹਾਂ ਦੀ ਇੰਜੀਨੀਅਰਿੰਗ ਤੇ ਸਰਕਾਰੀ ਖਜ਼ਾਨੇ ਵਿੱਚੋਂ ਮੋਟੀਆਂ ਤਨਖਾਹਾਂ ਲੈਣ ਦੇ ਕੀ ਅਰਥ ਹਨ। ਆਮ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕਰਨ ਦਾ ਠੇਕਾ ਉਨ੍ਹਾਂ ਨੂੰ ਕਿਸ ਨੇ ਤੇ ਕਦੋਂ ਦਾ ਦਿੱਤਾ ਹੋਇਆ ਹੈ?

ਮੇਰੀ ਜਾਚੇ ਅਜੋਕੇ ਸਮੇਂ ਵਿੱਚ ਸਭ ਤੋਂ ਵੱਡੇ ਸਪੀਡ ਬ੍ਰੇਕਰ ਇਹ ਸਿਆਸਤਦਾਨ ਅਤੇ ਵੀ ਆਈ ਪੀ ਲੋਕ ਹਨ, ਜਿਨ੍ਹਾਂ ਨੇ ਸਹੀ ਢੰਗ ਨਾਲ ਸਾਡੇ ਪਿੰਡਾਂ, ਸ਼ਹਿਰਾਂ, ਰਾਜਾਂ ਤੇ ਦੇਸ਼ ਦਾ ਵਿਕਾਸ ਨਹੀਂ ਹੋਣ ਦਿੱਤਾ। ਇਨ੍ਹਾਂ ਸਪੀਡ ਬ੍ਰੇਕਰਾਂ ਕਰ ਕੇ ਆਜ਼ਾਦੀ ਦੇ 75 ਸਾਲ ਮਗਰੋਂ ਵੀ ਦੇਸ਼ ਦੇ ਕਰੋੜਾਂ ਲੋਕਾਂ ਕੋਲ ਆਪਣਾ ਘਰ ਨਹੀਂ। ਨਾ ਤਨ ਉੱਤੇ ਕੱਪੜਾ, ਨਾ ਪੀਣ ਨੂੰ ਸਾਫ ਪਾਣੀ, ਨਾ ਇਲਾਜ ਲਈ ਦਵਾਈਆਂ, ਨਾ ਚੰਗੀ ਵਿਦਿਆ, ਨਾ ਹਰ ਘਰ ਬਿਜਲੀਨਾ ਜੀਵਨ ਦੀ ਸੁਰੱਖਿਆ ਅਤੇ ਨਾ ਵਧੀਆ ਸੜਕਾਂ ਹਨ।ਹਰ ਢੰਗ ਨਾਲ ਹੀਲਾ-ਵਸੀਲਾ ਕਰ ਕੇ ਇਨ੍ਹਾਂ ਵੱਡੇ ਸਪੀਡ ਬ੍ਰੇਕਰਾਂ ਨੇ ਮੁਲਕ ਦਾ ਖਜ਼ਾਨਾ ਲੁੱਟਿਆ ਹੈ। ਵਰਨਾ ਦੁਨੀਆ ਭਰ ਵਿੱਚ ਕੁਦਰਤੀ ਸੋਮਿਆਂ ਲਈ ਸਭ ਤੋਂ ਅਖੀਰ ਸਾਡਾ ਮੁਲਕ ਦੁਨੀਆ ਦਾ ਨੰਬਰ ਇੱਕ ਮੁਲਕ ਹੁੰਦਾ। ਇਹ ਲੋਕ ਨਿੱਜੀ ਸਵਾਰਥਾਂ ਲਈ ਡਰੱਗ ਮਾਫੀਆ ਅਤੇ ਪਤਾ ਨਹੀਂ ਕਿਹੜੇ ਕਿਹੜੇ ਮਾਫੀਆ ਬਣ ਕੇ ਦੇਸ਼ ਦੇ ਵਿਕਾਸ ਵਿੱਚ ਵੱਡੇ -ਵੱਡੇ ਸਪੀਡ ਬ੍ਰੇਕਰ ਬਣੇ ਹੋਏ ਹਨ ਅਤੇ ਪੰਜਾਬ ਦੇ ਪ੍ਰਤੀ ਵਿਅਕਤੀ ਸਿਰ ਤਿੰਨ-ਤਿੰਨ ਲੱਖ ਦਾ ਕਰਜ਼ਾ ਚੜ੍ਹਿਆ ਹੋਇਆ ਹੈ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਆਪਣੇ ਰਾਜ ਦੇ ਸਾਰੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜਾਰੀ ਕੀਤੇ ਹੁਕਮਾਂ ਵਿੱਚ ਅਜਿਹੇ ਗਲਤ ਢੰਗ ਨਾਲ ਬਣਾਏ ਸਪੀਡ ਬ੍ਰੇਕਰਾਂ ਦਾ ਨੋਟਿਸ ਲੈਂਦਿਆਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਸਾਰੇ ਅਜਿਹੇ ਨਾਜਾਇਜ਼ ਸਪੀਡ ਬ੍ਰੇਕਰਾਂ ਨੂੰ ਤੁਰੰਤ ਹਟਾਇਆ ਜਾਵੇ।ਉਨ੍ਹਾਂ ਨੇ ਗਲੀਆਂ-ਬਾਜ਼ਾਰਾਂ ਅਤੇ ਸੜਕਾਂ ਕੰਢੇ ਲੋਕਾਂ ਵੱਲੋਂ ਨਾਜਾਇਜ਼ ਢੰਗ ਨਾਲ ਕੀਤੇ ਕਬਜ਼ੇ ਛੁਡਾਉਣ ਉੱਤੇ ਸਖਤੀ ਨਾਲ ਮੁਹਿੰਮ ਛੇੜੀ ਹੋਈ ਹੈ। ਸੜਕ ਤੇ ਬਾਜ਼ਾਰ ਖੁੱਲ੍ਹੇ ਹੋ ਰਹੇ ਹਨ, ਜਿਸ ਦਾ ਉੱਤਰ ਪ੍ਰਦੇਸ਼ ਦੀ ਆਮ ਲੋਕਾਂ ਨੇ ਸਵਾਗਤ ਕੀਤਾ ਹੈ।ਪੰਜਾਬ ਬਦਲਣ ਦਾ ਨਾਅਰਾ ਲਾਉਣਾ ਵਾਲੇ ਮੁੱਖ ਮੰਤਰੀ, ਪੰਜਾਬ ਦੇ ਲੋਕਾਂ ਨੂੰ ਅਜਿਹੇ ਸਪੀਡ ਬ੍ਰੇਕਰਾਂ ਤੋਂ ਮੁਕਤੀ ਦਿਵਾਉਣ।

## ਥਾਣੇਦਾਰ ਦੀ ਪੈਂਟ ਗਿੱਲੀ ਕਰਨ ਵਾਲੇ ਬਿਆਨ ਉੱਤੇ ਸਿੱਧੂ ਨੂੰ ਰਾਹਤ

### * ਚੰਡੀਗੜ੍ਹ ਅਦਾਲਤ ਨੇ ਪਟੀਸ਼ਨ ਰੱਦ ਕੀਤੀ



ਚੰਡੀਗੜ੍ਹ, 18 ਅਗਸਤ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਵੱਡੀ ਰਾਹਤ ਮਿਲੀ ਹੈ। ਚੰਡੀਗੜ੍ਹ ਅਦਾਲਤ ਨੇ ਉਸ ਵਿਰੁੱਧ ਦਾਇਰ ਮਾਣਹਾਨੀ ਦਾ ਕੇਸ ਰੱਦ ਕਰ ਦਿੱਤਾ ਹੈ। ਇਹ ਕੇਸ ਚੰਡੀਗੜ੍ਹ ਪੁਲਸ ਦੇ ਡੀ ਐਸ ਪੀ ਦਿਲਸ਼ੇਰ ਚੰਦੇਲ ਨੇ ਕੀਤਾ ਸੀ, ਪਰ ਇਸ ਪਿੱਛੋਂ ਉਹ ਅਦਾਲਤ ਪੇਸ਼ ਨਹੀਂ ਹੋਏ।

ਵਰਨਣ ਯੋਗ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਪੁਲਸ ਮੁਲਾਜ਼ਮਾਂ ਉੱਤੇ ਇਤਰਾਜਯੋਗ ਟਿੱਪਣੀ ਕੀਤੀ ਸੀ। ਸਿੱਧੂ ਇਸ ਸਮੇਂ ਇੱਕ ਕਤਲ ਕੇਸ ਦੀ ਸਜ਼ਾ ਹੋਣ ਕਾਰਨ ਪਟਿਆਲਾ ਜੇਲ੍ਹ ਵਿੱਚ ਬੰਦ ਹਨ।ਅਕਸਰ ਆਪਣੀਆਂ ਟਿੱਪਣੀਆਂ ਨਾਲ ਸੁਰਖੀਆਂ ਵਿੱਚ ਰਹਿਣ ਵਾਲੇ ਨਵਜੋਤ ਸਿੰਘ ਸਿੱਧੂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪ੍ਰਚਾਰ ਲਈ ਜਦੋਂ ਸੁਲਤਾਨਪੁਰ ਲੋਧੀ ਪਹੁੰਚੇ ਤਾਂ ਉਨ੍ਹਾਂ ਨੇ ਨਵਤੇਜਸਿੰਘ ਚੀਮਾ ਦੇ ਸਮਰਥਨ ਵਿੱਚ ਰੈਲੀ ਕਰ ਕੇਕਿਹਾ ਸੀ ਕਿ ਨਤਤੇਜ ਸਿੰਘ ਚੀਮਾ ਨੇ ਖੰਗੂਰਾ ਮਾਰਿਆ ਤਾਂ ਥਾਣੇਦਾਰ ਦੀ ਪੈਂਟ ਗਿੱਲੀ ਕਰ ਦੇਣਗੇ। ਉਸ ਦੇ ਇਸ ਬਿਆਨ ਦਾ ਚੰਡੀਗੜ੍ਹ ਪੁਲਸ ਦੇ ਡੀ ਐਸ ਪੀ ਦਿਲਸ਼ੇਰ ਚੰਦੇਲ ਨੇ ਇਤਰਾਜ ਕੀਤਾ ਅਤੇ ਕਿਹਾ ਕਿ ਸਿੱਧੂ ਦੇ ਬਿਆਨ ਨਾਲ ਪੁਲਸ ਫੋਰਸ ਦਾ ਮਨੋਬਲ ਡਿੱਗਿਆ ਹੈ। ਉਸ ਸਮੇਂ ਸੁਰੱਖਿਆ ਲਈ ਬਹੁਤ ਸਾਰੇ ਪੁਲਸ ਮੁਲਾਜ਼ਮ ਮੌਜੂਦ ਸਨ। ਇਨ੍ਹਾਂ ਵਿੱਚ ਮਹਿਲਾ ਪੁਲਸ ਮੁਲਾਜ਼ਮ ਵੀ ਸਨ। ਸਿੱਧੂ ਦੀਆਂ ਗੱਲਾਂ ਉੱਤੇ ਉਥੇ ਮੌਜੂਦ ਲੋਕ ਹੱਸ ਪਏ, ਜਿਸ ਨਾਲ ਉਥੇ ਮੌਜੂਦ ਪੁਲਸ ਮੁਲਾਜ਼ਮਾਂ ਨੂੰ ਵੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ।

## ਲੀਡਰਸ਼ਿਪ ਬਦਲੀ ਵਾਸਤੇ ਅਕਾਲੀ ਦਲ ਵਿੱਚ ਟਕਰਾਅ ਕਾਇਮ

* ਤਬਦੀਲੀਆਂ ਦੇ ਹਾਮੀ ਸਰਗਰਮੀਆਂ ਤੇਜ਼ ਕਰਨ ਨੂੰ ਤਿਆਰ

ਚੰਡੀਗੜ੍ਹ, 18 ਅਗਸਤ (ਪੋਸਟ ਬਿਊਰੋ)- ਅਕਾਲੀ ਦਲ ਵਿੱਚ ਲੀਡਰਸ਼ਿਪ ਦੀ ਤਬਦੀਲੀ ਬਾਰੇ ਪਾਰਟੀ ਅੰਦਰ ਹੁੰਦੀਆਂ ਕੋਸ਼ਿਸ਼ਾਂ ਟਕਰਾਅ ਦਾ ਰੂਪ ਧਾਰਨ ਕਰਨ ਲੱਗੀਆਂ ਹਨ, ਕਿਉਂਕਿ ਇੱਕ ਪਾਸੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦਾ ਸਮੁੱਚਾ ਢਾਂਚਾ ਅਤੇ ਵਿੰਗ ਭੰਗ ਕਰ ਕੇ ਪ੍ਰਧਾਨਗੀ ਛੱਡਣ ਤੋਂ ਕੋਰਾ ਜਵਾਬ ਦੇ ਦਿੱਤਾ ਹੈ ਅਤੇ ਦੂਜੇ ਪਾਸੇ ਇਕਬਾਲ ਸਿੰਘ ਝੂੰਦਾਂ ਕਮੇਟੀ ਦੀ ਸਿਫ਼ਾਰਿਸ਼ਾਂ ਨੂੰ ਲਾਗੂ ਕਰਨ ਦੇ ਹਾਮੀਆਂ ਦੀ ਸੋਚ ਹੈ ਕਿ ਬੀਤੇ ਕੁਝ ਸਮੇਂ ਵਿੱਚ ਪਾਰਟੀ ਜਿਸ ਹੱਦ ਤਕ ਨਿੱਘਰ ਗਈ ਹੈ ਅਤੇ ਸੰਗਰੂਰ ਵਰਗੇ ਕੱਟੜ ਰਿਵਾਇਤੀ ਪੰਥਕ ਖੇਤਰ ਵਿੱਚ ਪਾਰਟੀ ਨੂੰ ਪ੍ਰਤੀ ਅਸੈਂਬਲੀ ਹਲਕਾ 5-5 ਹਜ਼ਾਰ ਦੇ ਲੱਗਭਗ ਵੋਟ ਮਸਾਂ ਪਏ ਹਨ ਅਤੇ ਪਾਰਟੀ ਭਾਜਪਾ ਤੋਂ ਵੀ ਹੇਠਾਂ ਚਲੀ ਗਈ ਹੈ, ਉਸ ਤੋਂ ਸਾਫ ਹੈ ਕਿ ਪਾਰਟੀ ਨੂੰ ਦੁਬਾਰਾ ਖੜ੍ਹਾ ਕਰਨ ਲਈ ਵੱਡੇ ਕਦਮਾਂ ਅਤੇ ਸਵੈ-ਪੜਚੋਲ ਦੀ ਲੋੜ ਹੈ।

ਮੌਜੂਦਾ ਲੀਡਰਸ਼ਿਪ ਨੂੰ ਚੁਣੌਤੀ ਦੇਣ ਵਾਲੇ ਆਗੂਆਂ ਦਾ ਮੰਨਣਾ ਹੈ ਕਿ ਇਹ ਸਮਾਂ ਨਿੱਜੀ ਚੌਧਰਾਂ ਜਾਂ ਅਹੁਦਿਆਂ ਦੀ ਪ੍ਰਾਪਤੀ ਦਾ ਨਹੀਂ, ਲੋਕਾਂ ਅਤੇ ਸਿੱਖਾਂ ਵਿੱਚ ਪਾਰਟੀ ਦੀ ਖ਼ਤਮ ਹੋ ਚੁੱਕੀ ਸ਼ਾਖ ਨੂੰ ਬਹਾਲ ਕਰਨ ਦਾ ਹੈ। ਲੀਡਰਸ਼ਿਪ ਤਬਦੀਲੀਦੇ ਹਾਮੀਆਂ ਨੂੰ ਪਾਰਟੀ ਤੋਂ ਕੱਢਣ ਅਤੇ ਧਮਕਾਉਣ ਲਈ ਦਲ ਦੇ ਪ੍ਰਧਾਨ ਨੇ ਕਾਹਲੀ ਵਿੱਚ ਪਾਰਟੀ ਜ਼ਾਬਤਾ ਕਮੇਟੀ ਬਣਾ ਦਿੱਤੀ ਹੈ, ਜਦ ਕਿ ਪਾਰਟੀ ਦਾ ਢਾਂਚਾ ਭੰਗ ਹੋਣ ਕਾਰਨ ਕਿਸੇ ਕੋਲ ਕੋਈ ਅਹੁਦਾ ਨਾ ਹੋਣ ਕਰਕੇ ਕਮੇਟੀ ਕੇਵਲ ਕਿਸੇ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਹੀ ਕੱਢ ਸਕੇਗੀ। ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਬੀਤੇ ਦਿਨੀਂ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਪਾਰਟੀ ਵਿਚਲੇ ਆਗੂਆਂ ਦੀ ਪਾਰਟੀ ਪ੍ਰਧਾਨ ਤੋਂ ਤਿਆਗ ਦੀ ਭਾਵਨਾ ਦਿਖਾ ਕੇ ਅਸਤੀਫ਼ੇ ਦੀ ਮੰਗ ਦਾ ਜ਼ਿਕਰ ਕੀਤਾ ਤਾਂ ਸੁਖਬੀਰ ਸਿੰਘ ਬਾਦਲ ਨੇ ਸਾਫ ਕਹਿ ਦਿੱਤਾ ਕਿ ਉਹ ਨਾ ਤਾਂ ਅਸਤੀਫ਼ਾ ਦੇਣਗੇ ਅਤੇ ਨਾਉਨ੍ਹਾਂ ਨਾਲ ਦੁਬਾਰਾ ਇਸ ਬਾਰੇ ਗੱਲ ਕੀਤੀ ਜਾਵੇ। ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਪਾਰਟੀ ਅੰਦਰ ਦੀ ਟਕਰਾਅ ਦੀ ਹਾਲਤਬਾਰੇ ਅਜੇ ਸਪੱਸ਼ਟ ਕੁਝ ਨਹੀਂ ਕਹਿ ਰਹੇ, ਪਰ ਚਰਚਾ ਹੈ ਕਿ ਪਾਰਟੀ ਅੰਦਰ ਟਕਰਾਅ ਵੱਧਣ ਨਾਲ ਡੇਰਾ ਮੁੱਖੀ ਨਾਲ ਅਕਾਲੀ ਦਲ ਦੀ ਬੀਤੇ ਸਮੇਂ ਦੀ ਨੇੜਤਾ ਬਾਰੇ ਕੁਝ ਸਨਸਨੀਖ਼ੇਜ਼ ਤੱਥ ਸਾਹਮਣੇ ਆ ਸਕਦੇ ਹਨ, ਜਿਨ੍ਹਾਂ ਕਾਰਨ ਪਾਰਟੀ ਲੀਡਰਸ਼ਿਪ ਦੀ ਸਥਿਤੀ ਹੋਰ ਵਿਗੜ ਸਕਦੀ ਹੈ। ਕੁਝ ਹਲਕਿਆਂ ਵੱਲੋਂ ਬੀਤੇ ਸਮੇਂ ਦੌਰਾਨ ਪਾਰਟੀ ਤੋਂ ਦੂਰ ਹੋਏ ਸਾਰੇ ਆਗੂਆਂ ਨੂੰ ਇੱਕ ਮੰਚ ਉੱਤੇ ਲਿਆਉਣ ਲਈ ਕੋਸ਼ਿਸ਼ ਹੋ ਰਹੀ ਹੈ, ਪਰ ਪਾਰਟੀ ਅੰਦਰ ਖਿੱਚੋਤਾਣ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਦੀ ਨਵੰਬਰ ਵਿੱਚ ਹੋ ਰਹੀ ਚੋਣ ਵੀ ਪਾਰਟੀ ਲਈ ਚੁਣੌਤੀ ਬਣ ਰਹੀ ਹੈ ਕਿ ਮੌਜੂਦਾ ਹਾਲਾਤ ਦੌਰਾਨ ਪਾਰਟੀ ਅੰਦਰ ਉਠਦੀਆਂ ਧੜੇਬੰਦੀਆਂ ਦੇ ਹੁੰਦਿਆਂ ਅਕਾਲੀ ਦਲ ਦੇ ਪ੍ਰਧਾਨ ਲਈ ਜੇਬ ਵਿੱਚੋਂ ਪ੍ਰਧਾਨ ਤੇ ਅਹੁਦੇਦਾਰਾਂ ਦੀ ਪਰਚੀ ਕੱਢਣਾ ਸੰਭਵ ਨਹੀਂ ਹੋਵੇਗਾ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਵੀਬੀਤੇ ਕੁਝ ਸਮੇਂ ਤੋਂ ਦਿੱਤੀ ਰਾਏ ਅਤੇ ਆਦੇਸ਼ਾਂ ਨੂੰ ਅਕਾਲੀ ਦਲ ਦੇ ਵੱਡੇ ਧੜੇ ਅਣਗੌਲਿਆਂ ਕਰਨ ਲੱਗ ਪਏ ਹਨ। ਉਨ੍ਹਾ ਨੇ ਸਿਆਸਤ ਛੱਡਕੇ ਪੰਥਕ ਮੁੱਦਿਆਂ ਵੱਲ ਧਿਆਨ ਦੇਣ ਅਤੇ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਦਾ ਕੀਰਤਨ ਟੈਲੀਕਾਸਟ ਕਰਨ ਬਾਰੇ ਆਪਣੇ ਪ੍ਰਬੰਧ ਲਈ ਆਦੇਸ਼ ਦਿੱਤੇ ਸਨ, ਪਰ ਸ਼੍ਰੋਮਣੀ ਕਮੇਟੀ ਨੇ ਅਣਸੁਣਿਆਂਕਰ ਦਿੱਤਾ ਹੈ।

## ਟਾਈਟਲਰ ਦੀ ਤਸਵੀਰ ਵਾਲੀ ਟੀ-ਸ਼ਰਟ ਨਾਲ ਫੋਟੋ ਖਿਚਵਾਉਣ ਵਾਲੇ ਕਾਂਗਰਸੀ ਆਗੂ ਵਿਰੁੱਧ ਸ਼ਿਕਾਇਤ

ਅੰਮ੍ਰਿਤਸਰ, 18 ਅਗਸਤ (ਪੋਸਟ ਬਿਊਰੋ)- ਪਰਸੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਾਂਗਰਸੀ ਨੌਜਵਾਨ ਵੱਲੋਂ ਦਿੱਲੀ ਦੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ ਫੋਟੋ ਵਾਲੀ ਟੀ-ਸ਼ਰਟ ਪਾ ਕੇ ਆਉਣ ਅਤੇ ਫੋਟੋ ਖਿਚਵਾਂ ਕੇ ਵਾਇਰਲ ਕਰਨ ਵਿਰੁੱਧ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੇ ਪੁਲਸ ਨੂੰ ਸ਼ਿਕਾਇਤ ਦੇ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਦੇ ਦੋਸ਼ ਹੇਠ ਉਸ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਦੇ ਐਸ ਸੀ ਵਿੰਗ ਨਾਲ ਸਬੰਧਤ ਕਮਲਜੀਤ ਸਿੰਘ ਗਿੱਲ ਨਾਂਅ ਦੇ ਨੌਜਵਾਨ ਨੇ 16 ਅਗਸਤ ਨੂੰ ਸਵੇਰੇ 6.30 ਵਜੇ ਦੇ ਕਰੀਬ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਟਾਈਟਲਰ ਵਾਲੀ ਟੀ-ਸ਼ਰਟ ਪਹਿਨ ਕੇ ਫੋਟੋ ਖਿਚਵਾਈ ਤੇ ਫਿਰ ਇਸ ਨੂੰ ਸੋਸ਼ਲ ਮੀਡੀਆ ਉੱਤੇ ਵਾਇਰਲ ਕਰ ਦਿੱਤਾ। ਪਤਾ ਲੱਗਾ ਹੈ ਕਿ ਉਸ ਨੇ ਕੁਝ ਸਮਾਂ ਪਹਿਲਾਂ ਅੰਮ੍ਰਿਤਸਰ ਵਿਖੇ ਟਾਈਟਲਰ ਦੀ ਫੋਟੋ ਵਾਲਾ ਇੱਕ ਹੋਰਡਿੰਗ ਵੀ ਲਾਇਆ ਸੀ, ਜਿਸ ਦਾ ਸਿੱਖ ਜਥੇਬੰਦੀਆਂ ਨੇ ਤਿੱਖਾ ਵਿਰੋਧ ਕੀਤਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਕਰੜੀ ਨਿੰਦਾ ਕਰਦਿਆਂ ਕਿਹਾ ਹੈ ਕਿ ਜਿਸ ਨੇ ਇਹ ਹਰਕਤ ਕੀਤੀ ਹੈ, ਉਸ ਖ਼ਿਲਾਫ਼ ਕਾਰਵਾਈ ਲਈ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਦਰਬਾਰ ਸਾਹਿਬ ਕੰਪਲੈਕਸ ਵਿਖੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਤੋਂ ਮਿਲੀ ਫੁਟੇਜ ਅਨੁਸਾਰ ਇਹ ਕਾਂਗਰਸੀ 16 ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਦੁਆਰ ਤੋਂ ਸਾਧਾਰਨ ਕੱਪੜਿਆਂ ਵਿੱਚ ਪਰਿਕਰਮਾ ਰਾਹੀਂ ਆਇਆ ਅਤੇ ਆਟਾ ਮੰਡੀ ਵਾਲੇ ਦੁਆਰ ਵੱਲੋਂ ਉਸ ਨੇ ਇਸ਼ਨਾਨ ਕਰਨ ਪਿੱਛੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ ਫੋਟੋ ਵਾਲੀ ਟੀ-ਸ਼ਰਟ ਪਹਿਨ ਲਈ ਤੇ ਬਿਨਾਂ ਮੱਥਾ ਟੇਕਿਆਂ ਬਾਹਰ ਚਲਾ ਗਿਆ। ਇਸੇ ਦੌਰਾਨ ਏ ਸੀ ਪੀ ਕੇਂਦਰੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ ਉੱਤੇ ਉਸ ਵਿਅਕਤੀ ਵਿਰੁੱਧ ਥਾਣਾ ਈ ਡਵੀਜ਼ਨ ਵਿਖੇ ਕੇਸ ਦਰਜ ਕੀਤਾ ਜਾ ਰਿਹਾ ਹੈ।



## ਪ੍ਰਧਾਨ ਮੰਤਰੀ ਨਰਿੰਦਰ ਮੋਦੀ 24 ਅਗਸਤ ਨੂੰ ਪੰਜਾਬ ਆਉਣਗੇ

### *ਮੁਹਾਲੀ ਵਿੱਚ ਕੈਂਸਰ ਹਸਪਤਾਲ ਦਾ ਉਦਘਾਟਨਕੀਤਾ ਜਾਵੇਗਾ



ਐਸ ਏ ਐਸ ਨਗਰ, 18 ਅਗਸਤ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ 24 ਅਗਸਤ ਨੂੰ ਜ਼ਿਲ੍ਹਾ ਮੁਹਾਲੀ ਦੇ ਕਸਬਾ ਮੁੱਲਾਂਪੁਰ ਗਰੀਬਦਾਸ ਵਿਖੇ ਹੋਮੀ ਭਾਬਾ ਕੈਂਸਰ ਹਸਪਤਾਲ ਤੇ ਖੋਜ ਕੇਂਦਰ ਦਾ ਉਦਘਾਟਨ ਕਰਨ ਲਈ ਆਉਣ ਵਾਲੇ ਹਨ। ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ 300 ਬੈੱਡਾਂ ਵਾਲੇ ਇਸ ਹਸਪਤਾਲ ਵਿੱਚ ਡੇਅ ਕੇਅਰ ਦੀ ਸਹੂਲਤ ਵੀ ਹੋਵੇਗੀ ਅਤੇ ਇਸਦਾ ਜਾਇਜ਼ਾ ਕੱਲ੍ਹ ਪੰਜਾਬ ਦੇ ਚੀਫ ਸੈਕਟਰੀ ਵਿਜੇ ਕੁਮਾਰ ਜੰਜੂਆ ਨੇ ਲਿਆ ਹੈ।

ਵਰਨਣ ਯੋਗ ਹੈ ਕਿ ਇਸ ਹਸਪਤਾਲ ਦਾ ਨੀਂਹ ਪੱਥਰ ਪਿੱਛਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਰੱਖਿਆ ਗਿਆ ਸੀ। ਇਸ ਦੇ ਚੱਲਣ ਨਾਲ ਪੰਜਾਬ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਰਾਜਸਥਾਨ ਦੇ ਮਰੀਜ਼ਾਂ ਨੂੰ ਲਾਭ ਮਿਲੇਗਾ। ਹੋਮੀ ਭਾਬਾ ਕੈਂਸਰ ਹਸਪਤਾਲ ਤੇ ਖੋਜ ਕੇਂਦਰ 300 ਬੈਡਾਂ ਦੀ ਸਮਰੱਥਾ ਵਾਲੀ ਸਿਹਤ ਸੰਸਥਾ ਹੋਵੇਗਾ, ਜੋ ਇਸ ਸਮੇਂ ਸੰਕੇਤਕ ਤੌਰ ਉੱਤੇ ਕੰਮ ਕਰ ਰਹੀ ਹੈ। ਇਸਦੇ ਵੱਖ-ਵੱਖ ਵਿਭਾਗਾਂ ਜਿਵੇਂ ਸਰਜੀਕਲ ਓਨਕੋਲੋਜੀ, ਮੈਡੀਕਲ ਓਨਕੋਲੋਜੀ, ਰੇਡੀਏਸ਼ਨ ਓਨਕੋਲੋਜੀ, ਪ੍ਰੀਵੈਂਟਿਵ ਓਨਕੋਲੋਜੀ, ਅਨੈਸਥੀਸੀਆ ਅਤੇ ਪੈਲੀਏਟਿਵ ਕੇਅਰ ਦੇ ਓ ਪੀ ਡੀਜ਼ ਦੀ ਸ਼ੁਰੂਆਤ ਹੋ ਗਈ ਹੈ। ਇਸ ਤੋਂ ਇਲਾਵਾ ਵੱਖ-ਵੱਖ ਕਿਸਮ ਦੇ ਕੈਂਸਰ ਦੇ ਇਲਾਜ਼ ਲਈ ਐਮ ਆਰ ਆਈ ਸੀਟੀ ਸਕੈਨ, ਮੈਮੋਗ੍ਰਾਫੀ, ਡਿਜੀਟਲ ਰੇਡੀਓਗ੍ਰਾਫੀ, ਐਲ ਆਈ ਐਨ ਏ ਸੀ ਆਰ ਟੀ ਬ੍ਰੈਕੀਥੈਰੇਪੀ ਵਰਗੀਆਂ ਅਤਿ-ਆਧੁਨਿਕ ਸਹੂਲਤਾਂ ਵੀ ਹਨ। ਪਤਾ ਲੱਗਾ ਹੈ ਕਿ ਇਸ ਸਮੇਂਹਸਪਤਾਲ ਵਿੱਚ ਬਾਇਓਪਸੀ ਅਤੇ ਸੁਪਰਫਿਸ਼ੀਅਲ ਸਰਜਰੀ ਲਈ ਕੀਮੋਥੈਰੇਪੀ ਅਤੇ ਮਾਮੂਲੀ ਓ ਟੀ ਲਈ ਡੇਅ ਕੇਅਰ ਦੀ ਸਹੂਲਤ ਵੀ ਹੈ। ਇਸ ਹਸਪਤਾਲ ਦੀ ਉਸਾਰੀ ਦਾ ਕੰਮ ਕਰੀਬ ਛੇ ਮਹੀਨਿਆਂ ਵਿੱਚ ਮੁਕੰਮਲ ਹੋਣ ਦੀ ਆਸ ਹੈ ਅਤੇ ਫਿਰ ਸਾਰੇ 300 ਬੈਡ ਸ਼ੁਰੂ ਹੋ ਜਾਣਗੇ।

## ਪ੍ਰੇਮੀ ਜੋੜਾ ਲੁਧਿਆਣਾ ਤੋਂ ਚੋਰੀ ਕੀਤੀਆਂ ਐਕਟਿਵਾ ਵੇਚਣ ਆਇਆ ਫੜਿਆ ਗਿਆ



ਜਲੰਧਰ, 18 ਅਗਸਤ (ਪੋਸਟ ਬਿਊਰੋ)- ਲੁਧਿਆਣੇ ਵਿੱਚ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੇ ਪ੍ਰੇਮੀ ਜੋੜੇ ਨੂੰ ਸੀ ਆਈ ਏ ਸਟਾਫ ਦੀ ਪੁਲਸ ਨੇ ਚੋਰੀ ਦੀਆਂ ਦੋ ਐਕਟਿਵਾ ਸਮੇਤ ਗ੍ਰਿਫ਼ਤਾਰ ਕੀਤਾ ਹੈ। ਦੋਵੇਂ ਮੁਲਜ਼ਮ ਲੁਧਿਆਣੇ ਤੋਂ ਐਕਟਿਵਾ ਉੱਤੇ ਆਏ ਸਨ, ਜਿਨ੍ਹਾਂ ਨੂੰ ਵੇਚਣ ਪਿੱਛੋਂਉਨ੍ਹਾਂ ਬੱਸ ਰਾਹੀਂ ਵਾਪਸ ਲੁਧਿਆਣੇ ਜਾਣਾ ਸੀ। ਪੁਲਸ ਨੇ ਮੁਲਜ਼ਮਾਂ ਨੂੰ ਰਿਮਾਂਡ ਉੱਤੇ ਲੈ ਕੇ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਤੋਂ ਚੋਰੀ ਦੇ ਤਿੰਨ ਮੋਟਰਸਾਈਕਲ ਵੀ ਮਿਲੇ ਹਨ।

ਸੀ ਆਈ ਏ ਸਟਾਫ-1 ਦੇ ਇੰਚਾਰਜ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਗੁਪਤ ਸੂਚਨਾ ਉੱਤੇ ਪਠਾਨਕੋਟ ਚੌਕ ਨੇੜੇ ਨਾਕਾਬੰਦੀ ਕੀਤੀ ਸੀ। ਇਸ ਦੌਰਾਨ ਵੱਖ-ਵੱਖ ਚਿੱਟੇ ਰੰਗ ਦੀਆਂ ਐਕਟਿਵਾ ਉੱਤੇ ਸਵਾਰ ਇੱਕ ਨੌਜਵਾਨ ਅਤੇ ਔਰਤ ਅਚਾਨਕ ਪੁਲਸ ਨੂੰ ਦੇਖ ਕੇ ਰੁਕ ਗਏ। ਸ਼ੱਕ ਪੈਣ ਉੱਤੇ ਉਨ੍ਹਾਂ ਦੀ ਟੀਮ ਨੇ ਉਨ੍ਹਾਂ ਨੂੰ ਘੇਰ ਕੇ ਪੁੱਛਗਿੱਛ ਕੀਤੀ ਅਤੇ ਐਕਟਿਵਾ ਉੱਤੇ ਲੱਗੇ ਨੰਬਰ ਪਲੇਟ ਤੋਂ ਨੰਬਰ ਚੈਕ ਕੀਤਾ ਤਾਂ ਜਾਅਲੀ ਨਿਕਲਿਆ। ਮੁਲਜ਼ਮਾਂ ਨੇ ਆਪਣੇ ਨਾਂ ਗੁਰਪ੍ਰੀਤ ਗੋਪੀ ਪੁੱਤਰ ਜੋਗਿੰਦਰਪਾਲ ਵਾਸੀ ਭੱਟੀਆਂ ਕਾਲੋਨੀ ਲੁਧਿਆਣਾ ਅਤੇ ਨੀਤੂ ਪਤਨੀ ਸੋਨੂੰ ਲਾਖਾ ਮੂਲ ਵਾਸੀ ਮੋਤੀਬਾਗ ਜਲੰਧਰ ਦੱਸਿਆ। ਉਨ੍ਹਾਂ ਨੇ ਮੰਨਿਆ ਕਿ ਉਹ ਬਿਨਾਂ ਵਿਆਹ ਕਰਵਾਏ ਇਕੱਠੇ ਲੁਧਿਆਣੇ ਰਹਿੰਦੇ ਹਨ ਅਤੇ ਪਿਛਲੇ ਇੱਕ ਸਾਲ ਤੋਂ ਇੱਕ-ਦੂਜੇ ਨੂੰ ਜਾਣਦੇ ਹਨ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਮੁਲਜ਼ਮਾਂ ਨੇ ਦੋਵੇਂ ਐਕਟਿਵਾ ਲੁਧਿਆਣੇ ਦੇ ਇੱਕ ਪਾਰਕਿੰਗ ਸਥਾਨ ਤੋਂ ਚੋਰੀ ਕੀਤੀਆਂ ਅਤੇ ਵੇਚਣ ਏਥੇ ਆਏ ਸਨ। ਗੋਪੀ ਅਕਸਰ ਚੋਰੀ ਦੇ ਵਾਹਨ ਵੇਚਣ ਲਈ ਨੀਤੂ ਨੂੰ ਅੱਗੇ ਕਰਦਾ ਸੀ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਫੜੇ ਜਾਣ ਦੇ ਡਰੋਂ ਉਹ ਲੁਧਿਆਣਾ ਤੋਂ ਜਲੰਧਰ ਐਕਟਿਵਾ ਵੇਚਣ ਆਏ ਸਨ। ਉਨ੍ਹਾ ਦੀ ਨਿਸ਼ਾਨਦੇਹੀ ਉੱਤੇ ਤਿੰਨ ਸਪਲੈਂਡਰ ਮੋਟਰਸਾਈਕਲ ਵੀ ਮਿਲੇਹਨ, ਜਿਨ੍ਹਾਂ ਨੂੰ ਐਕਟਿਵਾ ਤੋਂ ਬਾਅਦ ਵੇਚਣਾ ਸੀ।ਗੋਪੀ ਇਲੈਕਟ੍ਰੀਸ਼ੀਅਨ ਹੈ ਅਤੇ ਨੀਤੂ ਲੁਧਿਆਣੇ ਵਿੱਚ ਪ੍ਰਾਈਵੇਟ ਜੌਬ ਕਰਦੀ ਹੈ। ਨੀਤੂ ਦਾ ਵਿਆਹ ਕਿਸੇ ਹੋਰ ਨਾਲ ਹੋਇਆ ਸੀ ਪਰ ਅੱਜਕੱਲਹ ਗੋਪੀ ਨਾਲ ਹੀ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੀ ਹੈ।

## ਹਵਾਲਾਤੀ ਦੀ ਪਿੱਠ ਉਤੇ ਗੈਂਗਸਟਰ ਲਿਖਣ ਦਾ ਦੋਸ਼



ਫਿਰੋਜ਼ਪੁਰ, 18 ਅਗਸਤ (ਪੋਸਟ ਬਿਊਰੋ)- ਸਥਾਨਕ ਕੇਂਦਰੀ ਜੇਲ੍ਹ ਵਿੱਚ ਇੱਕ ਹਵਾਲਾਤੀ ਦੀ ਪਿੱਠ ਉੱਤੇ ਗੈਂਗਸਟਰ ਲਿਖੇ ਹੋਣ ਦੀ ਖਬਰ ਆਈ ਹੈ। ਇਹ ਸ਼ਬਦ ਕਿਸੇ ਗਰਮ ਚੀਜ਼ ਨਾਲ ਲਿਖਿਆ ਜਾਪਦਾ ਹੈ। ਇਸ ਹਵਾਲਾਤੀ ਦੀ ਪਛਾਣ ਤਰਸੇਮ ਸਿੰਘ ਉਰਫ ਜੋਧਾ ਪਿੰਡ ਮਿਰਜ਼ਾਪੁਰ ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਹੈ, ਜਿਸ ਨੂੰ ਕੱਲ੍ਹ ਕਪੂਰਥਲਾ ਦੀ ਅਦਾਲਤ ਪੇਸ਼ੀ ਲਈ ਭੇਜਿਆ ਗਿਆ ਸੀ। ਅਦਾਲਤ ਨੇਉਸ ਦਾ ਮੈਡੀਕਲ ਕਰਨ ਦੇ ਹੁਕਮ ਦਿੱਤੇ ਤਾਂ ਸਰਕਾਰੀ ਹਸਪਤਾਲ ਵਿੱਚ ਉਸ ਦੀ ਪਿੱਠ ਉੱਤੇ ਗੈਂਗਸਟਰ ਸ਼ਬਦ ਲਿਖੇ ਹੋਣ ਦਾ ਪਤਾ ਲੱਗਾ ਹੈ। ਮੈਡੀਕਲ ਸਟਾਫ ਵੱਲੋਂ ਪੁੱਛਣ ਉੱਤੇ ਹਵਾਲਾਤੀ ਨੇ ਦੱਸਿਆ ਕਿ ਇਹ ਸ਼ਬਦ ਫਿਰੋਜ਼ਪੁਰ ਜੇਲ੍ਹ ਦੇ ਅਫਸਰਾਂ ਨੇ ਗਰਮ ਸਰੀਏ ਨਾਲ ਉਸ ਦੀ ਪਿੱਠ ਉੱਤੇ ਲਿਖਿਆ ਹੈ। ਜੇਲ੍ਹ ਦੇ ਡੀ ਆਈ ਜੀ ਤਜਿੰਦਰ ਸਿੰਘ ਮੌੜ ਨੇ ਇਨ੍ਹਾਂ ਦੋਸ਼ਾਂ ਨੂੰ ਝੂਠ ਕਿਹਾ ਹੈ। ਉਨ੍ਹਾਂ ਦੱਸਿਆ ਕਿ ਬੀਤੀ 10 ਅਗਸਤ ਨੂੰ ਇਸ ਦਾ ਕੁਝ ਕੈਦੀਆਂ ਨਾਲ ਝਗੜਾ ਹੋਣ ਮਗਰੋਂ ਦੋਵਾਂਧਿਰਾਂ ਨੂੰ ਵੱਖ-ਵੱਖ ਬੈਰਕਾਂ ਵਿੱਚ ਬੰਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਹਵਾਲਾਤੀ ਨੇ ਆਪਣੇ ਕਿਸੇ ਸਾਥੀ ਕੋਲੋਂ ਇਹ ਸ਼ਬਦ ਲਿਖਵਾਏ ਹਨ ਤਾਂ ਜੋ ਜੇਲ੍ਹ ਅਧਿਕਾਰੀਆਂ ਨੂੰ ਬਦਨਾਮ ਕਰ ਸਕੇ। ਉਨ੍ਹਾਂ ਕਿਹਾ ਕਿ ਇਸ ਹਵਾਲਾਤੀ ਨੇ ਜੇਲ੍ਹ ਅਧਿਕਾਰੀਆਂ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਕਾਰਵਾਈ ਕਰਨ ਲਈ ਐਸ ਐਸ ਪੀ ਨੂੰ ਲਿਖਤੀ ਸ਼ਿਕਾਇਤ ਦਿੱਤੀ ਜਾ ਰਹੀ ਹੈ।


Steinmetz & Associates
PERSONAL INJURY LAWYERS







ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW



# ਸੁਕੇਸ਼ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿੱਚ ਜੈਕਲੀਨ ਵੀ ਦੋਸ਼ੀ

ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਠੱਗ ਸੁਕੇਸ਼ ਚੰਦਰਸ਼ੇਖਰ ਅਤੇ ਹੋਰਨਾਂ ਨਾਲ ਜੁੜੇ ਕਰੋੜਾਂ ਰੁਪਏ ਦੇ ਮਨੀ ਲਾਂਡਰਿੰਗ ਕੇਸ ਵਿੱਚ ਕੱਲ੍ਹ ਨਵਾਂ ਦੋਸ਼ ਪੱਤਰ ਪੇਸ਼ ਕੀਤਾ ਹੈ। ਇਸ ਵਿੱਚ ਬਾਲੀਵੁੱਡ ਅਭਿਨੇਤਰੀ ਜੈਕਲੀਨ ਫਰਨਾਂਡੀਜ਼ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ।

ਇਸ ਘਟਨਾਕ੍ਰਮ ਉੱਤੇ ਜੈਕਲਿਨ ਨੇ ਆਪਣੀ ਇੰਸਟਾਗ੍ਰਾਮ ਪੋਸਟ ਵਿੱਚ ਕਿਸੇ ਅਣਪਛਾਤੇ ਨੂੰ ਸੁਨੇਹਾ ਦਿੰਦੇ ਹੋਏ ਕਿਹਾ, ‘‘ਮੈਂ ਸਾਰੀਆਂ ਚੰਗੀਆਂ ਚੀਜ਼ਾਂ ਦੇ ਲਾਇਕ ਹਾਂ, ਮੈਂ ਸ਼ਕਤੀਸ਼ਾਲੀ ਹਾਂ, ਮੈਂ ਖੁਦ ਨੂੰ ਸਵੀਕਾਰ ਕਰਦੀ ਹਾਂ। ਸਭ ਠੀਕ ਹੋ ਜਾਏਗਾ। ਮੈਂ ਮਜ਼ਬੂਤ ਹਾਂ, ਮੈਂ ਆਪਣੇ ਟੀਚੇ ਅਤੇ ਸੁਫਨੇ ਹਾਸਲ ਕਰਾਂਗੀ। ਮੈਂ ਇਹ ਕਹਿ ਸਕਦੀ ਹਾਂ।''ਸਰਕਾਰੀ ਸੂਤਰਾਂ ਨੇ ਦੱਸਿਆ ਕਿ ਜਾਂਚ ਏਜੰਸੀ ਨੇ ਨਵਾਂ ਦੋਸ਼ ਪੱਤਰ ਦਿੱਲੀ ਦੀ ਵਿਸ਼ੇਸ਼ ਪੀ ਐਮ ਐਲ ਏ ਅਦਾਲਤ ਨੂੰ ਪੇਸ਼ ਕੀਤਾ ਹੈ ਅਤੇ ਇਸ ਵਿੱਚ ਸਿਰਫ ਜੈਕਲੀਨ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਅਦਾਲਤ ਇਸਦੀ 31 ਅਗਸਤ ਨੂੰ ਸੁਣਵਾਈ ਕਰੇਗੀ।

## ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਮੰਗ ਪੱਤਰ ਦੇਣ ਗਏ ਪੰਥਕ ਆਗੂਆਂ ਨਾਲ ਝੜਪ




ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਮੰਗ ਪੱਤਰ ਦੇਣ ਗਏ ਪੰਥਕ ਆਗੂਆਂ ਦੀ ਆਪਸ ਵਿੱਚ ਝੜਪ ਹੋ ਗਈ।

ਵਰਨਣ ਯੋਗ ਹੈ ਕਿ ਇਹ ਪੰਥਕ ਵਫਦ ਨਿੱਜੀ ਤੌਰ ਉੱਤੇ ਹਰਮੀਤ ਸਿੰਘ ਕਾਲਕਾ ਨੂੰ ਮਿਲ ਕੇ ਸ੍ਰੀ ਰਕਾਬ ਗੰਜ ਸਾਹਿਬ ਦੇ ਅਸਥਾਨ ਉੱਤੇ ਭਾਈ ਲੱਖੀ ਸ਼ਾਹ ਵਣਜਾਰਾ ਵਰਗੀ ਪ੍ਰਸਿੱਧ ਸਿੱਖ ਹਸਤੀ ਦੀ ਯਾਦ ਵਿੱਚ ਕਰਵਾਏ ਸਮਾਗਮਾਂ ਵਿੱਚ ਬੇਅਦਬੀ ਦੀਆਂ ਕਾਰਵਾਈਆਂ, ਰੀਤ-ਨਾਚ ਅਤੇ ਬੀੜੀਆਂ-ਸਿਗਰਟਾਂ ਦੇ ਸੇਵਨ ਦਾ ਸਪੱਸ਼ਟੀਕਰਨ ਮੰਗਣ ਗਏ ਸਨ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਜੀ ਕੇ ਦੀ ਅਗਵਾਈ ਹੇਠਲੇ ਵਫਦ ਨੂੰ ਹਰਮੀਤ ਸਿੰਘ ਕਾਲਕਾ ਨਾਲ ਮਿਲਣ ਨਾ ਦਿੱਤਾ ਗਿਆ ਤਾਂ ਦੋਵਾਂ ਧਿਰਾਂ ਦੀ ਝੜਪ ਹੋਈ। ਸਰਨਾ ਨੇ ਕਿਹਾ ਕਿ ਉਹ ਇਸ ਸਬੰਧ ਵਿੱਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਮੰਗ ਪੱਤਰ ਦੇਣਗੇ। ਉਨ੍ਹਾ ਦੱਸਿਆ ਕਿ ਭਾਈ ਲੱਖੀ ਸਾਹ ਵਣਜਾਰਾ ਦੇ 444ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਮੌਕੇ ਮਹਿਮਾਨਾਂ ਵੱਲੋਂ ਪਵਿੱਤਰ ਅਸਥਾਨ ਉੱਤੇ ਸਿਗਰਟ, ਬੀੜੀ, ਪਾਨ ਦਾ ਸੇਵਨ ਕੀਤਾ ਗਿਆ ਹੈ, ਜਦ ਕਿ ਅਜਿਹੀ ਸਿੱਖ ਸ਼ਖਸੀਅਤ ਦੇ ਜਨਮ ਦਿਹਾੜੇ ਨੂੰ ਮਨਾਉਣ ਦਾ ਪੰਥਕ ਤਰੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਕੀਰਤਨ ਦਰਬਾਰ ਕਰਵਾਉਣਾ ਹੈ।ਸਰਨਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ, ਸ਼੍ਰੋਮਣੀ ਅਕਾਲੀ ਦਲ ਤੇ ਜਾਗੋ ਪਾਰਟੀ ਨਾਲ ਸਬੰਧਤ ਦਿੱਲੀ ਕਮੇਟੀ ਮੈਂਬਰ ਅਤੇ ਪਾਰਟੀ ਵਰਕਰ ਇਸ ਮੌਕੇ ਮੌਜੂਦ ਸਨ। ਇਸ ਮੌਕੇ ਹਰਵਿੰਦਰ ਸਿੰਘ ਸਰਨਾ ਨੇ ਹਰਮੀਤ ਸਿੰਘ ਕਾਲਕਾ ਨੂੰ ਕਿਹਾ ਕਿ ਏਦਾਂ ਦੇ ਪ੍ਰੋਗਰਾਮ ਪਹਿਲਾਂ ਵੀ ਹੁੰਦੇ ਰਹੇ ਸਨ ਅਤੇ ਅੱਗੇ ਵੀ ਹੁੰਦੇ ਰਹਿਣਗੇ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਕਾਲਕਾ ਵੱਲੋਂ ਕੋਈ ਸਾਰਥਕ ਜਵਾਬ ਨਹੀਂ ਮਿਲਿਆ, ਗੁਰੂ ਸਾਹਿਬ ਦੇ ਸ਼ਹੀਦੀ ਅਸਥਾਨ ਉੱਤੇ ਬੇਅਬੀ ਹੋਈ ਹੈ ਜਿਸ ਨੂੰ ਕਾਬਜ਼ ਧਿਰ ਮੰਨਣ ਨੂੰ ਤਿਆਰ ਨਹੀਂ ਹੈ, ਜਿਸ ਉੱਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

# ਕੇਜਰੀਵਾਲ ਵੱਲੋਂ ਰਾਸ਼ਟਰੀ ਮਿਸ਼ਨ ‘ਮੇਕ ਇੰਡੀਆ ਨੰਬਰ-1’ ਸ਼ੁਰੂ






ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੱਲ੍ਹ ਤਾਲਕਟੋਰਾ ਸਟੇਡੀਅਮ ਵਿੱਚ ਰਾਸ਼ਟਰੀ ਮਿਸ਼ਨ ‘ਮੇਕ ਇੰਡੀਆ ਨੰਬਰ 1' ਸ਼ੁਰੂ ਕਰਦੇ ਹੋਏ ਕਿਹਾ ਕਿ ਦੇਸ਼ ਨੂੰ ਦੁਨੀਆ ਦਾ ਸਭ ਤੋਂ ਮਜ਼ਬੂਤ ਦੇਸ਼ ਬਣਾਉਣਾ ਸਾਡਾ ਮਿਸ਼ਨ ਹੈ। ਆਉ ਮਿਲ ਕੇ ਭਾਰਤ ਨੂੰ ਨੰਬਰ-1 ਬਣਾਈਏ। ਇਸ ਲਈ ਸਾਨੂੰ ਦੇਸ਼ ਵਿੱਚ ਸਾਰਿਆਂ ਲਈ ਚੰਗੀ ਅਤੇ ਮੁਫ਼ਤ ਸਿੱਖਿਆ ਤੇ ਸਿਹਤ ਸਹੂਲਤਾਂ, ਹਰ ਨੌਜਵਾਨ ਨੂੰ ਰੁਜ਼ਗਾਰ, ਹਰ ਔਰਤ ਨੂੰ ਸਨਮਾਨ ਅਤੇ ਸੁਰੱਖਿਆ ਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੀ ਪੂਰੀ ਕੀਮਤਯਕੀਨੀ ਦੇਣੀ ਪਵੇਗੀ। ਮੈਂ ਦੇਸ਼ ਦੇ 130 ਕਰੋੜ ਲੋਕਾਂ ਨੂੰ ਇਸ ਰਾਸ਼ਟਰੀ ਮਿਸ਼ਨ ਨਾਲ ਜੁੜਨ ਦੀ ਅਪੀਲ ਕਰਦਾ ਹਾਂ। ਇਹ ਕਿਸੇ ਪਾਰਟੀ ਦਾ ਮਿਸ਼ਨ ਨਹੀਂ ਹੈ। ਭਾਜਪਾ ਅਤੇ ਕਾਂਗਰਸ ਸਮੇਤ ਦੇਸ਼ ਦੀਆਂ ਸਾਰੀਆਂ ਪਾਰਟੀਆਂ ਦੇ ਲੋਕਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ।

ਕੇਜਰੀਵਾਲ ਨੇ ਕਿਹਾ ਕਿ ਭਾਰਤ ਦੁਨੀਆ ਦੀ ਅਗਵਾਈ ਕਰ ਸਕਦਾ ਹੈ, ਪਰ ਸ਼ਰਤ ਹੈ ਕਿ ਦੇਸ਼ ਦੇ 130 ਕਰੋੜ ਲੋਕਾਂ ਨੂੰ ਆਪ ਵਾਗਡੋਰ ਸੰਭਾਲਣੀ ਪਵੇਗੀ। ਜੇ ਇਨ੍ਹਾਂ ਪਾਰਟੀਆਂ ਅਤੇ ਲੀਡਰਾਂ ਦੇ ਭਰੋਸੇ ਦੇਸ਼ ਛੱਡ ਦਿੱਤਾ ਜਾਵੇ ਤਾਂ ਭਾਰਤ ਹੋਰ 75 ਸਾਲ ਪਿੱਛੇ ਚਲਾ ਜਾਵੇਗਾ। ਉਨ੍ਹਾਂ ਵਿੱਚੋਂ ਕੁਝ ਨੂੰ ਸਿਰਫ਼ ਅਪਣਾ ਪਰਵਾਰ ਪਿਆਰਾ ਹੈ ਅਤੇ ਕੁਝ ਨੂੰ ਆਪਣੇ ਦੋਸਤ। ਕਿਸੇ ਨੇ ਦੇਸ਼ ਨੂੰ ਲੁੱਟਣਾ ਹੈ। ਮੈਂ ਦੇਸ਼ ਦੇ ਹਰ ਕੋਨੇ ਵਿੱਚ ਜਾਵਾਂਗਾ ਅਤੇ ਲੋਕਾਂ ਨੂੰ ਜੋੜਾਂਗਾ। ਜਦੋਂ 130 ਕਰੋੜ ਲੋਕ ਇਸ ਮਿਸ਼ਨ ਨਾਲ ਜੁੜ ਜਾਂਦੇ ਹਨ ਤਾਂ ਭਾਰਤ ਨੂੰ ਸਰਬੋਤਮ ਅਤੇ ਸਭ ਤੋਂ ਸ਼ਕਤੀਸ਼ਾਲੀ ਰਾਸ਼ਟਰ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ ਇੱਕ ਸਮਾਂ ਸੀ ਜਦੋਂ ਭਾਰਤ ਦਾ ਡੰਕਾ ਪੂਰੀ ਦੁਨੀਆਂ ਵਿੱਚ ਗੂੰਜਦਾ ਸੀ। ਅਸੀਂ ਭਾਰਤ ਨੂੰ ਮੁੜ ਦੁਨੀਆ ਦਾ ਨੰਬਰ ਇੱਕ ਦੇਸ਼ ਬਣਾਉਣਾ ਹੈ। ਅੱਜ ਅਸੀਂ ਇੱਕ ਰਾਸ਼ਟਰੀ ਮਿਸ਼ਨ ਸ਼ੁਰੂ ਕਰਨ ਜਾ ਰਹੇ ਹਾਂ। ਇਸ ਮਿਸ਼ਨ ਦਾ ਨਾਂ ‘‘ਮੇਕ ਇੰਡੀਆ ਨੰਬਰ-1'' ਹੈ। ਦੇਸ਼ ਦੇ 130 ਕਰੋੜ ਲੋਕਾਂ ਨੂੰ ਇਸ ਮਿਸ਼ਨ ਨਾਲ ਜੋੜਨਾ ਹੈ।

ਕੇਜਰੀਵਾਲ ਨੇ ਕਿਹਾ ਕਿ ਆਜ਼ਾਦੀ ਦੇ 75 ਸਾਲ ਹੋ ਗਏ ਹਨ। ਭਾਰਤ ਨੇ ਇਨ੍ਹਾਂ 75 ਸਾਲਾਂ ਵਿੱਚ ਬਹੁਤ ਕੁਝ ਹਾਸਲ ਕੀਤਾ ਹੈ, ਪਰ ਲੋਕਾਂ ਦੇ ਅੰਦਰ ਗੁੱਸਾ ਅਤੇ ਸਵਾਲ ਹੈ ਕਿ ਇਨ੍ਹਾਂ 75 ਸਾਲਾਂ ਅੰਦਰ ਕਈ ਛੋਟੇ ਦੇਸ਼ ਸਾਡੇ ਤੋਂ ਬਾਅਦ ਆਜ਼ਾਦ ਹੋਏ ਅਤੇ ਸਾਡੇ ਤੋਂ ਅੱਗੇ ਨਿਕਲ ਗਏ ਤਾਂ ਭਾਰਤ ਕਿਉਂ ਪਿੱਛੇ ਰਹਿ ਗਿਆ? ਸਿੰਗਾਪੁਰ ਭਾਰਤ ਤੋਂ 15 ਸਾਲਾਂ ਬਾਅਦ ਆਜ਼ਾਦ ਹੋਇਆ ਤੇ ਸਾਡੇ ਤੋਂ ਅੱਗੇ ਨਿਕਲ ਗਿਆ ਹੈ। ਜਪਾਨ ਵਿੱਚ ਹੀਰੋਸੀਮਾ ਅਤੇ ਨਾਗਾਸਾਕੀ ਉੱਤੇਐਟਮ ਬੰਬ ਡਿੱਗੇ ਸਨ, ਪਰ ਉਹ ਸਾਡੇ ਤੋਂ ਅੱਗੇ ਹੈ। ਹਿਟਲਰ ਤੋਂ ਬਾਅਦ ਦੂਜੇ ਵਿਸ਼ਵ ਯੁੱਧ ਵਿੱਚ ਤਹਿਸ ਨਹਿਸ ਹੋਣ ਵਾਲਾ ਜਰਮਨੀ ਸਾਡੇ ਤੋਂ ਅੱਗੇ ਨਿਕਲ ਗਿਆ ਹੈ। ਅਸੀਂ ਪਿੱਛੇ ਕਿਉਂ ਰਹਿ ਗਏ?

### ਉਚ ਜਾਤੀ ਦੇ ਘੜੇ ਵਿੱਚੋਂ ਪਾਣੀ ਪੀਣ ਦਾ ਮਾਮਲਾ:

## ਵਿਦਿਆਰਥੀ ਦੇ ਕਤਲ ਦੇ ਵਿਰੋਧ ਵਿੱਚ 12 ਕਾਂਗਰਸੀ ਕੌਂਸਲਰਾਂ ਵੱਲੋਂ ਅਸਤੀਫਾ

ਜੈਪੁਰ, 18 ਜੁਲਾਈ (ਪੋਸਟ ਬਿਊਰੋ)- 20 ਜੁਲਾਈ ਨੂੰ ਰਾਜਸਥਾਨ ਦੇ ਜਲੌਰ ਦੇ ਸੁਰਾਣਾ ਪਿੰਡ ਵਿੱਚ ਨਿੱਜੀ ਸਕੂਲ ਦੇ ਇੰਦਰਾ ਮੇਘਵਾਲ ਨਾਮੀ ਦਲਿਤ ਵਿਦਿਆਰਥੀ ਦੀ ਮੌਤ ਦਾ ਮਾਮਲਾ ਤੂਲ ਫੜ ਗਿਆ ਹੈ। ਵਿਦਿਆਰਥੀ ਦੀ 13 ਅਗਸਤ ਨੂੰ ਅਹਿਮਦਾਬਾਦ ਦੇ ਹਸਪਤਾਲ ਵਿੱਚ ਮੌਤ ਹੋ ਗਈ ਸੀ।

ਹੈਡਮਾਸਟਰ ਨੇ ਵਿਦਿਆਰਥੀ ਦੀ ਸਿਰਫ਼ ਇਸ ਲਈ ਕੁੱਟਮਾਰ ਕੀਤੀ ਕਿ ਉਸ ਨੇ ਉਚ ਜਾਤੀ ਦੇ ਬੱਚਿਆਂ ਅਤੇ ਅਧਿਆਪਕਾਂ ਲਈ ਰੱਖੇ ਘੜੇ ਵਿੱਚੋਂ ਪਾਣੀ ਪੀਤਾ ਸੀ। ਇਸ ਦੇ ਵਿਰੁੱਧ ਬਾਰਾਂ ਨਗਰ ਕੌਂਸਲ ਦੇ 12 ਕਾਂਗਰਸੀ ਕੌਂਸਲਰਾਂ ਨੇ ਅਸਤੀਫੇ ਭੇਜ ਦਿਤੇ ਹਨ। ਉਨ੍ਹਾਂ ਨੇ ਪਾਰਟੀ ਦੇ ਬਾਰਨ-ਅਟਰੂ ਵਿਧਾਇਕ ਪੰਨਾ ਚੰਦ ਮੇਘਵਾਲ ਦਾ ਸਮਰਥਨ ਕੀਤਾ, ਜਿਸ ਨੇ ਕੱਲ੍ਹ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਅਸਤੀਫ਼ਾ ਭੇਜਦੇ ਹੋਏ ਕਿਹਾ ਕਿ ਜੇ ਉਹ ਆਪਣੇ ਭਾਈਚਾਰੇ ਦੀ ਰਾਖੀ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਵਿਧਾਇਕ ਬਣੇ ਰਹਿਣ ਦਾ ਅਧਿਕਾਰ ਨਹੀਂ ਹੈ।

ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ਼ ਚਾਈਲਡ ਰਾਈਟਸ ਨੇ ਜ਼ਿਲ੍ਹਾ ਮੈਜਿਸਟਰੇਟ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਮਾਮਲਾ ਗੰਭੀਰ ਹੈ ਤੇ ਸੱਤ ਦਿਨਾਂ ਅੰਦਰ ਕੇਸ ਅਤੇ ਪ੍ਰਸ਼ਾਸਨ ਤੇ ਪੁਲਸ ਤੋਂ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੇ ਵੇਰਵੇ ਮੰਗੇ ਹਨ। ਰਾਜਸਥਾਨ ਦੇ ਸਿੱਖਿਆ ਮੰਤਰੀ ਬੀ ਡੀ ਕਾਲਾ ਨੇ ਕਿਹਾ ਕਿ ਸਰਕਾਰ ਉਸ ਨਿੱਜੀ ਸਕੂਲ ਦੀ ਮਾਨਤਾ ਰੱਦ ਕਰਨ ਲੱਗੀ ਹੈ, ਜਿੱਥੇ ਇਹ ਘਟਨਾ ਵਾਪਰੀ ਸੀ।

# ‘ਤਲਾਕ-ਏ-ਹਸਨ’ ਤਿੰਨ ਤਲਾਕ ਵਰਗਾ ਨਹੀਂ, ਔਰਤਾਂ ਕੋਲ ‘ਖੁਲ੍ਹਾਂ’ ਦਾ ਬਦਲ ਹੈ: ਸੁਪਰੀਮ ਕੋਰਟ



ਨਵੀਂ ਦਿੱਲੀ, 18 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮੁਸਲਮਾਨਾਂ ਵਿੱਚ ‘ਤਲਾਕ-ਏ-ਹਸਨ' ਨਾਲ ਤਲਾਕ ਦੇਣ ਦੀ ਪ੍ਰਥਾ ਤਿੰਨ ਤਲਾਕ ਵਰਗੀ ਨਹੀਂ ਤੇ ਔਰਤਾਂ ਕੋਲ ‘ਖੁਲ੍ਹਾਂ' ਦਾ ਬਦਲ ਹੈ। ਤਿੰਨ ਤਲਾਕ ਵਾਂਗ ‘ਤਲਾਕ-ਏ-ਹਸਨ' ਵੀ ਤਲਾਕ ਦੇਣ ਦਾ ਇੱਕ ਤਰੀਕਾ ਹੈ, ਪਰ ਇਸ ਵਿੱਚ ਤਿੰਨ ਮਹੀਨੇ ਵਿੱਚ ਤਿੰਨ ਵਾਰ ਇੱਕ ਮਿਥੇ ਸਮੇਂ ਤੋਂ ਬਾਅਦ ਤਲਾਕ ਕਹਿ ਕੇ ਰਿਸ਼ਤਾ ਖ਼ਤਮ ਕਰ ਦਿੱਤਾ ਜਾਂਦਾ ਹੈ। ਇਸਲਾਮ ਵਿੱਚ ਮਰਦ ‘ਤਲਾਕ' ਲੈ ਸਕਦਾ ਹੈ, ਜਦਕਿ ਔਰਤ ‘ਖੁਲ੍ਹਾਂ' ਰਾਹੀਂ ਆਪਣੇ ਪਤੀ ਤੋਂ ਵੱਖ ਹੋ ਸਕਦੀ ਹੈ।

ਜਸਟਿਸ ਐਸ ਕੇ ਕੌਲ ਅਤੇ ਜਸਟਿਸ ਐਮ ਐਮ ਸੁੰਦਰੇਸ ਦੀ ਬੈਂਚ ਨੇ ਕਿਹਾ ਕਿ ਜੇਕਰ ਪਤੀ-ਪਤਨੀ ਇਕੱਠੇ ਨਹੀਂ ਰਹਿ ਸਕਦੇ ਤਾਂ ਰਿਸ਼ਤਾ ਤੋੜਨ ਦੇ ਇਰਾਦੇ ਵਿੱਚ ਕੋਈ ਬਦਲਾਅ ਨਾ ਹੋਣ ਉੱਤੇ ਸੰਵਿਧਾਨ ਦੀ ਧਾਰਾ 142 ਤਹਿਤ ਤਲਾਕ ਦਿੱਤਾ ਜਾ ਸਕਦਾ ਹੈ। ਬੈਂਚ ‘ਤਲਾਕ-ਏ-ਹਸਨ' ਅਤੇ ‘‘ਇੱਕ ਪਾਸੜ ਗ਼ੈਰ ਨਿਆਂ ਤਲਾਕ ਦੇ ਹੋਰ ਸਾਰੇ ਰੂਪਾਂ ਨੂੰ ਗ਼ੈਰ-ਕਾਨੂੰਨੀ ਅਤੇ ਗ਼ੈਰ-ਸੰਵਿਧਾਨਕ'' ਐਲਾਨ ਕਰਨ ਦੀ ਮੰਗ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਿਹਾ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਤਲਾਕ ਦੇ ਇਹ ਤਰੀਕੇ ‘ਮਨਮਾਨੇ, ਅਸੰਗਤ ਤੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਦੇ ਹਨ।’ ਬੈਂਚ ਨੇ ਕਿਹਾ ਕਿ ਇਹ ਉਸ ਤਰ੍ਹਾਂ ਦਾ ਤਿੰਨ ਤਲਾਕ ਨਹੀਂ। ਵਿਆਹ ਇੱਕ ਤਰ੍ਹਾਂ ਦਾ ਕਰਾਰ ਹੋਣ ਕਾਰਨ ਤੁਹਾਡੇ ਕੋਲ ਖੁੱਲ੍ਹਾਂ ਦਾ ਬਦਲ ਹੈ। ਜੇ ਦੋ ਵਿਅਕਤੀ ਇਕੱਠੇ ਨਹੀਂ ਰਹਿ ਸਕਦੇ, ਤਾਂ ਵਿਆਹ ਨੂੰ ਤੋੜਨ ਦਾ ਇਰਾਦਾ ਨਾ ਬਦਲਣ ਦੇ ਆਧਾਰ ਉੱਤੇ ਤਲਾਕ ਦੀ ਇਜਾਜ਼ਤ ਅਸੀਂ ਵੀ ਦਿੰਦੇ ਹਾਂ। ਜੇ ‘ਮੇਹਰ' (ਲਾੜੇ ਵੱਲੋਂ ਨਗਦ ਜਾਂ ਹੋਰ ਰੂਪ ਵਿੱਚ ਦਿੱਤਾ ਤੋਹਫਾ) ਦਿੱਤਾ ਜਾਂਦਾ ਹੈ ਤਾਂ ਕੀ ਤੁਸੀਂ ਆਪਸੀ ਸਹਿਮਤੀ ਨਾਲ ਤਲਾਕ ਲਈ ਤਿਆਰ ਹੋ?''

## ਬੈਂਕਾਂ ਵਿੱਚ ਬਿਨਾਂ ਦਾਅਵੇਦਾਰਾਂ ਦੇ ਚਾਲੀ ਹਜ਼ਾਰ ਕਰੋੜ ਲਾਵਾਰਸ ਪਏ




ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਇੱਕ ਪਟੀਸ਼ਨ ਉੱਤੇ ਕੇਂਦਰ ਸਰਕਾਰ, ਆਰ ਬੀ ਆਈ (ਰਿਜ਼ਰਵ ਬੈਂਕ ਆਫ ਇੰਡੀਆ) ਅਤੇ ਹੋਰ ਸਬੰਧਤ ਅਦਾਰਿਆਂ ਨੂੰ ਨੋਟਿਸ ਜਾਰੀ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਪਟੀਸ਼ਨ ਵਿੱਚ ਨਿਵੇਸ਼ਕਾਂ ਅਤੇ ਜਮ੍ਹਾਂਕਾਰਾਂ ਦੀ ਮੌਤ ਪਿੱਛੋਂ ਲਾਵਾਰਸ ਪੈਸੇ ਦਾ ਮੁੱਦਾ ਉਠਾਇਆ ਗਿਆ ਹੈ, ਜਿਸ ਨੂੰ ਵੱਖ-ਵੱਖ ਰੈਗੂਲੇਟਰਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਤੇ ਇਹ ਰਕਮ ਕਦੇ ਵੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਤਕ ਨਹੀਂ ਪਹੁੰਚਦੀ ਹੈ।ਸੁਪਰੀਮ ਕੋਰਟ ਵਿੱਚ ਪਟੀਸ਼ਨਰ ਵਕੀਲ ਪ੍ਰਸ਼ਾਂਤ ਭੂਸ਼ਣ ਪੇਸ਼ ਹੋ ਰਹੇ ਹਨ। ਇਸ ਪਟੀਸ਼ਨ ਵਿੱਚ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੀ ਅਗਵਾਈ ਵਾਲੀ ਇੱਕ ਕੇਂਦਰੀਕ੍ਰਿਤ ਡੇਟਾ ਵੈਬਸਾਈਟ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ, ਜਿਸ ਵਿੱਚ ਮ੍ਰਿਤਕ ਬੈਂਕ ਖਾਤਾ ਹੋਲਡਰਾਂ ਦੀ ਮੁੱਢਲੀ ਜਾਣਕਾਰੀ ਦਿੱਤੀ ਜਾਵੇਗੀ।ਇਸ ਲਈ ਪਟੀਸ਼ਨ ਵਿੱਚ ਬੈਂਕ ਖਾਤਿਆਂ, ਪੋਸਟ ਆਫਿਸ ਫੰਡ ਆਦਿ ਦੀ ਰਕਮ ਦਾ ਦਾਅਵਾ ਕਰਨ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਦੀ ਵੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਸੁਪਰੀਮ ਕੋਰਟ ਨੂੰ ਨਿਰਦੇਸ਼ ਜਾਰੀ ਕਰਨ ਦੀ ਬੇਨਤੀ ਕੀਤੀ ਗਈ ਹੈ ਤਾਂ ਜੋ ਜਨਤਕ ਲਾਵਾਰਸ ਫੰਡ ਦੀ ਰਕਮ ਨੂੰ ਸਰਕਾਰੀ ਫੰਡ ਵਿੱਚ ਜਾਣੋਂ ਰੋਕਿਆ ਜਾ ਸਕੇ।

# ਫੀਫਾ ਵੱਲੋਂ ਭਾਰਤ ਦੀ ਫੁੱਟਬਾਲ ਫੈਡਰੇਸ਼ਨ ਸਸਪੈਂਡ




ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਵਿਸ਼ਵ ਫੁੱਟਬਾਲ ਦੀ ਸਰਬਉਚ ਸੰਸਥਾ ਫੀਫਾ ਨੇ ਤੀਸਰੇ ਪੱਖ ਦੇ ਗੈਰ ਜ਼ਰੂਰੀ ਦਖਲ ਦਾ ਹਵਾਲਾ ਦੇ ਕੇ ਸਰਬ ਭਾਰਤੀ ਫੁੱਟਬਾਲ ਫੈਡਰੇਸ਼ਨ (ਏ ਆਈ ਈ ਐਫ ਐਫ) ਨੂੰ ਸਸਪੈਂਡ ਕਰ ਦਿੱਤਾ ਹੈ ਤੇ ਉਸ ਤੋਂ ਅਕਤੂਬਰ ਵਿੱਚ ਹੋਣ ਵਾਲੇ ਅੰਡਰ 17 ਮਹਿਲਾ ਵਿਸ਼ਵ ਕੱਪ ਦੀ ਮੇਜ਼ਬਾਨੀ ਖੋਹ ਲਈ ਹੈ, ਜਦ ਕਿ ਦਿੱਲੀ ਹਾਈ ਕੋਰਟ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਦੀ ਕਮਾਨ ਪ੍ਰਸ਼ਾਸਕਾਂ ਦੀ ਕਮੇਟੀ (ਸੀ ਓ ਈ) ਨੂੰ ਸੌਂਪ ਦਿੱਤੀ ਹੈ। ਇਸ ਤੋਂ ਇਲਾਵਾ ਕੌਮਾਂਤਰੀ ਹਾਕੀ ਫੈਡਰੇਸ਼ਨ (ਐਫ ਆਈ ਐਚ) ਵੀ ਹਾਕੀ ਇੰਡੀਆ ਦੀ ਸੀ ਓ ਨਾਲ ਇੱਕ ਬੈਠਕ ਕਰੇਗਾ। ਹਾਕੀ ਇੰਡੀਆ ਉੱਤੇ ਵੀ ਸਸਪੈਂਸ਼ਨ ਦਾ ਖਤਰਾ ਹੈ।

ਫੀਫਾ ਕੌਂਸਲ ਬਿਊਰੋ ਨੇ ਤੀਜੇ ਪੱਖ ਦੇ ਗੈਰ ਜ਼ਰੂਰੀ ਪ੍ਰਭਾਵ ਕਾਰਨ ਪਰਸੋਂ ਏ ਆਈ ਈ ਐਫ ਐਫ ਨੂੰ ਤੁਰੰਤ ਪ੍ਰਭਾਵ ਨਾਲ ਸਸਪੈਂਡ ਕਰਨ ਦਾ ਫੈਸਲਾ ਕੀਤਾ ਅਤੇ ਕਿਹਾ ਸੀ ਕਿ ਇਹ ਨਿਯਮਾਂ ਦੀ ਗੰਭੀਰ ਉਲੰਘਣਾ ਹੈ। ਇਸ ਦੀ ਸਸਪੈਂਸ਼ਨ ਤਦੇ ਹਟੇਗੀ, ਜਦੋਂ ਏ ਆਈ ਐਫ ਐਫ ਕਾਰਜਕਾਰੀ ਕਮੇਟੀ ਦੀ ਥਾਂ ਸੀ ਓ ਏ ਬਣਾਉਣ ਦਾ ਫੈਸਲਾ ਵਾਪਸ ਲਿਆ ਜਾਵੇਗਾ ਅਤੇ ਏ ਆਈ ਐਫ ਐਫ ਪ੍ਰਸ਼ਾਸਨ ਨੂੰ ਫੈਡਰੇਸ਼ਨ ਦੇ ਰੋਜ਼ ਦੇ ਕੰਮ ਦਾ ਪੂਰਾ ਕੰਟਰੋਲ ਕੀਤਾ ਜਾਵੇਗਾ।

ਆਈ ਓ ਏ ਅਤੇ ਰਾਸ਼ਟਰੀ ਖੇਡ ਸੰਗਠਨ (ਐਨ ਐਸ ਐਫ) ਨਾਲ ਜੁੜੀ ਇੱਕ ਪਟੀਸ਼ਨ ਉੱਤੇ 12 ਸਾਲ ਤੋਂ ਵੱਧਲੰਮੀ ਸੁਣਵਾਈ ਪਿੱਛੋਂ ਦਿੱਲੀ ਹਾਈ ਕੋਰਟ ਨੇ ਕੱਲ੍ਹ ਅਹਿਮ ਫੈਸਲਾ ਸੁਣਾਇਆ। ਜਸਟਿਸ ਨਜਮੀ ਵਜ਼ੀਰੀ ਤੇ ਜਸਟਿਸ ਮਨਮੋਹਨ ਦੇ ਬੈਂਚ ਨੇ ਖੇਡ ਜ਼ਾਬਤੇ ਦੀ ਉਲੰਘਣਾ ਕਰਨ ਵਾਲੇ ਆਈ ਓ ਏ ਦੀ ਕਮਾਨ ਸੀ ਓ ਏ ਨੂੰ ਸੌਂਪਦੇ ਹੋਏ ਕਿਹਾ ਕਿ ਬਿਹਤਰ ਖੇਡ ਪ੍ਰਸ਼ਾਸਨ ਲਈ ਕਾਨੂੰਨੀ ਵਿਵਸਥਾ ਨੂੰ ਪੂਰੀ ਤਰ੍ਹਾਂ ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਹੈ। ਫੀਫਾ ਤੇ ਬਾਕੀ ਸੰਸਾਰ ਖੇਡ ਸੰਸਥਾਵਾਂ ਭਾਰਤੀ ਖੇਡ ਸੰਸਥਾਵਾਂ ਵਿੱਚ ਤੀਜੇ ਪੱਖ ਦੇ ਦਖਲ ਦਾ ਹਮੇਸ਼ਾ ਵਿਰੋਧ ਕਰਦੀਆਂ ਹਨ। ਤੀਜੇ ਪੱਖ ਵਿੱਚ ਦੇਸ਼ ਦੀ ਸਰਕਾਰ, ਅਦਾਲਤ ਅਤੇ ਐਨ ਐਸ ਐਫ ਦੇ ਸੰਵਿਧਾਨ ਵਿੱਚ ਅਡੀਸ਼ਨਲ ਸੋਧ ਸ਼ਾਮਲ ਹੈ।

# ਛੇ ਇੰਜਣਾਂ ਵਾਲੀ 3.5 ਕਿਲੋਮੀਟਰ ਲੰਬੀ ਮਾਲ ਗੱਡੀ ਦੌੜਦੀ ਗਈ



ਬਿਲਾਸਪੁਰ, 18 ਅਗਸਤ (ਪੋਸਟ ਬਿਊਰੋ)- ਲਗਾਤਾਰ ਨਵੀਨਤਾ ਹਾਸਲ ਕਰ ਰਹੀ ਭਾਰਤੀ ਰੇਲਵੇ ਨੇ ਆਜ਼ਾਦੀ ਦਿਨ ਮੌਕੇ ਇੱਕ ਹੋਰ ਇਤਿਹਾਸਕ ਪ੍ਰਾਪਤੀ ਕੀਤੀ ਹੈ। ਦੱਖਣ-ਪੂਰਬੀ ਮੱਧ ਰੇਲਵੇ ਜ਼ੋਨ ਬਿਲਾਸਪੁਰ ਤੋਂ 15 ਅਗਸਤ ਨੂੰ 3.5 ਕਿਲੋਮੀਟਰ ਲੰਬੀ ਅਜਿਹੀ ਰੇਲ ਗੱਡੀ ਚਲਾਈ ਹੈ, ਜਿਸ ਵਿੱਚ ਛੇ ਇੰਜਣ ਅਤੇ 295 ਵੈਗਨ ਸਨ।

ਇਸ ਮਾਲ ਗੱਡੀ ਵਿੱਚ 27000 ਟਨ ਤੋਂ ਵਧੇਰੇ ਕੋਲਾ ਲੱਦਿਆ ਸੀ, ਜੋ ਛੱਤੀਸਗੜ੍ਹ ਵਿਚਲੇ ਕੋਰਬਾ ਤੋਂ 260 ਕਿਲੋਮੀਟਰ ਦੂਰ ਰਾਜਨਾਂਦਗਾਂਵ ਦੇ ਪਰਮਕਲਾ ਤਕ 11 ਘੰਟੇ 20 ਮਿੰਟ ਵਿੱਚ ਪਹੁੰਚ ਗਿਆ। ਇਸ ਤੋਂ ਰੇਲਵੇ ਨੂੰ ਮਾਲ ਭਾੜੇ ਦੇ ਰੂਪ ਵਿੱਚ 2.54 ਕਰੋੜ ਰੁਪਏ ਮਿਲੇ।ਪੰਜ ਮਾਲ ਗੱਡੀਆਂ ਜੋੜ ਕੇ ਬਣਾਈ ਇਸ ਮਾਲ ਗੱਡੀ ਦਾ ਨਾਂਅ ਰੇਲਵੇ ਨੇ ਸੁਪਰ ਵਾਸੁਕੀ ਰੱਖਿਆ ਹੈ। ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਨੇ ਇਸ ਪ੍ਰਾਪਤੀ ਨੂੰ ਟਵਿੱਟਰ ਹੈਂਡਲ ਉੱਤੇ ਵੀ ਸਾਂਝਾ ਕੀਤਾ ਅਤੇ ਇਸ ਨੂੰ ਦੇਸ਼ ਦੀ ਸਭ ਤੋਂ ਲੰਬੀ ਮਾਲ ਗੱਡੀ ਦੱਸਿਆ। ਇਸ ਤੋਂ ਪਹਿਲਾਂ 22 ਜਨਵਰੀ 2021 ਨੂੰ ਪੰਜ ਖਾਲੀ ਮਾਲ ਗੱਡੀਆਂ ਜੋੜ ਕੇ ਭਿਲਾਈ ਤੋਂ ਕੋਰਲਾ ਲਿਆਂਦੀਆਂ ਗਈਆਂ ਸੀ। ਇਸ ਨੂੰ ਵਾਸੁਕੀ ਨਾਂਅ ਦਿੱਤਾ ਗਿਆ ਸੀ। ਰੇਲਵੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਕੱਠੀਆਂ ਤਿੰਨ ਜਾਂ ਪੰਜ ਮਾਲ ਗੱਡੀਆਂ ਨੂੰ ਜੋੜ ਕੇ ਚਲਾਉਣ ਨਾਲ ਨਾ ਕੇਵਲ ਸਟਾਫ ਦੀ ਬਚਤ ਹੁੰਦੀ ਹੈ, ਸਗੋਂ ਰੇਲਵੇ ਟਰੈਕ ਉੱਤੇ ਆਵਾਜਾਈ ਦਾ ਦਬਾਅ ਵੀ ਘੱਟ ਹੁੰਦਾ ਹੈ।

# ਚੀਨ ਦਾ ਜਾਸੂਸੀ ਬੇੜਾ ਯੂਆਨ ਵਾਂਗ-5 ਸ੍ਰੀਲੰਕਾ ਜਾ ਪੁੱਜਾ



ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਭਾਰਤ ਵੱਲੋਂ ਬਾਕਾਇਦਾ ਤੌਰ ਉੱਤੇ ਇਤਰਾਜ਼ ਦੇ ਬਾਵਜੂਦ ਸ੍ਰੀਲੰਕਾ ਦੀ ਸਰਕਾਰ ਚੀਨ ਦੇ ਜਾਸੂਸੀ ਬੇੜੇ ਯੁਆਨ ਵਾਂਗ-5 ਨੂੰ ਆਪਣੀ ਬੰਦਰਗਾਹ ਉੱਤੇ ਆਉਣੋਂ ਨਹੀਂ ਰੋਕ ਸਕੀ। ਕੱਲ੍ਹ ਸਵੇਰੇ ਬੇਹੱਦ ਆਧੁਨਿਕ ਅਤੇ ਤਕਨੀਕੀ ਤੌਰ ਉੱਤੇ ਉਨਤ ਇਹ ਬੇੜਾ ਹੰਬਨਟੋਟਾ ਬੰਦਰਗਾਹ ਜਾ ਪੁੱਜਾ।

ਇਸ ਦੇ ਬਾਅਦ ਭਾਰਤ ਨੇ ਹਾਲੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਇੱਕ ਦਿਨ ਪਹਿਲਾਂ ਸ੍ਰੀਲੰਕਾ ਨੂੰ ਡੋਰਨੀਅਰ ਟੋਹੀ ਜਹਾਜ਼ ਸੌਂਪ ਕੇ ਭਾਰਤ ਨੇ ਜਤਾਇਆ ਸੀ ਕਿ ਉਹ ਕਾਹਲੀ ਵਿੱਚ ਕੋਈ ਕਦਮ ਨਹੀਂ ਉਠਾਵੇ। ਚੀਨ ਬਾਰੇ ਗੁਆਂਢੀ ਦੇਸ਼ ਦਾ ਵਤੀਰਾ ਵੇਖ ਕੇ ਭਾਰਤ ਅਗਲਾ ਕਦਮ ਚੁੱਕੇਗਾ। ਜਾਣਕਾਰਾਂ ਦੇ ਮੁਤਾਬਕ ਸ੍ਰੀਲੰਕਾ ਨੇ ਭਾਰਤ ਦੀਆਂ ਚਿੰਤਾਵਾਂ ਨੂੰ ਨਜ਼ਰ ਅੰਦਾਜ਼ ਕਰ ਕੇ ਇਹ ਸੰਦੇਸ਼ ਦਿੱਤਾ ਹੈ ਕਿ ਉਹ ਆਰਥਿਕ ਹਿੱਤਾਂ ਲਈ ਇਸ ਖੇਤਰ ਦੇ ਦੋਵੇਂ ਵੱਡੇ ਦੇਸ਼ਾਂ ਚੀਨ ਤੇ ਭਾਰਤ ਵਿਚਾਲੇ ਦੁਵੱਲੀ ਸਾਂਝ ਰੱਖਦਾ ਰਹੇਗਾ।

ਚੀਨ ਦੇ ਇਸ ਖੁਫੀਆ ਬੇੜੇ ਨੇ ਪਹਿਲਾਂ 11 ਅਗਸਤ ਨੂੰ ਹੰਬਨਟੋਟਾ ਪਹੁੰਚਣਾ ਸੀ, ਪਰ ਭਾਰਤ ਦੇ ਇਤਰਾਜ਼ਾਂ ਤੋਂ ਬਾਅਦ ਸ੍ਰੀਲੰਕਾ ਨੇ ਪਹਿਲਾਂ ਇਸ ਨੂੰ ਮਨਜ਼ੂਰੀ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ। ਚਾਰ ਦਿਨ ਇਹ ਸ੍ਰੀਲੰਕਾ ਦੀ ਸਮੁੰਦਰੀ ਹੱਦ ਦੇ ਬਾਹਰ ਖੜ੍ਹਾ ਰਿਹਾ। ਦੱਸਿਆ ਗਿਆ ਹੈ ਕਿ ਸ੍ਰੀਲੰਕਾ ਨੇ ਇਸ ਸ਼ਰਤ ਉੱਤੇ ਮਨਜ਼ੂਰੀ ਦਿੱਤੀ ਕਿ ਇਹ ਬੇੜਾ ਕੋਈ ਖੋਜ ਕਾਰਜ ਉਸ ਦੀ ਬੰਦਰਗਾਹ ਵਿੱਚ ਨਹੀਂ ਕਰੇਗਾ।

ਓਧਰ ਅਮਰੀਕਾ ਦੇ ਰੱਖਿਆ ਮੰਤਰਾਲੇ ਦਾ ਕਹਿਣਾ ਹੈ ਕਿ ਇਹ ਬੇੜਾ ਚੀਨ ਦੀ ਫੌਜ (ਪੀ ਐਲ ਏ) ਅਧੀਨ ਕੰਮ ਕਰਦਾ ਹੈ ਤੇ ਪੂਰੀ ਤਰ੍ਹਾਂ ਸੈਟੇਲਾਈਟ ਤੇ ਮਿਜ਼ਾਈਲੀ ਸਰਗਰਮੀਆਂ ਦੀ ਟੋਹ ਲੈ ਸਕਦਾ ਹੈ। ਦੇਸ਼ ਦੇ ਮੁੱਖ ਕੂਟਨੀਤਕ ਵਿਸ਼ਲੇਸ਼ਕ ਬ੍ਰਹਮਾ ਚੇਲਾਨੀ ਨੇ ਇਸ ਨੂੰ ਗੁਆਂਢੀ ਦੇਸ਼ਾਂ ਵਿੱਚ ਭਾਰਤ ਦੇ ਘਟਦੇ ਦਬਦਬੇ ਦੀ ਗੱਲ ਦੱਸ ਕੇ ਕਿਹਾ ਹੈ ਕਿ ਆਰਥਿਕ ਤੌਰ ਉੱਤੇ ਕੰਗਾਲ ਦੇਸ਼ ਸ੍ਰੀਲੰਕਾ ਨੇ ਚੀਨ ਦੇ ਬੇੜੇ ਨੂੰ ਆਗਿਆ ਦੇ ਕੇ ਭਾਰਤ ਨੂੰ ਕੂਟਨੀਤਕ ਚਪੇੜ ਮਾਰੀ ਹੈ। ਚਾਰ ਸੌ ਚਾਲਕਾਂ ਦੀ ਟੀਮ ਵਾਲਾ ਇਹ ਬੇੜਾ ਵੱਡੇ ਹਾਈਪਰਬੋਲਿਕ ਟਰੈਕਿੰਗ ਐਂਟੀਨਾ ਤੇ ਆਧੁਨਿਕ ਸੈਂਸਰਾਂ ਨਾਲ ਲੈਸ ਹੈ। ਇਹ ਭਾਰਤ ਦੇ ਦੱਖਣੀ ਹਿੱਸੇ ਦੀਆਂ ਵਧੇਰੇ ਫੌਜੀ ਸਰਗਰਮੀਆਂ ਦੇ ਨਾਲ ਬੁਨਿਆਦੀ ਢਾਂਚੇ ਦੀਆਂ ਯੋਜਨਾਵਾਂ ਉੱਤੇ ਨੇੜਿਓਂ ਨਿਗਰਾਨੀ ਰੱਖ ਸਕਦਾ ਹੈ। ਇਹ ਉਪ ਗ੍ਰਹਿ ਤੇ ਮਿਜ਼ਾਈਲਾਂ ਨੂੰ ਵੀ ਟਰੈਕ ਕਰ ਸਕਦਾ ਹੈ।

## ਬਾਇਡੇਨ ਬਾਰੇ ਟਿੱਪਣੀ ਉੱਤੇ ਹਾਈ ਕੋਰਟ ਵੱਲੋਂ ਰਾਮਦੇਵ ਨੂੰ ਝਾੜ



ਨਵੀਂ ਦਿੱਲੀ, 18 ਅਗਸਤ (ਪੋਸਟ ਬਿਊਰੋ)- ਕੋਰੋਨਾ ਟੀਕੇ ਬਾਰੇ ਪਿੱਛੇ ਜਿਹੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਬਾਰੇ ਯੋਗਗੁਰੂ ਬਾਬਾ ਰਾਮਦੇਵ ਦੇ ਬਿਆਨ ਉੱਤੇ ਹਾਈ ਕੋਰਟ ਨੇ ਚਿੰਤਾ ਪ੍ਰਗਟਾਈ ਹੈ।

ਜਸਟਿਸ ਏ ਜੇ ਭੰਬਾਨੀ ਦੇ ਬੈਂਚ ਨੇ ਕਿਹਾ ਕਿ ਇਹ ਬਿਆਨ ਹੋਰ ਦੇਸ਼ਾਂ ਨਾਲ ਰਿਸ਼ਤਿਆਂ ਨੂੰ ਪ੍ਰਭਾਵਤ ਕਰਨ ਤੋਂ ਇਲਾਵਾ ਆਯੁਰਵੈਦ ਦੇ ਮਾਣ-ਸਨਮਾਨ ਨੂੰ ਵੀ ਖਰਾਬ ਕਰ ਸਕਦੇ ਹਨ। ਆਯੁਰਵੈਦ ਦਾ ਸਨਮਾਨ ਬਣਾਈ ਰੱਖੋ, ਪਰ ਐਲੋਪੈਥੀ ਖਿਲਾਫ ਬਿਆਨ ਦੇ ਕੇ ਜਨਤਾ ਨੂੰ ਗੁੰਮਰਾਹ ਨਾ ਕਰੋ।

ਵੱਖ-ਵੱਖ ਮੈਡੀਕਲ ਸੰਸਥਾਵਾਂ ਵੱਲੋਂ ਦਾਇਰ ਕੇਸ ਉੱਤੇਕੱਲ੍ਹ ਹਾਈ ਕੋਰਟ ਨੇ ਸੁਣਵਾਈ ਮੌਕੇ ਬੈਂਚ ਨੇ ਕਿਹਾ ਕਿ ਰਾਮਦੇਵ ਪਤੰਜਲੀ ਦੇ ਉਤਪਾਦ ਕੋਰੋਨਿਲ ਦੇ ਹੱਕ ਵਿੱਚ ਹੱਕ ਤੋਂ ਵੱਧ ਕੁਝ ਕਹਿਣ ਤੋਂ ਪ੍ਰਹੇਜ਼ ਕਰਨ। ਆਯੁਰਵੈਦ ਦੇ ਵਧੀਆ ਨਾਂਅ ਨੂੰ ਕਿਸੇ ਵੀ ਤਰ੍ਹਾਂ ਖਰਾਬ ਨਹੀਂ ਕਰਨਾ ਚਾਹੀਦਾ। ਸੁਣਵਾਈ ਮੌਕੇਮੈਡੀਕਲ ਸੰਸਥਾਵਾਂ ਵੱਲੋਂ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਚਾਰ ਅਗਸਤ ਨੂੰ ਹਰਿਦੁਆਰ ਵਿੱਚ ਦਿੱਤੇ ਰਾਮਦੇਵ ਦੇ ਬਿਆਨ ਬਾਰੇ ਦੱਸਿਆ। ਇਸ ਵਿੱਚ ਯੋਗੀ ਰਾਮਦੇਵ ਨੇ ਕਿਹਾ ਸੀ ਕਿ ਅਮਰੀਕੀ ਰਾਸ਼ਟਰਪਤੀ ਟੀਕਾਕਰਨ ਦੇ ਬਾਵਜੂਦ ਤੀਜੀ ਵਾਰ ਕੋਰੋਨਾ ਪੀੜਤ ਹੋਏ ਹਨ। ਸਿੱਬਲ ਨੇ ਕਿਹਾ ਕਿ ਵੀਡੀਓ ਵਿੱਚ ਰਾਮਦੇਵ ਨੂੰ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ ਮੈਡੀਕਲ ਵਿਗਿਆਨ ਹਾਲੇ ਬਾਲ ਅਵਸਥਾ ਵਿੱਚ ਹੈ ਅਤੇ ਮੈਂ ਬੱਚਿਆਂ ਦੀ ਆਲੋਚਨਾ ਨਹੀਂ ਕਰਨੀ ਚਾਹੁੰਦਾ।



# ਪਾਕਿ ਪੰਜਾਬ ਵਿੱਚ ਸੜਕ ਹਾਦਸੇ ਦੌਰਾਨ 20 ਜਣਿਆਂ ਦੀ ਮੌਤ

ਲਾਹੌਰ, 18 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਕੱਲ੍ਹ ਇੱਕ ਯਾਤਰੀ ਬੱਸ ਅਤੇ ਤੇਲ ਟੈਂਕਰ ਦੀ ਟੱਕਰ ਵਿੱਚ 20 ਲੋਕਾਂ ਦੀ ਮੌਤ ਹੋ ਗਈ। ਇਹ ਓਥੇ ਤਿੰਨ ਦਿਨਾਂ ਵਿੱਚ ਦੂਜਾ ਵੱਡਾ ਸੜਕ ਹਾਦਸਾ ਹੈ।

ਪੁਲਸ ਨੇ ਦੱਸਿਆ ਕਿ ਇਹ ਘਟਨਾ ਲਾਹੌਰ ਤੋਂ ਲੱਗਭਗ 350 ਕਿਲੋਮੀਟਰ ਦੂਰ ਮੁਲਤਾਨ ਇਲਾਕੇ ਵਿੱਚ ਇੱਕ 'ਮੋਟਰਵੇਅ' ਉੱਤੇ ਵਾਪਰੀ। ਐਮਰਜੈਂਸੀ ਸੇਵਾ 'ਰੈਸਕਿਊ 1122' ਦੇ ਬੁਲਾਰੇ ਨੇ ਦੱਸਿਆ ਕਿ ''ਲਾਹੌਰ ਤੋਂ ਕਰਾਚੀ ਜਾ ਰਹੀ ਬੱਸ ਦੀ ਤੇਲ ਟੈਂਕਰ ਨਾਲ ਟੱਕਰ ਤੋਂ ਬਾਅਦ ਬੱਸ ਨੂੰ ਅੱਗ ਲੱਗ ਜਾਣ ਕਾਰਨ ਸਵਾਰੀਆਂ ਉਸ ਦੀ ਲਪੇਟ ਵਿੱਚ ਆ ਗਈਆਂ। ਅੱਗ ਵਿੱਚ ਝੁਲਸੇ ਛੇ ਯਾਤਰੀਆਂ ਨੂੰ ਮੁਲਤਾਨ ਦੇ ਨਿਸ਼ਤਰ ਹਸਪਤਾਲ ਭਰਤੀ ਕਰਵਾਇਆ ਗਿਆ। ਉਨ੍ਹਾਂ ਦੀ ਹਾਲਤ ਗੰਭੀਰ ਸੁਣੀਂਦੀ ਹੈ।'' ਉਨ੍ਹਾਂ ਕਿਹਾ,''ਹਾਦਸੇ ਵਿੱਚ ਕੁਝ ਲੋਕਾਂ ਦੀਆਂ ਲਾਸ਼ਾਂ ਪੂਰੀ ਤਰ੍ਹਾਂ ਝੁਲਸ ਗਈਆਂ ਤੇ ਉਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਉਨ੍ਹਾਂ ਦੀਆਂ ਲਾਸ਼ਾਂ ਨੂੰ ਡੀ ਐਨ ਏ ਟੈਸਟ ਪਿੱਛੋਂ ਪਰਵਾਰ ਨੂੰ ਸੌਂਪਿਆ ਜਾਵੇਗਾ।''ਉਨ੍ਹਾਂ ਕਿਹਾ ਕਿ ਹਾਦਸੇ ਪਿੱਛੋਂ ਦੋਵੇਂ ਵਾਹਨ ਅੱਗ ਦੀ ਲਪੇਟ ਵਿੱਚ ਆ ਜਾਣ ਕਾਰਨ ਰਿਲੀਫ ਅਤੇ ਫ਼ਾਇਰ ਬ੍ਰਿਗੇਡ ਟੀਮਾਂ ਨੂੰ ਬਚਾਅ ਕਾਰਜ ਵਿੱਚ ਮੁਸ਼ਕਲ ਆਈ, ਜਿਸ ਦੌਰਾਨ ਵੀਹ ਲੋਕਾਂ ਦੀ ਮੌਤ ਹੋ ਗਈ।





## ਮਰਦ ਏਥੇ ਵਿਆਹੁਤਾ ਔਰਤਾਂ ਨੂੰ ਉਨ੍ਹਾਂ ਦੇ ਪਤੀਆਂ ਤੋਂ ਖੋਹ ਲੈਂਦੇ ਨੇ!



ਲਾਗੋਸ, 18 ਅਗਸਤ (ਪੋਸਟ ਬਿਊਰੋ)- ਸ਼ਾਦੀ ਨੂੰ ਦੁਨੀਆ ਦੇ ਹਰ ਸਮਾਜ ਵਿੱਚ ਬੇਹੱਦ ਖਾਸ ਸੰਸਕਾਰ ਮੰਨਿਆ ਜਾਂਦਾ ਹੈ। ਪੁਰਸ਼ ਤੇ ਇਸਤਰੀ ਦੇ ਵਿੱਚ ਪਰਵਾਰ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਕੀਤੇ ਗਏ ਇਸ ਬੰਧਨ ਨੂੰ ਅਲੱਗ-ਅਲੱਗ ਦੇਸ਼ਾਂ ਵਿੱਚ ਅਲੱਗ-ਅਲੱਗ ਰੂਪ ਦਿੱਤੇ ਗਏ ਹਨ। ਸਮੇਂ ਨਾਲ ਸ਼ਾਦੀਆਂ ਵਿੱਚ ਵੀ ਬਦਲਾਅ ਹੋਏ ਹਨ ਪਰ ਕਈ ਆਦਿਵਾਸੀ ਕਬੀਲੇਅੱਜ ਵੀ ਪੁਰਾਣੇ ਸਮੇਂ ਦੀਆਂ ਆਪਣੀਆਂ ਪਰੰਪਰਾਵਾਂ ਤੇ ਮਾਨਤਾਵਾਂ ਦਾ ਪਾਲਣ ਕਰਦੇ ਹਨ। ਅਫਰੀਕਾ ਦੇ ਸਾਹੇਲ ਖੇਤਰ ਵਿੱਚ ਰਹਿੰਦਾ ਵਣਜਾਰਾ ਆਦਿਵਾਸੀ ਕਬੀਲਾ ਵੋਦਾਬੀ ਦੁਨੀਆਵਿੱਚ ਆਪਣੀ ਤਰ੍ਹਾਂ ਦੀ ਪਰੰਪਰਾ ਲਈ ਪ੍ਰਸਿੱਧ ਹੈ। ਇਸ ਕਬੀਲੇ ਵਿੱਚ ਔਰਤਾਂ ਨੂੰ ਕਾਫ਼ੀ ਛੋਟ ਹੈ। ਇਥੇ ਸ਼ਾਦੀ ਅਤੇ ਸੰਬੰਧਾਂ ਬਾਰੇ ਕਾਫ਼ੀ ਅਲੱਗ ਮਾਨਤਾ ਹੈ। ਇਸ ਕਬੀਲੇ ਦੀ ਸਭ ਤੋਂ ਖਾਸ ਪ੍ਰਥਾ ਹੈ ਦੂਸਰੇ ਮਰਦਾਂ ਦੀ ਪਤਨੀ ਚੁਰਾਉਣਾ। ਇਹ ਖਾਸ ਤਿਉਹਾਰ ਮੰਨਿਆ ਜਾਂਦਾ ਹੈ ਜਿਸ ਨੂੰ ਇਥੇ 'ਦੀ' ਕਹਿੰਦੇ ਹਨ ਜੋ 10 ਦਿਨ ਚੱਲਦਾ ਹੈ। ਇਸ ਨੂੰ 'ਵਾਈਫ ਸਟੀਲਿੰਗ ਫੈਸਟੀਵਲ ਵੀ ਕਿਹਾ ਜਾਂਦਾ ਹੈ। ਤਿਉਹਾਰ ਦੇ ਦਿਨ ਮਰਦ ਘੰਟਿਆਂ ਬੱਧੀ ਤਿਆਰ ਹੁੰਦੇ ਅਤੇ ਅਜਬ-ਗਜ਼ਬ ਪੌਸ਼ਾਕਾਂ ਪਾਉਂਦੇ ਹਨ। ਉਹ ਆਪਣੇ ਚਿਹਰੇ ਉੱਤੇ ਕੁਦਰਤੀ ਚੀਜ਼ਾਂ ਦਾ ਇਸਤੇਮਾਲ ਕਰ ਕੇ ਮੇਕਅਪ ਕਰਦੇ ਤੇ ਬੁੱਲ੍ਹਾਂ ਉੱਤੇ ਪੇਂਟ ਲਾਉਂਦੇ ਹਨ ਜਿਸ ਨਾਲ ਉਨ੍ਹਾਂ ਦੇ ਸਫੈਦ ਦੰਦ ਹੋਰ ਜ਼ਿਆਦਾ ਚਮਕਦੇ ਹਨ। ਪੁਰਸ਼ਾਂ ਵੱਲੋਂ ਇਹ ਸਜਾਵਟ ਮਹਿਲਾਵਾਂ ਨੂੰ ਆਕਰਸ਼ਤ ਕਰਨ ਦੇ ਲਈ ਕੀਤੀ ਜਾਂਦੀ ਹੈ। ਇਸ ਦੇ ਬਾਅਦ ਉਹ ਮਹਿਲਾਵਾਂ ਦੇ ਸਾਹ-ਮਣੇ ਅਨੋਖੀ ਤਰ੍ਹਾਂ ਨਾਲ ਨੱਚਦੇ ਹਨ।

# ਕੈਨਬਰਾ ਹਵਾਈ ਅੱਡੇ ਉਤੇ ਗੋਲੀਆਂ ਚਲਾਉਣ ਵਾਲਾ ਗ੍ਰਿਫਤਾਰ

### * ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇ ਆਧਾਰ ਉੱਤੇ ਜਾਂਚ ਜਾਰੀ

ਕੈਨਬਰਾ, 18 ਅਗਸਤ (ਪੋਸਟ ਬਿਊਰੋ)- ਆਸਟਰੇਲੀਆ ਦੇ ਕੈਨਬਰਾ ਹਵਾਈ ਅੱਡੇ ਉੱਤੇ ਟਰਮੀਨਲ ਦੀ ਇਮਾਰਤ ਉੱਤੇ ਪਰਸੋਂ ਗੋਲੀਆਂ ਚਲਾਉਣ ਵਾਲੇ ਵਿਅਕਤੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਦੇਸ਼ ਦੀ ਕੈਪੀਟਲ ਟੈਰੀਟਰੀ (ਏ ਸੀ ਟੀ) ਪੁਲੀਸਿੰਗ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰਨ ਤੋਂ ਕੁਝ ਸਮੇਂ ਬਾਅਦ ਇੱਕ ਹਥਿਆਰ ਮਿਲਿਆ। ਪੁਲਸ ਨੇ ਦੱਸਿਆ ਕਿ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਗਈ ਅਤੇ ਮੰਨਿਆ ਜਾ ਰਿਹਾ ਹੈ ਕਿ ਫੜਿਆ ਗਿਆ ਦੋਸ਼ੀ ਇਕੱਲਾ ਇਸ ਘਟਨਾ ਲਈ ਜ਼ਿੰਮੇਵਾਰ ਸੀ। ਏ ਸੀ ਟੀ ਪੁਲੀਸਿੰਗ ਦੇ ਡਿਟੈਕਟਿਵ ਐਕਟਿੰਗ ਸੁਪਰਡੈਂਟ ਡੇਵ ਕਰਾਫਟ ਨੇ ਦੱਸਿਆ, ''ਕੈਨਬਰਾ ਹਵਾਈ ਅੱਡੇ ਨੂੰ ਚੌਕਸੀ ਵਜੋਂ ਖਾਲੀ ਕਰਾਇਆ ਸੀ, ਪਰ ਹਵਾਈ ਅੱਡੇ ਉੱਤੇ ਸਥਿਤੀ ਕਾਬੂ ਹੇਠ ਹੈ। ਕਿਸੇ ਦੇ ਵੀ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ।''

ਉਨ੍ਹਾਂ ਦੱਸਿਆ ਕਿ ਦੋਸ਼ੀ ਵਿਅਕਤੀ ਸਥਾਨਕ ਸਮੇਂ ਮੁਤਾਬਕ ਲਗਭਗ 1.30 ਵਜੇ ਹਵਾਈ ਅੱਡੇ ਵਿੱਚ ਆਇਆ ਅਤੇ ਜਾਣ ਵਾਲੇ ਯਾਤਰੀਆਂ ਦੀ ਚੈਕਿੰਗ ਵਾਲੇ ਸਥਾਨ ਨੇੜੇ ਬੈਠ ਗਿਆ। ਕੁਝ ਸਮੇਂ ਬਾਅਦ ਉਸ ਨੇ ਟਰਮੀਨਲ ਦੇ ਸ਼ੀਸ਼ੇ ਉੱਤੇ ਗੋਲੀਆਂ ਚਲਾਈਆਂ। ਲੋਕਾਂ ਜਾਂ ਸਟਾਫ ਵਿੱਚੋਂ ਕਿਸੇ ਨੂੰ ਗੋਲੀ ਨਹੀਂ ਲੱਗੀ। ਪ੍ਰਧਾਨ ਮੰਤਰੀ ਐਂਥਨੀ ਐਲਬਾਨੀਜ਼ ਨੇ ਆਸਟਰੇਲੀਅਨ ਫੈਡਰਲ ਪੁਲਸ ਤੋਂ ਇਸ ਬਾਰੇ ਜਾਣਕਾਰੀ ਲਈ ਤੇ ਕਿਹਾ, ''ਮੈਨੂੰ ਦੱਸਿਆ ਗਿਆ ਹੈ ਕਿ ਇੱਕ ਜਣੇ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਉਥੇ ਕੋਈ ਖਤਰਾ ਨਹੀਂ ਹੈ।''




# ਨਿਊਜ਼ੀਲੈਂਡ ਦੇ ਸਾਬਕਾ ਕ੍ਰਿਕਟਰ ਰੋਸ ਟੇਲਰ ਦਾ ਸਨਸਨੀਖੇਜ਼ ਖੁਲਾਸਾ

### *ਜ਼ੀਰੋ ਉਤੇ ਆਊਟ ਹੋਣ 'ਤੇ ਟੀਮ ਮਾਲਕ ਨੇ ਥੱਪੜ ਮਾਰੇ


ਆਕਲੈਂਡ, 18 ਅਗਸਤ (ਪੋਸਟ ਬਿਊਰੋ)- ਨਿਊਜ਼ੀਲੈਂਡ ਦੇ ਸਾਬਕਾ ਕਪਤਾਨ ਰੋਸ ਟੇਲਰ ਨੇ ਆਪਣੀ ਜੀਵਨੀ 'ਰੋਸ ਟੇਲਰ: ਬਲੈਕ ਐਂਡ ਵ੍ਹਾਈਟ' ਵਿੱਚ ਸਨਸਨੀਖੇਜ਼ ਖੁਲਾਸਾ ਕੀਤਾ ਹੈ ਕਿ ਆਈ ਪੀ ਐਲ ਕ੍ਰਿਕਟ ਦੇ ਦੌਰਾਨ ਰਾਜਸਥਾਨ ਰਾਇਲਜ਼ ਵੱਲੋਂ ਖੇਡਦਿਆਂ ਇੱਕ ਵਾਰ ਜ਼ੀਰੋ ਉੱਤੇ ਆਊਟ ਹੋਣ ਉੱਤੇਟੀਮ ਮਾਲਕ ਨੇ ਉਸ ਨੂੰ ਥੱਪੜ ਮਾਰੇ ਸਨ। ਟੇਲਰ ਨੇ ਆਪਣੀ ਜੀਵਨੀ ਵਿੱਚ ਨਿਊਜ਼ੀਲੈਂਡ ਕ੍ਰਿਕਟ ਬੋਰਡ ਉੱਤੇ ਨਸਲਵਾਦ ਵਧਾਉਣ ਦਾ ਵੀ ਦੋਸ਼ ਲਾਇਆ।

ਮਿਲੀ ਜਾਣਕਾਰੀ ਅਨੁਸਾਰ ਨਿਊਜ਼ੀਲੈਂਡ ਲਈ 16 ਸਾਲ ਖੇਡ ਚੁੱਕੇ ਟੇਲਰ ਨੇ ਆਪਣੀ ਜੀਵਨੀ ਵਿੱਚ ਲਿਖਿਆ ਹੈ ਕਿ ਕਿਵੇਂ ਲਾਕਰ ਰੂਮ ਵਿੱਚ ਉਸ ਨੂੰ ਨਸਲੀ ਟਿੱਪਣੀਆਂ ਝੱਲਣੀਆਂ ਪਈਆਂ ਸਨ। ਟੇਲਰ ਨੇ ਘਟਨਾਕ੍ਰਮ ਉੱਤੇ ਕਿਹਾ ਕਿ ਤੁਸੀਂ ਜਿਸ ਟੀਮ ਤੋਂ ਪੈਸੇ ਲੈਂਦੇ ਹੋ, ਉਸ ਸਮੇਂ ਇਹ ਸਾਬਤ ਕਰਨ ਲਈ ਬੇਤਾਬ ਰਹਿੰਦੇ ਹੋ ਕਿ ਤੁਸੀਂ ਉਸ ਦੇ ਯੋਗ ਹੋ। ਜਿਹੜੇ ਲੋਕ ਤੁਹਾਨੂੰ ਪੈਸਾ ਦਿੰਦੇ ਹਨ, ਉਹ ਤੁਹਾਡੇ ਤੋਂ ਬਹੁਤ ਆਸਾਂਰੱਖਦੇ ਹਨ। ਇਹ ਪੇਸ਼ੇਵਰ ਖੇਡ ਤੇ ਮਨੁੱਖੀ ਸੁਭਾਅ ਹੈ। ਆਰ ਸੀ ਬੀ ਨੇ ਮੇਰੇ ਉੱਤੇ ਜਿਹੜਾ ਭਰੋਸਾ ਕੀਤਾ ਸੀ, ਮੈਂ ਉਸ ਦਾ ਭੁਗਤਾਨ ਕੀਤਾ, ਪਰ ਜਦੋਂ ਤੁਸੀਂ ਕਿਸੇ ਨਵੀਂ ਟੀਮ ਵਿੱਚ ਜਾਉ ਤਾਂ ਤੁਹਾਨੂੰ ਉਹ ਸਮਰਥਨ ਨਹੀਂ ਮਿਲਦਾ। ਤੁਸੀਂ ਜਲਦੀ ਸੌਖਾ ਮਹਿਸੂਸ ਨਹੀਂ ਕਰਦੇ ਕਿਉਂਕਿ ਤੁਸੀ ਜਾਣਦੇ ਹੋ ਕਿ ਜੇ ਤੁਸੀਂ ਬਿਨਾਂ ਸਕੋਰ ਦੇ ਜਾਂ ਦੋ-ਤਿੰਨ ਮੈਚ ਖੇਡੇ ਤਾਂ ਠੰਢੇ ਬਸਤੇ ਵਿੱਚ ਆ ਜਾਂਦੇ ਹੋ।

ਟੇਲਰ ਨੇ ਆਪਣੀ ਜੀਵਨੀ ਵਿੱਚ ਮੋਹਾਲੀ ਦੇ ਮੈਦਾਨ ਉੱਤੇ ਕਿੰਗਜ਼ ਇਲੈਵਨ ਪੰਜਾਬ ਵਿਰੁੱਧ ਹੋਣ ਵਾਲੇ ਮੈਚ ਦਾ ਜ਼ਿਕਰ ਕੀਤਾ ਹੈ,"2011 ਸੈਸ਼ਨ ਵਿੱਚ ਹੋਏ ਮੈਚ ਵਿੱਚ ਰਾਜਸਥਾਨ ਰਾਇਲਜ਼ ਟੀਮ ਨੇ 195 ਦੌੜਾਂ ਦੇ ਟੀਚੇ ਦਾ ਪਿੱਛਾ ਕਰਨਾ ਸੀ। ਅਸੀਂ ਇਹ ਮੈਚ ਹਾਰ ਗਏ। ਮੈਂ ਜ਼ੀਰੋ ਉੱਤੇ ਆਊਟ ਹੋ ਗਿਆ। ਮੈਚਪਿੱਛੋਂ ਪੂਰੀ ਟੀਮ, ਸਹਿਯੋਗੀ ਸਟਾਫ ਤੇ ਮੈਨੇਜਮੈਂਟ ਹੋਟਲ ਦੀ ਸਭ ਤੋਂ ਉਪਰਲੀ ਮੰਜ਼ਿਲ ਉੱਤੇ ਬਾਰ ਵਿੱਚ ਸਨ। ਸ਼ੇਨ ਵਾਰੇਨ ਨਾਲ ਲਿਜ ਹਰਲੇ ਸੀ। ਰਾਇਲਜ਼ ਦੇ ਮਾਲਕਾਂ ਵਿੱਚੋਂ ਇੱਕ ਨੇ ਮੈਨੂੰ ਕਿਹਾ, 'ਰੋਸ, ਅਸੀਂ ਤੁਹਾਨੂੰ ਜ਼ੀਰੋ ਉੱਤੇ ਆਊਟ ਹੋਣ ਲਈ ਇੱਕ ਮਿਲੀਅਨ ਡਾਲਰ ਦਾ ਭੁਗਤਾਨ ਕੀਤੈ?' ਤੇ ਮੈਨੂੰ ਤਿੰਨ ਜਾ ਚਾਰ ਵਾਰ ਮੂੰਹ ਉੱਤੇ ਥੱਪੜ ਮਾਰੇ।"ਟੇਲਰ ਨੇ ਲਿਖਿਆ, ''ਉਹ (ਫਰੈਂਚਾਈਜ਼ੀ ਮਾਲਕ) ਹੱਸ ਰਿਹਾ ਸੀ। ਉਸ ਨੇ ਥੱਪੜ ਜ਼ੋਰ ਨਾਲ ਨਹੀਂ ਮਾਰੇ, ਪਰ ਮੈਨੂੰ ਭਰੋਸਾ ਨਹੀਂ ਸੀ ਕਿ ਇਹ ਪੂਰੀ ਤਰ੍ਹਾਂ ਨਾਟਕੀ ਸੀ। ਮੈਂ ਉਸਹਾਲਾਤ ਵਿੱਚ ਇਸ ਨੂੰ ਮੁੱਦਾ ਨਹੀਂ ਬਣਾਉਣਾ ਚਾਹੁੰਦਾ ਸੀ, ਪਰ ਮੈਂ ਪੇਸ਼ੇਵਰ ਖੇਡ ਮਾਹੌਲ ਵਿੱਚ ਏਦਾਂ ਹੋਣ ਦੀ ਕਲਪਨਾ ਨਹੀਂ ਕਰ ਸਕਦਾ ਸੀ।" ਵਰਨਣ ਯੋਗ ਹੈ ਕਿ ਰੋਸ ਟੇਲਰ ਨੇ ਟੂਰਨਾਮੈਂਟ ਦੇ 2011 ਸੈਸ਼ਨ ਵਿੱਚ ਰਾਇਲਜ਼ ਦੀ ਕਪਤਾਨੀ ਕੀਤੀ ਸੀ। ਇਹ ਖੁਲਾਸਾ ਵਿਵਾਦ ਦਾ ਕਾਰਨ ਬਣ ਸਕਦਾ ਹੈ।



## ਰਸ਼ਦੀ ਉੱਤੇ ਹਮਲੇ ਨਾਲ ਪੱਛਮੀ ਦੇਸ਼ ਜਾਗ ਜਾਣ, ਈਰਾਨ ਉੱਤੇ ਰੋਕ ਲਾਉਣ ਦਾ ਸਮਾਂ ਹੈ: ਸੁਨਕ



ਲੰਡਨ, 18 ਅਗਸਤ (ਪੋਸਟ ਬਿਊਰੋ)- ਬ੍ਰਿਟਿਸ਼ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਰਿਸ਼ੀ ਸੂਨਕ ਨੇ ਕੱਲ੍ਹ ਕਿਹਾ ਕਿ ਮਸ਼ਹੂਰ ਲੇਖਕ ਸਲਮਾਨ ਰਸ਼ਦੀ ਉੱਤੇ ਹੋਏ ਹਮਲੇ ਬਾਰੇ ਈਰਾਨ ਖ਼ਿਲਾਫ਼ ਸਖ਼ਤ ਪਾਬੰਦੀ ਲਾਉਣ ਅਤੇ ਉਸ ਦੀ ਫ਼ੌਜੀ ਯੂਨਿਟ ਨੂੰ ਵਰਜਿਤ ਕਰਨ ਲਈ ਪੱਛਮੀ ਦੇਸ਼ਾਂ ਨੂੰ ਜਗਾਉਣ ਦੀ ਲੋੜ ਹੈ।

ਆਪਣੇ ਦੇਸ਼ ਦੇ ਸਾਬਕਾ ਚਾਂਸਲਰ ਰਿਸ਼ੀ ਸੁਨਕ ਨੇ ਕਿਹਾ ਕਿ ਈਰਾਨ ਨਾਲ ਹੋਏ ਪ੍ਰਮਾਣੂ ਸਮਝੌਤੇ ਬਹਾਲ ਕਰਨ ਦੀ ਕੋਸ਼ਿਸ਼ ਬੇਕਾਰ ਹੋ ਸਕਦੀ ਹੈ ਅਤੇ ਇਸ ਲਈ ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰਡ ਦੇ ਖ਼ਿਲਾਫ਼ ਕਾਰਵਾਈ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਸੁਨਕ ਦਾ ਬਿਆਨ ਓਦੋਂ ਆਇਆ ਹੈ ਜਦੋਂ ਰਸ਼ਦੀ ਉੱਤੇ ਹਮਲੇ ਦੇ ਸ਼ੱਕੀ ਦੋਸ਼ੀ ਹਾਦੀ ਮਟਰ ਦੇ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਗਿਆ ਤੇ ਬਿਨਾਂ ਜ਼ਮਾਨਤ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ। ਸ਼ੁਰੂ ਦੀ ਜਾਂਚ ਵਿੱਚ ਸੰਕੇਤ ਮਿਲੇ ਹਨ ਕਿ ਉਹ ਸ਼ੀਆ ਕੱਟੜਪੰਥ ਅਤੇ ਰਿਵੋਲਿਊਸ਼ਨਰੀ ਗਾਰਡ ਪ੍ਰਤੀ ਹਮਦਰਦੀ ਰੱਖਦਾ ਸੀ। ਸੁਨਕ ਨੇ ਕਿਹਾ,''ਈਰਾਨ ਵਿੱਚ ਸਥਿਤੀ ਬਹੁਤ ਗੰਭੀਰ ਹੈ ਅਤੇ ਅਸੀਂ ਵਲਾਦਿਮੀਰ ਦੇ ਆਹਮੋ-ਸਾਹਮਣੇ ਖੜ੍ਹੇ ਹੋਣ ਕਾਰਨ ਕਿਤੇ ਹੋਰ ਤੋਂ ਨਜ਼ਰ ਨਹੀਂ ਹਟਾ ਸਕਦੇ।" ਉਨ੍ਹਾਂ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਯੂਕ੍ਰੇਨ-ਰੂਸ ਜੰਗ ਬਾਰੇ ਕਿਹਾ,''ਪ੍ਰਮਾਣੂ ਹਥਿਆਰਾਂ ਨਾਲ ਸੰਪੰਨ ਈਰਾਨ ਸਾਡੇ ਭਾਈਵਾਲ ਇਸਰਾਈਲ ਦੇ ਲਈ ਖਤਰਾ ਹੋ ਸਕਦਾ ਹੈ ਅਤੇ ਆਪਣੀ ਬੈਲਿਸਟਿਕ ਮਿਜ਼ਾਈਲ ਸਮਰੱਥਾ ਨਾਲ ਪੂਰੇ ਯੂਰਪ ਨੂੰ ਸੰਕਟ ਵਿੱਚ ਪਾ ਸਕਦਾ ਹੈ।" ਸੁਨਕ ਨੇ ਕਿਹਾ ਕਿ ਸਾਨੂੰ ਨਵਾਂ ਅਤੇ ਮਜਬੂਤ ਸਮਝੌਤਾ ਕਰਨਾ ਚਾਹੀਦਾ ਤੇ ਵੱਧ ਸਖ਼ਤ ਪਾਬੰਦੀ ਲਾਉਣੀ ਚਾਹੀਦੀ ਹੈ।

## ਲਾਂਗਿਆ ਹੇਨਿਪਾ ਵਾਇਰਸ ਬੜਾ ਸੌਖਾ ਜਾਨਵਰਾਂ ਤੋਂ ਇਨਸਾਨਾਂ ਤੀਕਰ ਪਹੁੰਚ ਸਕਦੈ

ਹਾਂਗਕਾਂਗ, 18 ਅਗਸਤ (ਪੋਸਟ ਬਿਊਰੋ)- ਪੂਰਬੀ ਚੀਨ ਵਿੱਚ ਦਰਜਨਾਂ ਲੋਕਾਂ ਵਿੱਚ ਪਾਏ ਗਏ ਨਵੇਂ ਵਾਇਰਸ ਉੱਤੇਹੋਰ ਨਿਗਰਾਨੀ ਦੀ ਲੋੜ ਹੈ, ਜੋ ਭਾਵੇਂ ਅਗਲੀ ਮਹਾਮਾਰੀ ਦਾ ਕਾਰਨ ਨਹੀਂ ਬਣ ਸਕਦਾ, ਪਰ ਇਹ ਵਾਇਰਸ ਆਸਾਨੀ ਨਾਲ ਜਾਨਵਰਾਂ ਤੋਂ ਮਨੁੱਖਾਂ ਤੱਕ ਪਹੁੰਚ ਸਕਦਾ ਹੈ ਅਤੇ ਇਸਵੱਲ ਕਿਸੇ ਦਾ ਧਿਆਨ ਵੀ ਨਹੀਂ ਜਾਂਦਾ ਹੈ। ਇੱਕ ਰਿਪੋਰਟ ਵਿੱਚਵਿਗਿਆਨੀਆਂ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ।

ਲਾਂਗਿਆ ਹੇਨਿਪਾ ਵਾਇਰਸ ਨਾਂਅ ਦੇ ਵਾਇਰਸ ਨੇ ਲਗਭਗ ਤਿੰਨ ਦਰਜਨ ਕਿਸਾਨਾਂ ਅਤੇ ਹੋਰ ਲੋਕਾਂ ਨੂੰ ਆਪਣੀ ਲਪੇਟ ਵਿੱਚ ਲਿਆ ਹੈ। ਵਿਗਿਆਨੀਆਂ ਦੀ ਟੀਮ ਅਨੁਸਾਰ ਇਹ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਲੋਕਾਂ ਵਿੱਚ ਫੈਲ ਸਕਦਾ ਹੈ। ਇਸ ਨਾਲ ਕਿਸੇ ਦੀ ਮੌਤ ਨਹੀਂ ਹੋਈ, ਪਰ 2018 ਅਤੇ 2021 ਵਿਚਾਲੇ ਸ਼ੇਡੋਂਗ ਅਤੇ ਹੇਨਾਨ ਸੂਬੇ ਦੇ ਹਸਪਤਾਲਾਂ ਵਿੱਚ 35 ਅਸਬੰਧਤ ਬੁਖਾਰ ਦੇ ਰੋਗੀਆਂ ਵਿੱਚ ਇਹ ਪਾਇਆ ਗਿਆ ਹੈ। ਪਿਛਲੇ ਹਫਤੇ ਨਿਊ ਇੰਗਲੈਂਡ ਜਰਨਲ ਆਫ ਮੈਡੀਸਨ ਵਿੱਚ ਚੀਨੀ ਤੇ ਅੰਤਰਰਾਸ਼ਟਰੀ ਖੋਜਕਾਰਾਂ ਦੀ ਟਿਮ ਨੇ ਲਿਖਤ-ਪੜ੍ਹਤ ਵਿੱਚ ਇਸ ਵਾਇਰਸ ਉੱਤੇ ਪਹਿਲਾਂ ਵਿ-ਗਿਆਨਕ ਖੋਜ ਨੇ ਬਿਮਾਰੀ ਦੇ ਕਹਿਰ ਉੱਤੇ ਵੱਧਦੀ ਚਿੰਤਾ ਕਾਰਨ ਵਰਲਡ ਪੱਧਰ ਉੱਤੇ ਧਿਆਨ ਖਿੱਚਿਆ ਹੈ।




# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION



ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION


# ਇਮਰਾਨ ਨੇ ਜੈਸ਼ੰਕਰ ਦੀ ਵੀਡੀਓ ਚਲਾ ਕੇ ਭਾਰਤੀ ਵਿਦੇਸ਼ ਨੀਤੀ ਦੀ ਸ਼ਲਾਘਾ ਕੀਤੀ

ਲਾਹੌਰ, 18 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਤਹਿਰੀਕ ਏ ਇਨਸਾਫ (ਪੀ ਟੀ ਆਈ) ਦੇ ਚੇਅਰਮੈਨ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪਰਸੋਂ ਫਿਰ ਭਾਰਤ ਦੀ ਆਜ਼ਾਦ ਵਿਦੇਸ਼ ਨੀਤੀ ਦੀ ਸ਼ਲਾਘਾ ਕੀਤੀ ਤੇ ਰੂਸ ਤੋਂ ਤੇਲ ਖਰੀਦਣ ਲਈ ਪੱਛਮੀ ਦੇਸ਼ਾਂ ਵੱਲੋਂ ਭਾਰਤ ਦੀ ਕੀਤੀ ਗਈ ਆਲੋਚਨਾ ਦੀ ਨਿਖੇਧੀ ਵੀ ਕੀਤੀ।

ਇਮਰਾਨ ਖਾਨ ਲਾਹੌਰ ਦੇ ਹਾਕੀ ਸਟੇਡੀਅਮ ਵਿੱਚ ਵੱਡੀ ਰੈਲੀ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਵੀਡੀਓ ਕਲਿੱਪ ਚਲਾਈ। ਇਹ ਵੀਡੀਓ ਸਲੋਵਾਕੀਆ ਵਿੱਚ ਹੋਈ ਬ੍ਰਾਤੀਲਾਵਾ ਫੋਰਮ ਬਾਰੇ ਸੀ। ਉਨ੍ਹਾਂ ਭਾਰਤੀ ਮੰਤਰੀ ਵੱਲੋਂ ਤੇਲ ਖਰੀਦਣ ਦੇ ਮਾਮਲੇ ਵਿੱਚ ਅਮਰੀਕੀ ਦਬਾਅ ਅੱਗੇ ਮਜ਼ਬੂਤੀ ਨਾਲ ਖੜ੍ਹਨ ਦੀ ਸ਼ਲਾਘਾ ਕੀਤੀ। ਇਮਰਾਨ ਨੇ ਰੈਲੀ ਵਿੱਚ ਕਿਹਾ, ''ਜੇ ਭਾਰਤ, ਜਿਸ ਨੂੰ ਪਾਕਿਸਤਾਨ ਦੇ ਨਾਲ ਆਜ਼ਾਦੀ ਮਿਲੀ ਸੀ, ਏਦਾਂ ਦਾ ਮਜ਼ਬੂਤ ਰੁਖ਼ ਧਾਰਨ ਕਰ ਸਕਦਾ ਹੈ, ਆਪਣੀ ਵਿਦੇਸ਼ ਨੀਤੀ ਆਪਣੇ ਲੋਕਾਂ ਦੀ ਲੋੜ ਮੁਤਾਬਕ ਘੜ ਸਕਦਾ ਹੈ ਤਾਂ ਉਹ ਕੌਣ ਹੁੰਦੇ ਹਨ (ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸਰਕਾਰ) ਜੋ ਅਮਰੀਕਾ ਦੇ ਕਹਿਣ ਉੱਤੇ ਚੱਲਦੇ ਹਨ।"



ਇਮਰਾਨ ਖਾਨ ਨੇ ਵੀਡੀਓ ਚਲਾ ਕੇ ਕਿਹਾ, ''ਉਨ੍ਹਾਂ (ਅਮਰੀਕਾ) ਨੇ ਭਾਰਤ ਨੂੰ ਰੂਸ ਤੋਂ ਤੇਲ ਨਾ ਖਰੀਦਣ ਲਈ ਹੁਕਮ ਦਿੱਤੇ। ਭਾਰਤ, ਅਮਰੀਕਾ ਦਾ ਰਣਨੀਤਕ ਭਾਈਵਾਲ ਹੈ, ਪਾਕਿ-ਸਤਾਨ ਨਹੀਂ। ਚਲੋ ਅਸੀਂ ਦੇਖਦੇ ਹਾਂ ਕਿ ਅਮਰੀਕਾ ਦੇ ਹੁਕਮ ਦਾ ਭਾਰਤ ਦੇ ਵਿਦੇਸ਼ ਮੰਤਰੀ ਨੇ ਕੀ ਜਵਾਬ ਦਿੱਤਾ ਜਦ ਉਨ੍ਹਾਂ ਤੇਲ ਨਾ ਖਰੀਦਣ ਬਾਰੇ ਕਿਹਾ। ਜੈਸ਼ੰਕਰ ਉਨ੍ਹਾਂ ਨੂੰ ਕਹਿ ਰਹੇ ਹਨ ਕਿ ਤੁਸੀਂ ਕੌਣ ਹੁੰਦੇ ਹੋ? ਉਨ੍ਹਾਂ ਕਿਹਾ ਕਿ ਯੂਰਪ ਰੂਸ ਤੋਂ ਗੈਸ ਲੈ ਰਿਹਾ ਹੈ ਅਤੇ ਅਸੀਂ ਲੋਕਾਂ ਦੀ ਲੋੜ ਮੁਤਾਬਕ ਤੇਲ ਲਵਾਂਗੇ। ਇਹ ਹੁੰਦੀ ਹੈ ਆਜ਼ਾਦ ਹਕੂਮਤ।" ਉਨ੍ਹਾਂ ਰੂਸ ਤੋਂ ਤੇਲ ਖਰੀਦਣ ਬਾਰੇ ਸ਼ਾਹਬਾਜ਼ ਸਰਕਾਰ ਦੇ ਅਮਰੀਕੀ ਦਬਾਅ ਅੱਗੇ ਝੁਕਣ ਦੀ ਨਿਖੇਧੀ ਕੀਤੀ ਤੇ ਕਿਹਾ, ''ਸ਼ਾਹਬਾਜ਼ ਸਰਕਾਰ ਅਮਰੀਕਾ ਨੂੰ ਨਾਂਹ ਨਹੀਂ ਕਹਿ ਸਕੀ ਤੇ ਝੁਕ ਗਈ, ਭਾਵੇਂ ਤੇਲ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਮੈਂ ਇਸ ਗੁਲਾਮੀ ਦੇ ਖਿਲਾਫ ਹਾਂ।" ਜੈਸ਼ੰਕਰ ਦੀ ਇਹ ਵੀਡੀਓ ਤਿੰਨ ਜੂਨ ਦੀ ਹੈ, ਜਦ ਉਨ੍ਹਾਂ ਸਲੋਵਾਕੀਆ ਦੇ ਸੰਮੇਲਨ ਵਿੱਚ ਤੇਲ ਖਰੀਦਣ ਦੇ ਮਾਮਲੇ ਉੱਤੇ ਜਵਾਬ ਦਿੰਦਿਆਂ ਕਿਹਾ ਸੀ ਕਿ ''ਕੀ ਰੂਸ ਦੀ ਗੈਸ ਖਰੀਦਣ ਵਾਲੇ ਦੇਸ਼ ਵੀ ਜੰਗ ਦੀ ਫੰਡਿੰਗ ਨਹੀਂ ਕਰ ਰਹੇ?''

ਲਾਹੌਰ ਵਿੱਚ ਕੱਲ੍ਹ ਰੈਲੀ ਵਿੱਚ ਇਮਰਾਨ ਖਾਨ ਨੇ ਇਹ ਵੀ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਲੰਡਨ ਤੋਂ ਪਾਕਿਸਤਾਨ ਲਿਆਉਣ ਦੇ ਯਤਨ ਚੱਲ ਰਹੇ ਹਨ, ਜਦ ਕਿ ਸ਼ਰੀਫ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਸਜ਼ਾ ਹੋ ਚੁੱਕੀ ਹੈ। ਉਹ ਨਵੰਬਰ 2019 ਵਿੱਚ ਇਲਾਜ ਲਈ ਲੰਡਨ ਗਏ ਸਨ। ਇਮਰਾਨ ਨੇ ਕਿਹਾ, ''ਸਰਕਾਰ ਤੇ ਫੌਜ ਵੱਲੋਂ ਵੀ ਦਬਾਅ ਬਣਾਇਆ ਜਾ ਰਿਹਾ ਹੈ ਤਾਂ ਕਿ ਨਵਾਜ਼ ਸ਼ਰੀਫ ਨੂੰ ਅਗਲੀਆਂ ਚੋਣਾਂ ਵਿੱਚ ਖੜ੍ਹਾ ਕੀਤਾ ਜਾ ਸਕੇ। ਨਵਾਜ਼ ਸ਼ਰੀਫ ਨੂੰ ਚੋਣਾਂ ਲੜਨ ਦੇ ਅਯੋਗ ਕਰਾਰ ਦਿੱਤਾ ਜਾ ਚੁੱਕਾ ਹੈ ਤੇ ਉਨ੍ਹਾਂ ਉੱਤੇ ਉਮਰ ਦੀ ਪਾਬੰਦੀ ਲਾਈ ਗਈ ਸੀ। ਉਨ੍ਹਾਂ ਕਿਹਾ ਕਿ ਪਾਬੰਦੀ ਨੂੰ ਖਤਮ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਪਾਕਿਸਤਾਨ ਵਿੱਚ ਆਮ ਚੋਣਾਂ ਅਗਲੇ ਸਾਲ ਹੋਣੀਆਂ ਹਨ। ਕੁਝ ਰਿਪੋਰਟਾਂ ਮੁਤਾਬਕ ਪਾਕਿਸਤਾਨੀ ਚੋਣ ਕਮਿਸ਼ਨ ਤੈਅ ਸਮੇਂ ਤੋਂ ਇੱਕ ਸਾਲ ਪਹਿਲਾਂ ਅਕਤੂਬਰ ਮਹੀਨੇ ਆਮ ਚੋਣਾਂ ਕਰਾਉਣ ਦੀ ਤਿਆਰੀ ਕਰ ਰਿਹਾ ਹੈ।

## ਇੱਕ ਥਾਂ, ਜਿੱਥੇ ਹਰ ਮਰਦ ਦੇ ਜਬਰਦਸਤੀ ਦੋ ਵਿਆਹ ਕਰਵਾਏ ਜਾਂਦੇ ਨੇ



ਅਸਮਾਰਾ, 18 ਅਗਸਤ (ਪੋਸਟ ਬਿਊਰੋ)- ਦੁਨੀਆ ਵਿੱਚ ਕਿਸੇ ਵੀ ਇਨਸਾਨ ਨੂੰ ਇੱਕ ਵਿਆਹ ਕਰਨ ਦੀ ਕਾਨੂੰਨੀ ਮਾਨਤਾ ਹੁੰਦੀ ਹੈ, ਪਰ ਦੁਨੀਆ ਵਿੱਚ ਕੁਝ ਦੇਸ਼ ਜਾਂ ਸਥਾਨ ਅਜਿਹੇ ਹਨ, ਜਿੱਥੇ ਇੱਕ ਨਹੀਂ, ਸਗੋਂ ਦੋ ਵਿਆਹ ਕਰਨ ਦਾ ਰਿਵਾਜ਼ ਹੈ। ਇਹੀ ਨਹੀਂ ਉਥੇ ਦੂਸਰਾ ਵਿਆਹ ਕਰਨ ਲਈ ਪੁਰਸ਼ਾਂ ਨਾਲ ਜ਼ਬਰਦਸਤੀ ਕੀਤੀ ਜਾਂਦੀ ਹੈ, ਯਾਨੀ ਜੇ ਪੁਰਸ਼ ਨਾ ਮੰਨੇ ਤਾਂ ਉਸ ਨੂੰ ਦੂਜਾ ਵਿਆਹ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਜੇਕਰ ਕੋਈ ਪੁਰਸ਼ ਦੂਜਾ ਵਿਆਹ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਸਖ਼ਤ ਸਜ਼ਾ ਵੀ ਦਿੱਤੀ ਜਾਂਦੀ ਹੈ।

ਅਫ਼ਰੀਕੀ ਮਹਾਂਦੀਪ ਦੇ ਇੱਕ ਦੇਸ਼ ਇਰੀਟ੍ਰੀਆ ਵਿੱਚ ਹਰ ਪੁਰਸ਼ ਨੂੰ ਦੋ ਪਤਨੀਆਂ ਰੱਖਣ ਦਾ ਅਨੋਖਾ ਕਾਨੂੰਨ ਹੈ। ਇਸ ਦੇਸ਼ ਹਰ ਪੁਰਸ਼ ਨੂੰ ਦੋ ਵਿਆਹ ਕਰਨੇ ਹੁੰਦੇ ਹਨ, ਕਿਉਂਕਿ ਓਥੇ ਦੋ ਵਿਆਹ ਕਰਾਉਣੇ ਲਾਜ਼ਮੀ ਹਨ। ਇਹੀ ਨਹੀਂ, ਜੇ ਕੋਈ ਪੁਰਸ਼ ਦੋ ਪਤਨੀਆਂ ਨਹੀਂ ਰੱਖਦਾ ਤਾਂ ਉਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ, ਸਜ਼ਾ ਵਜੋਂ ਉਸ ਨੂੰ ਜੇਲ੍ਹ ਵਿੱਚ ਵੀ ਡੱਕ ਦਿੱਤਾ ਜਾਂਦਾ ਹੈ। ਇਸ ਅਨੋਖੇ ਕਾਨੂੰਨ ਦਾ ਕਾਰਨ ਇਹ ਹੈ ਕਿ ਇਰੀਟ੍ਰੀਆ ਵਿੱਚ ਪੁਰਸ਼ਾਂ ਦੀ ਗਿਣਤੀ ਔਰਤਾਂ ਦੀ ਗਿਣਤੀ ਨਾਲੋਂ ਬਹੁਤ ਘੱਟ ਹੈ, ਇਸ ਦੀ ਮੁੱਖ ਵਜ੍ਹਾ ਇਥੋਪੀਆ ਨਾਲ ਹੋਇਆ ਘਰੇਲੂ ਯੁੱਧ ਹੈ। ਪੁਰਸ਼ਾਂ ਦੇ ਦੋ ਵਿਆਹ ਕਰਨ ਦੇ ਕਾਨੂੰਨ ਤੋਂ ਇਲਾਵਾ ਔਰਤਾਂ ਬਾਰੇ ਵੀ ਸਖ਼ਤ ਕਾਨੂੰਨ ਬਣਾਇਆ ਗਿਆ ਹੈ, ਜਿਸ ਹੇਠ ਉਥੇ ਔਰਤਾਂ ਆਪਣੇ ਪਤੀ ਦੇ ਦੂਜੇ ਵਿਆਹ ਵਿੱਚ ਰੁਕਾਵਟ ਜਾਂ ਕਿਸੇ ਤਰ੍ਹਾਂ ਦੀ ਅੜਾਉਣੀ ਪੈਦਾ ਨਹੀਂ ਕਰ ਸਕਦੀਆਂ, ਜੇਕਰ ਉਹ ਅਜਿਹਾ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ।

# ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਪੂਰੇ ਜੋਸ਼-ਓ-ਖ਼ਰੋਸ਼ ਨਾਲ ਚਿੰਗੂਆਕੂਜ਼ੀ ਪਾਰਕ 'ਚ ਹੋਈ

* ਸਖ਼ਤ ਗਰਮੀ ਦੇ ਬਾਵਜੂਦ 200 ਦੇ ਕਰੀਬ ਦੌੜਾਕਾਂ 'ਤੇ ਵੱਕਰਾਂ ਨੇ ਲਿਆ ਭਾਗ* 'ਸੋਮਲ ਵਾਚ ਕੰਪਨੀ' ਵੱਲੋਂ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਨੂੰ ਘੜੀ ਨਾਲ ਸਨਮਾਨਿਤ ਕੀਤਾ ਗਿਆ












ਬਰੈਂਪਟਨ, (ਡਾ. ਝੰਡ) -'ਐੱਨਲਾਈਟ ਲਾਈਫ਼ ਆਫ਼ ਕਿੱਡਜ਼ ਇਨ ਨੀਡ' ਸੰਸਥਾ ਵੱਲੋਂ ਕਰਵਾਈ ਗਈ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਲੰਘੇ ਐਤਵਾਰ 7 ਅਗਸਤ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿਚ ਹੋਈ ਜਿਸ ਵਿਚ 200 ਦੇ ਲੱਗਭੱਗ ਦੌੜਾਕਾਂ ਤੇ ਪੈਦਲ ਚੱਲਣ ਵਾਲਿਆ ਨੇ ਹਿੱਸਾ ਲਿਆ। ਸੰਸਥਾ ਦੇ ਇਸ ਪੰਜਵੇਂ ਈਵੈਂਟ ਦੀ ਖ਼ਾਸੀਅਤ ਇਹ ਸੀ ਕਿ ਇਸ ਵਿਚ ਇਸ ਦੀਆਂ ਸਹਿਯੋਗੀ ਜੱਥੇਬੰਦੀਆਂ 'ਟੀ.ਪੀ.ਏ.ਆਰ. ਕਲੱਬ, 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਅਤੇ 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ' ਜੋ ਹਰ ਸਾਲ ਇਸ ਦਾ ਅਹਿਮ ਹਿੱਸਾ ਬਣਦੀਆਂ ਹਨ, ਦੇ ਨਾਲ ਇਸ ਵਾਰ ਕੈਨੇਡਾ ਦੇ ਮੂਲ-ਵਾਸੀਆਂ ਦੀ ਸੰਸਥਾ 'ਇੰਡਸਪਾਇਰ' ਦੇ ਮੈਂਬਰ ਵੀ ਸ਼ਾਮਲ ਹੋਏ। ਸਵੇਰੇ 9.00 ਵਜੇ ਤੱਕ ਲੱਗਭੱਗ ਸਾਰੇ ਦੌੜਾਕ ਤੇ ਵੱਕਰ ਚਿੰਗੂਆਕੂਜ਼ੀ ਪਾਰਕ ਦੇ 'ਟੈਰੀ ਫ਼ਾਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵਿਚ ਪਹੁੰਚ ਗਏ ਜਿੱਥੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਲਈ ਚਾਹ-ਪਾਣੀ, ਕਾਫ਼ੀ ਤੇ ਸਨੈਕਸ ਦਾ ਪ੍ਰੋਗਰਾਮ ਚੱਲ ਰਿਹਾ ਸੀ।

ਸਾਢੇ ਕੁ ਨੌਂ ਵਜੇ ਤੱਕ ਇਕੱਤਰ ਦੌੜਾਕਾਂ, ਵਾਤਕਰਾਂ ਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਸੰਚਾਲਕ ਨਰਿੰਦਰ ਪਾਲ ਬੈਂਸ ਨੇ ਦੱਸਿਆ ਕਿ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਲਈ ਇਸ ਸੰਸਥਾ ਵੱਲੋਂ 2018 ਵਿਚ ਪਹਿਲੀ ਵਾਰ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਸ਼ੁਰੂਆਤ ਕੈਲੇਡਨ ਟਰੇਲ ਦੇ ਪੱਛਮ ਵਾਲੇ ਪਾਸੇ 5 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਕੇ ਕੀਤੀ ਗਈ ਜਿਸ ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ), ਗੁਰੂ ਗੋਬਿੰਦ ਸਿੰਘ ਚਿਲਡਰਨ ਫਾਂਉਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿਚ ਭਾਗ ਲਿਆ ਗਿਆ ਸੀ। ਸਾਰੀਆਂ ਹੀ ਕਮਿਊਨਿਟੀਆਂ ਵੱਲੋਂ ਇਸ ਦੇ ਲਈ ਭਰਪੂਰ ਹੁੰਗਾਰਾ ਮਿ-ਲਿਆ ਸੀ ਅਤੇ ਇਸ ਵਿਚ ਦੌੜਾਕਾਂ ਤੇ ਵੱਕਰਾਂ ਦੀ ਗਿਣਤੀ 150 ਦੇ ਲੱਗਭੱਗ ਹੋ ਗਈ ਸੀ। ਇਸ ਤੋਂ ਉਤਸ਼ਾਹਿਤ ਹੋ ਕੇ 2019 ਵਿਚ ਦੂਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿਚ ਕਰਵਾਈ ਗਈ ਜਿਸ ਵਿਚ ਉਪਰੋਕਤ ਤਿੰਨਾਂ ਸੰਸਥਾਵਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਅਤੇ ਇਸ ਦੌੜ ਵਿਚ 200 ਤੋਂ ਵਧੀਕ ਦੌੜਾਕ ਤੇ ਵੱਕਰ ਸ਼ਾਮਲ ਹੋਏ। 2020 ਵਿਚ ਸਾਰੀ ਦੁਨੀਆਂ ਕਰੋਨਾ ਮਹਾਂਮਾਰੀ ਦੇ ਫ਼ੈਲਣ ਕਾਰਨ ਇਹ ਦੌੜ ਨਹੀਂ ਕਰਵਾਈ ਜਾ ਸਕੀ ਸੀ ਪਰ ਫਿਰ ਵੀ ਇਸ ਸੰਸਥਾ ਦੇ ਕੁਝ ਨੌਜੁਆਨ ਮੈਂਬਰਾਂ ਨੇ ਸੀਮਤ ਗਿਣਤੀ ਵਿਚ ਸਿੰਬੌਲਿਕ ਤੌਰ 'ਤੇ ਦੌੜ ਕੇ ਤੀਸਰੀ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੀ ਪ੍ਰਕਿਰਿਆ ਪੂਰੀ ਕੀਤੀ। ਸਾਲ 2021 ਵਿਚ ਇਸ ਸੰਸਥਾ ਵੱਲੋਂ ਵਰਚੂਅਲ ਤੇ ਰੀਅਲ ਦੋਹਾਂ ਕਿਸਮਾਂ ਦੀ ਸਾਂਝੀ 'ਹਾਈਬਰਿੱਡ-ਦੌੜ' ਦਾ ਆਯੋਜਨ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਇਸ ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਵਿਚ 'ਟੀ.ਪੀ.ਏ.ਆਰ. ਕਲੱਬ, 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਅਤੇ 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ' ਤੋਂ ਇਲਾਵਾ 'ਇੰਡਸਪਾਇਰ' ਦੇ ਮੈਂਬਰ ਵੀ ਹਿੱਸਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਦੌੜ ਤੇ ਪੈਦਲ ਚੱਲਣ ਦੇ ਈਵੈਂਟ ਵਿਚ ਪਹਿਨੀ ਗਈ ਟੀ-ਸ਼ਰਟ ਵੀ 'ਇੰਡਸਪਾਇਰ' ਸੰਸਥਾ ਦੀ ਮੈਂਬਰ ਸਾਇਰਾ ਬਾਰਬਰ ਵੱਲੋਂ ਡੀਜ਼ਾਈਨ ਕੀਤੀ ਗਈ ਹੈ ਜਿਸ ਵਿਚ ਉਸ ਦੇ ਵੱਲੋਂ ਕੈਨੇਡਾ ਦੇ ਮੂਲ-ਵਾਸੀਆਂ ਦੀ ਸਟਰਾਬੈਰੀਜ਼ ਦੀ ਅਹਿਮੀਅਤ ਬਾਰੇ ਉਨ੍ਹਾਂ ਦੀ ਭਾਸ਼ਾ ਵਿਚ ਇਕ ਸਤਰ ਵੀ ਸ਼ਾਮਲ ਕੀਤੀ ਗਈ ਹੈ। ਉਨ੍ਹਾਂ ਦੀ ਇਹ ਸਪੀਚ ਨਵਪ੍ਰੀਤ ਛਤਵਾਲ ਵੱਲੋਂ ਤਿਆਰ ਕੀਤੀ ਗਈ। ਇਸ ਮੌਕੇ 'ਇੰਡਸਪਾਇਰ' ਸੰਸਥਾ ਦੀ ਸੀਨੀਅਰ ਡਿਵੈੱਲਪਮੈਂਟ ਅਫ਼ਸਰ ਕਾਰਲੇ ਗੈਲੈਂਟ ਵੱਲੋਂ ਵੀ ਹਾਜ਼ਰੀਨ ਨਾਲ ਵਿਚਾਰ ਸਾਂਝੇ ਕੀਤੇ ਗਏ।

ਕਰੋਨਾ ਤੋਂ ਲੱਗਭੱਗ ਛੁਟਕਾਰਾ ਹੋਣ ਤੋਂ ਬਾਅਦ ਇਸ 'ਪੰਜਵੀਂ ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਵਿਚ ਸਖ਼ਤ ਗਰਮੀ ਦੇ ਬਾਵਜੂਦ ਚਿੰਗੂਆਕੂਜ਼ੀ ਪਾਰਕ ਦੇ 'ਟੈਰੀ ਫ਼ੌਕਸ ਟਰੈਕ ਐਂਡ ਫ਼ੀਲਡ ਸਟੇਡੀਅਮ' ਵੀ ਵਿਚ 200 ਦੇ ਲੱਗਭੱਗ ਦੌੜਾਕਾਂ ਅਤੇ ਵੱਕਰਾਂ ਨੇ ਇਸ ਈਵੈਂਟ ਵਿਚ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜ ਕੇ ਜਾਂ ਪੈਦਲ ਚੱਲ ਕੇ ਹਿੱਸਾ ਲਿਆ। ਸਾਢੇ ਗਿਆਰਾਂ ਵਜੇ ਤੀਕ ਚੱਲੇ ਇਸ ਦੌੜ ਤੇ ਵੱਕ ਦੇ ਈਵੈਂਟ ਵਿਚ ਦਰਸ਼ਕ ਵੀ ਕਾਫ਼ੀ ਗਿਣਤੀ ਵਿਚ ਹਾਜ਼ਰ ਸਨ। ਅਖ਼ੀਰ ਵਿਚ ਸੰਸਥਾ ਦੇ ਮੁੱਖ ਸੰਚਾਲਕ ਨਰਿੰਦਰਪਾਲ ਬੈਨਸ ਵੱਲੋਂ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫਾਂਉਂਡੇਸ਼ਨ ਅਤੇ ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਦੇ ਮੈਂਬਰਾਂ ਦੇ ਨਾਲ ਨਾਲ ਯੋਗੇਸ਼, ਪ੍ਰੀਤੀ, ਪ੍ਰਾਗਿਆ ਤੇ ਨਵਪ੍ਰੀਤ ਦਾ ਧੰਨਵਾਦ ਕਰਦਿਆਂ ਕੈਨੇਡਾ ਦੇ ਮੂਲ-ਵਾਸੀਆਂ ਦੀ ਸੰਸਥਾ ਦੇ ਮੈਂਬਰਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕੈਨੇਡਾ ਦੀਆਂ ਸਾਰੀਆਂ ਕਮਿਊਨਿਟੀਆਂ ਦੇ ਲੋਕ ਉਨ੍ਹਾਂ ਦੇ ਨਾਲ ਹਨ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹਨ।

ਉਨ੍ਹਾਂ ਦੱਸਿਆ ਕਿ ਇਸ ਰੱਨ-ਕਮ-ਵਾਕ ਈਵੈਂਟ ਵਿਚ ਇਕੱਠੀ ਹੋਈ ਰਾਸ਼ੀ ਦਾ ਇਕ ਹਿੱਸਾ ਬਰੈਂਪਟਨ ਦੇ ਫੂਡ ਬੈਂਕ 'ਨਾਈਟਸ ਟੇਬਲ' ਨੂੰ ਭੇਜਿਆ ਜਾਏਗਾ। ਉਨ੍ਹਾਂ ਸਾਰਿਆਂ ਨੂੰ ਸੰਸਥਾ ਦੇ ਅਗਲੇ ਈਵੈਂਟਸ ਵਿਚ ਵੀ ਇੰਜ ਹੀ ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲੈਣ ਦੀ ਬੇਨਤੀ ਕੀਤੀ। ਇਸ ਮੌਕੇ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੁੱਖ-ਸੰਚਾਲਕ ਪਰਮਜੀਤ ਸਿੰਘ ਵੱਲੋਂ 28 ਅਗਸਤ ਦਿਨ ਐਤਵਾਰ ਨੂੰ ਫ਼ਾਊਂਡੇਸ਼ਨ ਵੱਲੋਂ ਕਰਵਾਈ ਜਾ ਰਹੀ 'ਇਨਸਪੀਰੇਸ਼ਨਲ ਸਟੈੱਪਸ 2022' ਵਿਚ ਏਸੇ ਤਰ੍ਹਾਂ ਹੀ ਉਤਸ਼ਾਹ ਨਾਲ ਭਾਗ ਲੈਣ ਲਈ ਅਪੀਲ ਕੀਤੀ ਗਈ। ਇਸ ਦੌਰਾਨ ਬਰੈਂਪਟਨ ਦੀ 'ਸੋਮਲ ਵਾਚ ਕੰਪਨੀ' ਦੇ ਮਾਲਕ ਸੁੱਚਾ ਸਿੰਘ ਸੋਮਲ ਵੱਲੋਂ ਟੀਪੀਏਆਰ ਕਲੱਬ ਦੇ ਸਰਗ਼ਰਮ ਮੈਂਬਰ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ ਨੂੰ ਸ਼ਾਨਦਾਰ ਘੜੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਈਵੈਂਟ ਦੌਰਾਨ ਚਾਹ-ਪਾਣੀ ਤੇ ਸਨੈਕਸ ਦੀ ਸੇਵਾ ਓਨਟਾਰੀਓ ਖਾਲਸਾ ਦਰਬਾਰ ਵੱਲੋਂ ਅਤੇ ਕਾਫ਼ੀ ਦੀ ਸੇਵਾ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਕੀਤੀ ਗਈ।




# 10 ਮੀਟਰ ਸੂਟਰ ਰੇਂਜ ਦੇ ਚੈਂਪੀਅਨ ਰਾਜਪ੍ਰੀਤ ਸਿੰਘ ਦੀ ਓਲਿੰਪਿਕਸ-2024 ਵੱਲ ਇਕ ਹੋਰ ਪੁਲਾਂਘ

'ਸੂਟਿੰਗ ਫ਼ੈੱਡਰੇਸ਼ਨ ਆਫ਼ ਕੈਨੇਡਾ' ਦੀ ਕੁੱਕਸਟਾਊਨ ਵਿਖੇ ਹੋਈ ਚੈਂਪੀਅਨਸ਼ਿਪ ਵਿਚ ਜਿੱਤਿਆ ਗੋਲਡ ਮੈਡਲ







ਬਰੈਂਪਟਨ, (ਡਾ. ਝੰਡ) - ਸੂਟਿੰਗ ਫ਼ੈੱਡਰੇਸ਼ਨ ਆਫ਼ ਕੈਨੇਡਾ ਦੀ 1 ਅਗੱਸਤ ਤੋਂ 7 ਅਗੱਸਤ ਤੱਕ ਕੁੱਕਸਟਾਊਨ ਵਿਖੇ ਹੋਏ ਕੈਨੇਡਾ ਨੈਸ਼ਨਲ ਟੂਰਨਾਮੈਂਟ ਵਿਚ ਕੈਨੇਡਾ ਦੇ ਸਾਰੇ ਰਾਜਾਂ ਤੇ ਟੈਰੀਟਰੀਆਂ ਦੇ ਸੂਟਰ ਸ਼ਾਮਲ ਹੋਏ। ਪੰਜਾਬ ਦੇ ਪਿਛੋਕੜ ਦੇ ਰਾਜਪ੍ਰੀਤ ਸਿੰਘ ਜਿਸ ਨੇ ਲੱਗਭੱਗ ਦੋ ਮਹੀਨੇ ਪਹਿਲਾਂ ਹੋਈ 'ਕੈਨੇਡੀਅਨ ਏਅਰਗੰਨ ਗਰੈਂਡ ਪਰਿਕਸ ਇੰਟਰਨੈਸ਼ਨਲ ਚੈਂਪੀਅਨਸ਼ਿਪ' ਵਿਚ ਦੋ ਸੋਨ-ਤਮਗ਼ੇ ਜਿੱਤੇ ਸਨ, ਵੱਲੋਂ ਵੀ ਇਸ ਟੂਰਨਾਮੈਂਟ ਵਿਚ ਭਾਗ ਲਿਆ ਗਿਆ।

ਰਾਜਪ੍ਰੀਤ ਨੇ 2022 ਅਤੇ ਇਸ ਤੋਂ ਪਿਛਲੇ ਨੈਸ਼ਨਲ ਟੂਰਨਾਮੈਂਟਾਂ ਦੀ ਕਾਰਗੁਜ਼ਾਰੀ ਨੂੰ ਬਰਕਰਾਰ ਰੱਖਦੇ ਹੋਏ ਇਸ ਟੂਰਨਾਮੈਂਟ ਵਿਚ ਵੀ ਸੋਨੇ ਦਾ ਤਮਗ਼ਾ ਜਿੱਤ ਕੇ ਆਪਣੇ ਆਪ ਨੂੰ ਕੈਨੇਡਾ ਦਾ 'ਟੌਪ-ਸਕੋਰਰ' ਸਾਬਤ ਕਰਦਿਆਂ ਹੋਇਆਂ ਬਾਖ਼ੂਬੀ ਨਾਮਣਾ ਖੱਟਿਆ ਹੈ। ਹੁਣ ਬੱਸ ਉਸ ਦੇ ਕੈਨੇਡਾ ਦੇ ਪੱਕੇ-ਵਾਸੀ (ਪੀ.ਆਰ.) ਬਣਨ ਦੀ ਅੜਿੱਚਣ ਹੀ ਬਾਕੀ ਰਹੀ ਗਈ ਹੈ ਅਤੇ ਇਸ ਨੂੰ ਪਾਰ ਕਰਨ ਤੋਂ ਬਾਅਦ ਉਹ ਕੈਨੇਡਾ ਵੱਲੋਂ ਸਾਰੇ ਇੰਟਰਨੈਸ਼ਨਲ ਟੂਰਨਾਮੈਂਟਾਂ ਵਿਚ ਭਾਗ ਲੈ ਸਕਦਾ ਹੈ। ਉਸ ਨੂੰ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਪੂਰੀ ਉਮੀਦ ਹੈ ਕਿ ਕੈਨੇਡਾ ਸਰਕਾਰ ਵੱਲੋਂ ਇਸ ਸਬੰਧੀ ਜਲਦੀ ਹੀ ਕਾਰਵਾਈ ਪੂਰੀ ਕਰ ਲਈ ਜਾਏਗੀ ਅਤੇ ਫਿਰ ਰਾਜਪ੍ਰੀਤ ਲਈ ਕੈਨੇਡਾ ਵੱਲੋਂ ਓਲਿੰਪਿਕਸ-2024 ਵਿਚ ਜਾਣ ਵਾਲੀ ਟੀਮ ਦਾ ਮੈਂਬਰ ਬਣਨ ਲਈ ਰਾਹ ਪੱਧਰਾ ਹੋ ਜਾਏਗਾ।

ਰਾਜਪ੍ਰੀਤ ਦੇ ਤਾਇਆ ਜੀ ਹਰਜੀਤ ਸਿੰਘ ਨੇ ਇਸ ਦੇ ਬਾਰੇ ਫ਼ੋਨ 'ਤੇ ਗੱਲ ਕਰਦਿਆਂ ਦੱਸਿਆ ਕਿ ਕੈਨੇਡਾ ਸਰਕਾਰ ਨੂੰ ਕੈਨੇਡਾ ਦੇ ਇਕ ਉੱਤਮ ਸੂਟਰ ਰਾਜਪ੍ਰੀਤ ਨੂੰ ਪੀ.ਆਰ. ਮਨਾਉਣ ਦੀ ਕਾਰਵਾਈ ਜਲਦੀ ਤੋਂ ਜਲਦੀ ਮੁਕੰਮਲ ਕਰਕੇ ਉਸ ਨੂੰ ਓਲਿੰਪਿਕਸ-2024 ਲਈ ਤਿਆਰ ਕਰਨਾ ਚਾਹੀਦਾ ਹੈ ਅਤੇ ਇਸ ਦੇ ਲਈ ਉਸ ਦੀ ਵਿੱਤੀ-ਸਹਾਇਤਾ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਹੋਰ ਕਿਹਾ ਕਿ ਭਾਰਤ ਵਿਚ ਪੜ੍ਹਦਿਆਂ ਸੂਟਿੰਗ ਮੁਕਾਬਲਿਆਂ ਵਿਚ ਹਿੱਸਾ ਲੈਣ ਦੀ ਤਿਆਰੀ ਅਤੇ ਇਨ੍ਹਾਂ ਵਿਚ ਉਸ ਦੀ ਸ਼ਮੂਲੀਅਤ ਕਰਨ ਲਈ ਉਨ੍ਹਾਂ ਦੇ ਪਰਿਵਾਰ ਵੱਲੋਂ ਹੁਣ ਤੱਕ ਲੱਗਭੱਗ ਇਕ ਕਰੋੜ ਰੁਪਏ ਦਾ ਖ਼ਰਚਾ ਕੀਤਾ ਜਾ ਚੁੱਕਾ ਹੈ। ਇਸ ਦੇ ਲਈ ਨਾ ਹੀ ਪੰਜਾਬ ਸਰਕਾਰ ਅਤੇ ਨਾ ਹੀ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਹੀ ਉਸ ਦੀ ਕੋਈ ਮਾਇਕ ਮਦਦ ਕੀਤੀ ਗਈ ਹੈ। ਕੈਨੇਡਾ ਵਿਚ ਹੋਏ ਇਨ੍ਹਾਂ ਸੂਟਿੰਗ ਮੁਕਾਬਲਿਆਂ ਦੀ ਤਿਆਰੀ ਲਈ ਵੀ ਸਾਰਾ ਖ਼ਰਚ ਪਰਿਵਾਰ ਵੱਲੋਂ ਹੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਓਲਿੰਪਿਕਸ ਵਿਚ ਜਾਣ ਦਾ ਰਾਜਪ੍ਰੀਤ ਦਾ ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਓਨਟਾਰੀਓ ਦੀ ਸੂਬਾ ਸਰਕਾਰ ਅਤੇ ਕੈਨੇਡਾ ਦੀ ਫ਼ੈੱਡਰਲ ਸਰਕਾਰ ਉਸ ਦੀ ਹੌਸਲਾ-ਅਫ਼ਜ਼ਾਈ ਅਤੇ ਵਿੱਤੀ ਮਦਦ ਕਰੇ।

# ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਚੀਫ ਜੁਡੀਸ਼ਲ ਮੈਜਿਸਟਰੇਟ ਵੱਲੋਂ ਸੰਮਨ ਜਾਰੀ



ਜਗਰਾਓਂ, 18 ਅਗਸਤ (ਪੋਸਟ ਬਿਊਰੋ)- ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਦੇ ਰਾਜ ਦੌਰਾਨ ਝੋਨੇ ਦੀ ਰਹਿੰਦ-ਖੂੰਹਦ ਤੇ ਪਰਾਲੀ ਸਾੜਨ ਦੇ ਕੇਸ ਵਿੱਚ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜਿਨ੍ਹਾਂ ਕਿਸਾਨਾਂ ਦੇ ਚਲਾਣ ਕੱਟੇ ਸਨ, ਉਨ੍ਹਾਂ ਉੱਤੇ ਕਾਰਵਾਈ ਕਰਦਿਆਂ ਚੀਫ ਜੁਡੀਸ਼ਲ ਮੈਜਿਸਟਰੇਟ ਵੱਲੋਂਉਨ੍ਹਾ ਨੂੰ ਸੰਮਨ ਭੇਜੇ ਗਏ ਹਨ।

ਬਾਰ ਐਸੋਸੀਏਸ਼ਨ ਜਗਰਾਓਂ ਦੇ ਸਾਬਕਾ ਪ੍ਰਧਾਨ ਐਡਵੋਕੇਟ ਗੁਰਤੇਜ ਸਿੰਘ ਗਿੱਲ ਦੇ ਮੁਤਬਕ ਦੋ ਸਾਲ ਪਹਿਲਾਂ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਚਲਾਣ ਕੱਟੇ ਤੇ ਖੁਦ ਜੁਰਮਾਨੇ ਕਰਨ ਦੀ ਥਾਂ ਇਸ ਦੀਆਂਸ਼ਿਕਾਇਤਾਂ ਚੀਫ ਜੁਡੀਸ਼ਲ ਮੈਜਿਸਟਰੇਟ ਨੂੰ ਸੌਂਪ ਦਿੱਤੀਆਂ ਸਨ। ਇਹ ਸੰਮਨ ਲੈ ਕੇ ਕੁਝ ਕਿਸਾਨ ਏਥੇ ਚੀਫ ਜੁਡੀਸ਼ਲ ਮੈਜਿਸਟਰੇਟ ਸਾਹਮਣੇ ਪੇਸ਼ ਹੋਏ, ਪਰ ਮੈਜਿਸਟਰੇਟ ਨੇ ਕਿਸਾਨਾਂ ਨੂੰ ਵਕੀਲ ਰਾਹੀਂ ਪੇਸ਼ ਹੋਣ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਜੁਰਮਾਨਾ 200 ਰੁਪਏ ਹੈ ਤੇ ਵਕੀਲ ਦੀ ਫੀਸ ਹਰ ਕਿਸਾਨ ਨੂੰ ਦਸ ਤੋਂ ਵੀਹ ਹਜ਼ਾਰ ਰੁਪਏ ਭਰਨੀ ਪਵੇਗੀ।ਇਸ ਇਲਾਕੇ ਦੇ ਲਗਭਗ 400-500 ਕਿਸਾਨਾਂ ਨੂੰ ਜੁਰਮਾਨਾ ਹੋਇਆ ਹੈ, ਜੋ ਬੋਰਡ ਨੂੰ ਖੁਦੇ ਵਸੂਲਣਾ ਚਾਹੀਦਾ ਸੀ, ਪਰ ਚੀਫ ਜੁਡੀਸ਼ਲ ਮੈਜਿਸਟਰੇਟ ਕੋਲ ਕੇਸ ਜਾਣ ਨਾਲ ਕਿਸਾਨਾਂ ਦੀ ਖੱਜਲ ਖੁਆਰੀ ਵੱਧ ਗਈ ਹੈ। ਇਸ ਸਬੰਧੀ ਕਿਸਾਨਾਂ ਵੱਲੋਂ ਐਡਵੋਕੇਟ ਗਿੱਲ ਨੇ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਹੈ ਕਿ ਉਹ ਇਸਵਿੱਚ ਦਖਲ ਦੇਣ ਤਾਂ ਜੋ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜੁਰਮਾਨੇ ਵਸੂਲੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

# ਪੰਜਾਬ ਦੇ ਵਿਧਾਇਕਾਂ ਨੂੰ ਲਗਜ਼ਰੀ ਫਲੈਟ ਦੇਣ ਦੀ ਸਕੀਮ ਰੱਦ ਹੋਵੇਗੀ



ਚੰਡੀਗੜ੍ਹ, 18 ਅਗਸਤ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਨੂੰ ਚੰਡੀਗੜ੍ਹ ਵਿੱਚ ਆਪਣੇ ਵਿਧਾਇਕਾਂ ਅਤੇ ਅਫਸਰਾਂ ਲਈ ਆਈ ਟੀ ਪਾਰਕ ਵਿੱਚ ਲਗਜ਼ਰੀ ਘਰ ਚਾਹੀਦੇ ਹਨ, ਪਰ ਇਸ ਦੇ ਪੈਸੇ ਦੇਣ ਲਈ ਕੋਈ ਵੀ ਤਿਆਰ ਨਹੀਂ। ਵਾਰ-ਵਾਰ ਚਿੱਠੀਆਂਪਾਉਣ ਤੋਂ ਬਾਅਦ ਵੀ ਜਵਾਬ ਨਾ ਦੇਣ ਉੱਤੇ ਚੰਡੀਗੜ੍ਹ ਹਾਊਸਿੰਗ ਬੋਰਡ ਨੇ ਇਸ ਸਕੀਮ ਨੂੰ ਰੱਦ ਕਰਨ ਦੀ ਤਿਆਰੀ ਕਰ ਲਈ ਹੈ। ਅੰਤਿਮ ਰਿਮਾਈਂਡਰ ਉੱਤੇ ਵੀ ਜਵਾਬ ਨਾ ਮਿਲਣ ਕਾਰਨ ਬੋਰਡ ਨੇ ਸਕੀਮ ਨੂੰ ਰੱਦ ਕਰ ਕੇ ਜਨਰਲ ਹਾਊਸਿੰਗ ਸਕੀਮ ਵਿੱਚ ਬਦਲਣ ਲਈ ਪ੍ਰਸ਼ਾਸਨ ਨੂੰ ਕੇਸ ਭੇਜਣ ਦੀ ਤਿਆਰੀ ਹੋ ਗਈ ਹੈ।


ਮਿਲੀ ਜਾਣਕਾਰੀ ਅਨੁਸਾਰ ਅਗਸਤ ਦੇ ਅਖੀਰ ਵਿੱਚ ਹੋਣ ਵਾਲੀ ਸੀ ਐਚ ਬੀ ਦੀ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਇਹ ਏਜੰਡਾ ਲਿਆਂਦਾ ਜਾ ਰਿਹਾ ਹੈ ਅਤੇ ਓਥੇ ਬੋਰਡ ਜੋ ਵੀ ਫੈਸਲਾ ਕਰੇਗਾ, ਉਸ ਮਗਰੋਂ ਅਗਲੀ ਪ੍ਰਕਿਰਿਆ ਸ਼ੁਰੂ ਹੋਵੇਗੀ। ਵਰਨਣ ਯੋਗ ਹੈ ਕਿਪੰਜਾਬ ਅਤੇ ਹਰਿਆਣਾ ਨੇ ਪਹਿਲਾਂ ਵਿਧਾਇਕਾਂ ਅਤੇ ਅਧਿਕਾਰੀਆਂ ਲਈ ਚਿੱਠੀ ਲਿਖ ਕੇ ਦੋ-ਦੋ ਟਾਵਰ ਫਲੈਟ ਮੰਗੇ ਸਨ। ਇਸ ਦੇ ਨਾਲ ਪੀ ਜੀ ਆਈ ਨੇ ਵੀ ਆਪਣੇ ਫੈਕਲਟੀ ਤੇ ਅਧਿਕਾਰੀਆਂ ਲਈ ਦੋ ਟਾਵਰ ਮੰਗੇ ਹਨ। ਇਸ ਦਾ ਐਡਵਾਂਸ ਦੇਣ ਲਈ ਪੀ ਜੀ ਆਈ ਦੀ ਕਮੇਟੀ ਵੀ ਮਨਜ਼ੂਰੀ ਦੇ ਚੁੱਕੀ ਹੈ। ਸੀਐਚ ਬੀ ਵੱਲੋਂ ਆਈ ਟੀ ਪਾਰਕ ਵਿੱਚ ਲਗਜ਼ਰੀ ਹਾਊਸਿੰਗ ਸਕੀਮ ਲਾਂਚ ਕਰਨ ਦੀ ਪੂਰੀ ਤਿਆਰੀ ਹੈ। ਪ੍ਰੋਜੈਕਟ ਦੀ ਡਰਾਇੰਗ ਵੀ ਤਿਆਰ ਹੈ। ਪੰਜਾਬ ਤੇ ਹਰਿਆਣਾ ਨੇ ਆਪਣੇ ਵਿਧਾਇਕਾਂ ਤੇ ਅਧਿਕਾਰੀਆਂ ਲਈ 56-56 ਫਲੈਟ ਮੰਗੇ ਸਨ। ਇਸ ਲਈ ਸੀ ਐਚ ਬੀ ਨੇ ਪ੍ਰੋਜੈਕਟ ਦੀ 25 ਫੀਸਦੀ ਰਕਮ ਪੇਸ਼ਗੀ ਜਮ੍ਹਾਂ ਕਰਾਉਣ ਲਈ ਦੋਵਾਂ ਰਾਜਾਂ ਨੂੰ ਕਿਹਾ ਸੀ। ਕਈ ਵਾਰ ਰਿਮਾਈਂਡਰ ਭੇਜਣ ਦੇ ਬਾਵਜੂਦ ਹੁੰਗਾਰਾ ਨਹੀਂ ਮਿਲਿਆ।ਚੰਡੀਗੜ੍ਹ ਨੂੰ ਪੈਸੇ ਜਮ੍ਹਾਂ ਕਰਵਾਉਣ ਦੀ ਥਾਂ ਹਰਿਆਣਾ ਚੰਡੀਗੜ੍ਹ ਨਾਲ ਲੱਗਦੀ ਆਪਣੀ ਜ਼ਮੀਨ ਉੱਤੇ ਹਾਊਸਿੰਗ ਪ੍ਰੋਜੈਕਟ ਡਿਵੈਲਪ ਕਰਨ ਦੀ ਯੋਜਨਾ ਬਣਾ ਚੁੱਕਾ ਹੈ। ਦੱਸਿਆ ਜਾਂਦਾ ਹੈ ਕਿ ਹਰਿਆਣਾ ਨੇ ਆਈ ਟੀ ਪਾਰਕ ਦੇ ਨਾਲ ਲੱਗਦੇ ਸਕੇਤੜੀ ਵਿੱਚ ਫਲੈਟ ਬਣਾਉਣੇ ਸ਼ੁਰੂ ਕਰ ਦਿੱਤੇ ਹਨ।

# ਕਤਲ ਦੇ ਕੇਸ ਵਿੱਚ ਦੋਸ਼ੀ ਨੂੰ ਉਮਰ ਕੈਦ

ਜਲੰਧਰ, 18 ਅਗਸਤ (ਪੋਸਟ ਬਿਊਰੋ)- ਅਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਸਰਬਜੀਤ ਸਿੰਘ ਧਾਲੀਵਾਲ ਦੀ ਅਦਾਲਤ ਨੇ ਕਤਲ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਹਰਜੀਤ ਸਿੰਘ ਉਰਫ਼ ਸੋਨੂੰ ਪੁੱਤਰ ਸੁੱਚਾ ਸਿੰਘ ਵਾਸੀ ਤਲਵੰਡੀ ਸੰਢਾਵਾਲ, ਸ਼ਾਹਕੋਟ ਨੂੰ ਉਮਰ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਾ ਹੁਕਮ ਦਿੱਤਾ ਹੈ।

ਪਤਾ ਲੱਗਾ ਹੈ ਕਿ ਇਸ ਦੋਸ਼ੀ ਦੇ ਖ਼ਿਲਾਫ਼ ਮਿਤੀ 21 ਅਪ੍ਰੈਲ 2015 ਨੂੰ ਥਾਣਾ ਸ਼ਾਹਕੋਟ ਵਿਖੇ ਮ੍ਰਿਤਕ ਦੀ ਪਤਨੀ ਰੇਖਾ ਰਾਣੀ ਪਤਨੀ ਸੰਦੀਪ ਕੁਮਾਰ ਉਰਫ ਸੀਪਾ ਵਾਸੀ ਸੰਢਾਵਾਲ, ਸ਼ਾਹਕੋਟ ਦੀ ਸ਼ਿਕਾਇਤ ਉੱਤੇ ਕੇਸ ਦਰਜ ਹੋਇਆ ਸੀ। ਰੇਖਾ ਰਾਣੀ ਨੇ ਕਿਹਾ ਸੀ ਕਿ ਉਹ ਘਰੇਲੂ ਕੰਮ ਕਰਦੀ ਹੈ ਤੇ ਉਸ ਦੇ ਵਿਆਹ ਨੂੰ ਅੱਠ ਸਾਲ ਹੋ ਗਏ ਹਨ। ਉਸ ਨੇ ਕਿਹਾ ਕਿ 20 ਅਪ੍ਰੈਲ 2015 ਨੂੰ ਉਹ ਆਪਣੇ ਪਤੀ ਅਤੇ ਲੜਕੇ ਨਾਲ ਪੇਕੇ ਘਰ ਜਲੰਧਰ ਤੋਂ ਆਪਣੇ ਘਰ ਚੱਲੀ ਸੀ ਤਾਂ ਉਨ੍ਹਾਂ ਦੀ ਗੱਡੀ ਨੂੰ ਉਸ ਦਾ ਪਤੀ ਚਲਾ ਰਿਹਾ ਸੀ। ਅਚਾਨਕ ਜਦੋਂ ਬੰਦ ਹੋ ਗਈ ਤਾਂ ਪਿਛਲੀ ਕਾਰ ਵਿੱਚੋਂ ਉਨ੍ਹਾਂ ਦੇ ਪਿੰਡ ਦੇ ਗੁਰਪ੍ਰੀਤ ਉਰਫ਼ ਗੋਪੀ, ਗੁਰਦੇਵ ਸਿੰਘ ਉਰਫ਼ ਦੇਬੀ ਅਤੇ ਰਣਜੀਤ ਸਿੰਘ ਨਿਕਲੇ ਅਤੇ ਉਨ੍ਹਾਂ ਨੇ ਉਸ ਦੇ ਪਤੀ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਜਦੋਂ ਉਸ ਨੇ ਰੌਲਾ ਪਾਇਆ ਤਾਂ ਓਥੇ ਉਸ ਦਾ ਜੇਠ ਕੁਲਦੀਪ ਸਿੰਘ ਤੇ ਦਿਓਰ ਜਸਵੀਰ ਸਿੰਘ ਆ ਗਏ ਤਾਂ ਦੋਸ਼ੀ ਭੱਜ ਗਏ, ਪਰ ਉਸ ਦੇ ਪਤੀ ਦੀ ਮੌਕੇ ਉੱਤੇ ਮੌਤ ਹੋ ਗਈ। ਕੱਲ੍ਹ ਅਦਾਲਤ ਨੇ ਇਸ ਕੇਸ ਵਿੱਚ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ ਹੈ। ਇਸ ਕੇਸਦੇ ਬਾਕੀ ਦੋਸ਼ੀਆਂ ਨੂੰ ਪਹਿਲਾਂ ਸਜ਼ਾ ਹੋ ਚੁੱਕੀ ਹੈ,ਪਰ ਉਕਤ ਦੋਸ਼ੀ ਭਗੌੜਾ ਹੋ ਗਿਆ ਤੇ ਬਾਅਦ ਵਿੱਚਉਸ ਨੂੰ ਕਾਬੂ ਕੀਤਾ ਗਿਆ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5'10" ਵਰਕ ਪਰਮਿਟ ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: +1(647) 274-3207 Whatsapp: +91 97794 39200"

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER
RAJNI SHARMA
• ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
• ਧਰਨ ਚੁਕ ਅਤੇ ਬੈਕ ਪਰਾਬਲਮ
• ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
• ਮੈਂਟਲ ਹੈਲਥ ਪਰਾਬਲਮ
• ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
RAJNI SHARMA - CALL 647-409-0731
Near Ebenzer & Gore - 45 Caranci Crescent, Brampton, ON L6P 1H3

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ,ਉਮਰ 28 ਸਾਲ,ਕੱਦ 5'7", ਕੈਨੇਡੀਅਨ ਪੀ ਆਰ ਲੜਕੇ ਲਈ ,ਪੀ ਆਰ ਜਾਂ ਵਰਕਪਰਮਟ, ਪੜੀ ਲਿਖੀ ਲੜਕੀ ਦੀ ਲੋੜ ਹੈ, ਮੈਰੇਜ ਬਿਊਰੋ ਮਾਫ਼ ਕਰਨ, ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
WhatsApp +919915470912, 6475312139

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

(905)793-2202
You can
Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਨਾਈ ਸਿੱਖ ਲੜਕੀ, 1993, Masters in Commerce, Two years Canadian Education, Job: Accounting Bookkeeper Got: Hargun Height: 5'3, Status in canada : PR, (1 brother also in canada ) Looking for vegetarian , Well educated sikh boy. (Preferred in canada.) 6048973052

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

# ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਨੇ ਸਲਾਨਾ ਸਮਾਗਮ ਕਰਵਾਇਆ









(ਬਰੈਂਪਨ/ਬਾਸੀ ਹਰਚੰਦ) ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ ਦੀ ਨੁੰਮਾਇੰਦਗੀ ਕਰਦੀ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਬਰੈਂਪਟਨ (ਕਨੇਡਾ ) ਨੇ ਜੰਗੀਰ ਸਿੰਘ ਸੈਭੀ ਦੀ ਪਰਧਾਨਗੀ ਹੇਠ ਸਲਾਨਾ ਸਮਾਗਮ ਧੂਮ ਧਾਮ ਨਾਲ ਮਨਾਇਆ । ਸੁਬਾਹ ਗਿਆਰਾਂ ਵਜੇ ਤੋਂ ਸੀਨੀਅਰਜ਼ ਕਲੱਬਾਂ ਤੋਂ ਸੀਨੀਅਰ ਪਹੁੰਚਨੇ ਸੁਰੂ ਹੋ ਗਏ ਸਨ। ਅਸੋਸੀਏਸ਼ਨ ਵੱਲੋਂ ਸੱਭ ਪਰਬੰਧ ਮੁਕੱਮਲ ਕਰ ਲਏ ਗਏ ਸਨ। ਸਟੇਜ ਤੋਂ ਬਿਨਾਂ ਲੱਗ ਪੱਗ ਚਾਰ ਸੌ ਕੁਰਸੀਆਂ ਬੈਠਣ ਵਾਸਤੇ ਲਾਈਆਂ ਗਈਆਂ ਸਨ। ਇਸ ਤੋਂ ਵਾਫਰ ਵੀ ਬੰਦੇ ਤੁਰਦੇ ਫਿਰਦੇ ਵੇਖੇ ਗਏ। ਬੜੇ ਸੁਚੱਜੇ ਢੰਗ ਨਾਲ ਸੁਆਗਤੀ ਕਮੇਟੀ ਕਮੇਟੀ, ਭੋਜਨ ਕਮੇਟੀ, ਕਲੱਬਾਂ ਦੇ ਬੈਨਰ ਲਾਉਣ ਵਾਲੀ ਕਮੇਟੀ, ਸਹਾਇਤਾ ਫੰਡ ਲਈ ਕਮੇਟੀ, ਹਸਤਾਖਰ ਕਮੇਟੀ ਆਦਿ ਬਣਾ ਕੇ ਸਾਰੇ ਸਮਾਗਮ ਨੂੰ ਅਯੋਜਤ ਕੀਤਾ ਗਿਆ ਸੀ। ਹਰ ਬੰਦਾ ਆਪਣੇ ਆਪਣੇ ਥਾਂ ਜੁੰਮੇਵਾਰੀ ਨਿਭਾ ਰਿਹਾ ਸੀ। ਸਿਟੀ ,ਪਰੋਵਿੰਸ, ਫੈਡਰਲ ਨੁਮਾਇੰਦਿਆਂ ਤੋਂ ਇਲਾਵਾ ਅਖਬਾਰਾਂ ਦੇ ਸੰਪਾਦਕਾਂ ਨੇ ਪਰਧਾਨਗੀ ਮੰਚ ਤੇ ਸੁਸੋਬਤ ਹੋ ਕੇ ਸਮਾਗਮ ਦੀ ਸ਼ਾਨ ਵਧਾਈ । ਜਿਨਾਂ ਵਿੱਚ ਬਰੈਪਟਨ ਸਿਟੀ ਤੋਂ ਮੇਅਰ ਪੈਟਰਿਕ ਬਰਾਊਨ,ਮਨਿੰਦਰ ਸਿੱਧੂ ਐਮ ਪੀ, ਸੋਨੀਆ ਸਿੱਧੂ ਐਮ ਪੀ, ਸ਼ੌਕਤ ਅਲੀ ਐਮ ਪੀ,ਚਾਰਮਿਨ ਵਿਲਿਅਮ ਐਮ ਪੀ,ਪੀ, ਅਮਨਜੋਤ ਸਿੰਘ ਐਮ ਪੀ ਪੀ ,ਸਹਾਰਾ ਸੀਨੀਅਰਜ਼ ਕਲੱਬ ਮਿਸੀਸਾਗਾ ਤੋਂ ਸੁਖਪਾਲ ਸ਼ੇਰ ਅਤੇ ਸਰਵਨ ਸਿੰਘ ਲਿੱਧੜ, ਪਰਵਾਸੀ ਅਖਬਾਰ ਦੇ ਹੋਣ-ਹਾਰ ਮਾਲਕ ਅਤੇ ਸੰਪਾਦਕ ਰਾਜਿੰਦਰ ਸਿੰਘ ਸੈਣੀ, ਕੰਪਿਊਟਰ ਪੰਜਾਬੀ ਲਿਪੀ ਦੇ ਮਾਹਰ ਕਿਰਪਾਲ ਸਿੰਘ ਪੰਨੂ, ਸੂਗਰ ਇਲਾਜ ਦੇ ਮਾਹਰ ਡਾ:;ਹਰਪਰੀਤ ਸਿੰਘ ਬਜਾਜ ਦੇ ਨਾਂ ਜਿਕਰ ਯੋਗ ਹਨ। ਗੀਤਕਾਰਾਂ ਨੇ ਆਪਣੀ ਕਲਾ ਨਾਲ ਖੂਬ ਰੌਣਕਾਂ ਲਾਈਆਂ। ਸੀਨੀਅਰ ਔਰਤਾਂ ਵੱਲੋਂ ਪੰਜਾਬੀ ਗਿੱਧਾ ਪਾ ਕੇ ਦਰਸ਼ਕਾ ਦਾ ਮਨ ਮੋਹ ਲਿਆ। ਪਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਤੋਂ ਇਲਾਵਾ ਕਈ ਨਾਮਵਰ ਸਖਸੀਅਤਾਂ ਨੂੰ ਪਲੈਕ ਦੇ ਕੇ ਅਸੋਸੀਏਸ਼ਨ ਵੱਲੋਂ ਸਨਮਾਨਤ ਕੀਤਾ ਗਿਆ। ਸਟੇਜ ਦੀ ਜੁੰਮੇਵਾਰੀ ਪਰੀਤਮ ਸਿੰਘ ਸਰਾਂ ਨੇ ਨਿਭਾਈ। ਚਾਹ ਭੋਜਨ ਦਾ ਲੰਗਰ ਸਾਰਾ ਦਿਨ ਚਲਦਾ ਰਿਹਾ ਜਿਸ ਵਿਸ਼ੇਸ਼ਤਾ ਇਹ ਸੀ ਕਿ ਮਠਿਆਈ ਘੱਟ ਅਤੇ ਹੈਲਦੀ ਭੋਜਨ ਬਰੌਕਲੀ ਅਤੇ ਕਿਨਵਾ ਪਰੋਸਿਆ ਗਿਆ। ਇਸ ਸਮਾਗਮ ਦੀ ਸਫਲਤਾ ਦਾ ਸਿਹਰਾ ਸਮੁਚੀ ਟੀਮ ਨੂੰ ਜਾਂਦਾ ਹੈ।

## ਸੰਤ ਬਾਬਾ ਈਸ਼ਰ ਸਿੰਘ ਜੀ ਰਾੜੇ ਵਾਲਿਆਂ ਦੀ ਬਰਸੀ ਦੇ ਸੰਬੰਧ ਵਿਚ ਅਖੰਡ ਪਾਠ 26 ਤੋਂ



ਬਰੈਂਪਟਨ ( ਹਰਜੀਤ ਬੇਦੀ): ਪਿੰਡ ਘਵੱਦੀ ਅਤੇ ਇਲਾਕਾ ਨਿਵਾਸੀਆਂ ਵਲੋ ਹਰ ਸਾਲ ਦੀ ਤਰ੍ਹਾਂ ਸੰਤ ਬਾਬਾ ਈਸ਼ਰ ਸਿੰਘ ਜੀ ਰਾੜੇ ਵਾਲਿਆਂ ਦੀ ਬਰਸੀ ਮਨਾਈ ਜਾ ਰਹੀ ਹੈ। ਇਸ ਸਬੰਧ ਵਿੱਚ ਗੁਰਦੁਆਰਾ ਜੋਤ ਪ੍ਰਕਾਸ਼, 135 ਸਨਪੈਕ ਬੁਲੇਵਾਡ ਬਰੈਂਪਟਨ ਵਿਖੇ 26 ਅਗਸਤ ਦਿਨ ਸ਼ੁੱਕਰਵਾਰ 11:00 ਵਜੇ ਆਖੰਡ ਪਾਠ ਆਰੰਭ ਹੋਣਗੇ। ਭੋਗ 28 ਅਗਸਤ ਦਿਨ ਐਤਵਾਰ 10:30 ਵਜੇ ਪਾਏ ਜਾਣਗੇ। ਭੋਗ ਉਪਰੰਤ 12:15 ਵਜੇ ਤੱਕ ਕੀਰਤਨ ਹੋਵੇਗਾ। ਉਸ ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤੇਗਾ।

ਪਰਬੰਧਕਾਂ ਵਲੋਂ ਟੋਰਾਂਟੋ ਏਰੀਏ ਵਿੱਚ ਰਹਿ ਰਹੇ ਪਿੰਡ ਘਵੱਦੀ ਅਤੇ ਇਲਾਕਾ ਨਿਵਾਸੀਆਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਅਜਿਹੇ ਸਮਾਗਮ ਰੁਝੇਵਿਆਂ ਭਰੀ ਜਿੰਦਗੀ ਵਿੱਚ ਆਸਥਾ-ਪੂਰਤੀ ਅਤੇ ਇੱਕ ਦੂਜੇ ਨੂੰ ਮਿਲ ਕੇ ਸਮਾਜਿਕ ਮੇਲ ਜੋਲ ਦਾ ਵਧੀਆਂ ਸਬੱਬ ਬਣਦੇ ਹਨ। ਵਧੇਰੇ ਜਾਣਕਾਰੀ ਲਈ ਨਿਰਮਲ ਸਿੰਘ ਬਾਂਸਲ 905-564-6993, ਪ੍ਰਲਾਹਦ ਸਿੰਘ ਗਿੱਲ 905-915-2566, ਜੋਗਿੰਦਰ ਸਿੰਘ ਗਿੱਲ ਪਟਨੇ ਵਾਲੇ 905-230-0741 ਜਾਂ ਗੁਰਨਾਮ ਸਿੰਘ ਗਿੱਲ 416-908-1300 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਡੌਨ ਮਿਨੇਕਰ ਸੀਨੀਅਰਜ਼ ਕਲੱਬ ਨੇ ਕੈਨੇਡਾ ਡੇ ਮਨਾਇਆ





ਪਿਛਲੇ ਦੋ ਸਾਲ ਕਰੋਨਾ ਦੀ ਮਹਾਮਾਰੀ ਕਾਰਨ ਸਾਰੀਆਂ ਸਰਗਰਮੀਆਂ ਬੰਦ ਰਹੀਆਂ। ਹੁਣ ਇਸ ਬਿਮਾਰੀ ਦੇ ਘਟਣ ਕਾਰਨ ਇਸ ਸਾਲ ਸਰਗਰਮੀਆਂ ਸ਼ੁਰੂ ਹੋਈਆਂ ਹਨ। ਮਿਤੀ 14 ਅਗਸਤ, 2022 ਨੂੰ ਡੌਨ ਮਿਨੇਕਰ ਸੀਨੀਅਰਜ਼ ਕਲੱਬ ਨੇ ਕੈਨੇਡਾ ਡੇਅ ਅਤੇ ਤੀਆਂ ਦਾ ਮੇਲਾ ਮਨਾਇਆ। ਦੋ ਵਜੇ ਕੈਨੇਡਾ ਦਾ ਅਤੇ ਇੰਡੀਆ ਦਾ ਕੌਮੀ ਗੀਤ ਗਾਇਆ ਗਿਆ। ਉਸ ਤੋਂ ਬਾਅਦ ਮਨੋਰੰਜਨ ਦਾ ਪ੍ਰੋਗਰਾਮ ਸ਼ੁਰੂ ਹੋਇਆ। ਇਸ ਵਿਚ ਸਾਡੇ ਐਮਪੀ ਮਨਿੰਦਰ ਸਿੰਘ ਸਿੱਧੂ, 9-10 ਵਾਰਡ ਦੇ ਕੌਂਸਲਰ ਹਰਕੀਰਤ ਸਿੰਘ, 9-10 ਵਾਰਡ ਦੇ ਸਕੂਲ ਟਰੱਸਟੀ ਦੇ ਉਮੀਦਵਾਰ, ਬਰੈਪਟਨ ਸੀਨੀਅਰ ਸਿਟੀਜ਼ਨ ਕੌਂਸਲ ਦੇ ਪ੍ਰਧਾਨ ਸ਼੍ਰੀਮਤੀ ਮਰਨਾਂ ਐਡਮ, ਐਮਪੀਪੀ ਸ਼ਾਰਮੇਨ ਵਿਲੀਅਮ ਦੀ ਸੈਕਟਰੀ, ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਦੇ ਪ੍ਰਧਾਨ ਜੰਗੀਰ ਸਿੰਘ ਸਹਿੰਬੀ ਉਚੇਚੇ ਤੌਰ ਤੇ ਪਹੁੰਚੇ। ਇਨ੍ਹਾਂ ਸਾਰਿਆਂ ਦਾ ਸਨਮਾਨ ਕੀਤਾ ਗਿਆ। ਸ: ਜੰਗੀਰ ਸਿੰਘ ਸਹਿੰਬੀ ਨੇ ਐਸੋਸੀਏਸ਼ਨ ਦੀਆਂ ਪ੍ਰਾਪਤੀਆਂ ਤੇ ਬਜ਼ੁਰਗਾਂ ਦੀਆਂ ਫਿਊਨਰਲ ਸੇਵਾਵਾਂ ਬਾਰੇ ਚਾਨਣਾ ਪਾਇਆ। ਬੱਚਿਆਂ ਔਰਤਾਂ ਅਤੇ ਬਜ਼ੁਰਗਾਂ ਦੀਆਂ ਖੇਡਾਂ ਕਰਵਾਈਆਂ ਗਈਆਂ। ਜੇਤੂਆਂ ਨੂੰ ਇਨਾਮ ਦਿੱਤੇ ਗਏ। ਖਾਣ ਪੀਣ ਦਾ ਲੰਗਰ ਵੀ ਲਗਾਇਆ ਗਿਆ।

ਜਸਵੰਤ ਕੌਰ ਜੱਸੀ ਦੇ ਉਦਮ ਨਾਲ ਬਾਅਦ ਵਿੱਚ ਤੀਆਂ ਮਨਾਈਆਂ ਗਈਆਂ। ਔਰਤਾਂ ਨੇ ਖੂਬ ਗਿੱਧਾ ਪਾਇਆ। ਡੌਨ ਮਿਨੇਕਰ ਸੀਨੀਅਰਜ਼ ਕਲੱਬ ਦੇ ਸਾਰੇ ਮੈਂਬਰਾਂ ਨੇ ਪੂਰਾ ਸਾਥ ਦਿੱਤਾ। ਇਸ ਕਲੱਬ ਦੇ ਮੈਂਬਰਾਂ ਦੀ ਜਨਰਲ ਮੀਟਿੰਗ ਐਤਵਾਰ 21 ਅਗਸਤ ਨੂੰ ਰਿਵਰਸਟੋਨ ਕਮਿਊਨਿਟੀ ਸੈਂਟਰ ਵਿਚ 12 ਵਜੇ ਤੋਂ 2 ਵਜੇ ਤੱਕ ਹੋਵੇਗੀ। ਇਸ ਮੀਟਿੰਗ ਵਿੱਚ ਨਵੀਂ ਕਮੇਟੀ ਦੀ ਚੋਣ ਕੀਤੀ ਜਾਵੇਗੀ ਕਲੱਬ ਦੇ ਰਜਿਸਟਰਡ ਮੈਂਬਰਾਂ ਨੂੰ ਇਸ ਮੀਟਿੰਗ ਵਿਚ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਇਹ ਰਿਵਰਸਟੋਨ ਡੌਨ ਮਿਨੇਕਰ ਦੇ ਅੰਤ ਵਿਚ 195 ਡੌਨ ਮਿਨੇਕਰ ਡਰਾਈਵ ’ਤੇ ਸਥਿਤ ਹੈ। ਹੋਰ ਸੰਪਰਕ ਲਈ ਪ੍ਰਧਾਨ ਅਮਰੀਕ ਸਿੰਘ ਕੁਮਰੀਆਂ ਨਾਲ 647-998-7253 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਫਾਦਰ ਟੌਬਿਨ ਸੀਨੀਅਰਜ਼ ਕਲੱਬ ਨੇ ਭਾਰਤ ਦਾ ਸੁਤੰਤਰਤਾ ਦਿਵਸ ਅਤੇ ਤੀਆਂ ਦਾ ਤਿਉਹਾਰ ਮਨਾਇਆ




ਪਿਛਲੇ ਦਿਨੀਂ ਫਾਦਰ ਟੌਬਿਨ ਸੀਨੀਅਰਜ਼ ਕਲੱਬ ਵੱਲੋਂ ਭਾਰਤ ਦਾ ਸੁਤੰਤਰਤਾ ਦਿਵਸ ਅਤੇ ਬੀਬੀਆਂ ਲਈ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੜੇ ਹੀ ਸਤਿਕਾਰ ਨਾਲ ਤਿਰੰਗਾ ਝੰਡਾ ਲਹਿਰਾਇਆ ਗਿਆ। ਮੁੱਖ ਤੌਰ ’ਤੇ ਪ੍ਰਿੰਸੀਪਲ ਰਾਮ ਸਿੰਘ ਕੁਲਾਰ, ਬੀਬੀ ਬਲਵੀਰ ਕੌਰ ਸੋਹੀ (ਸਕੂਲ ਟਰੱਸਟੀ), ਸ: ਹਰਕੀਰਤ ਸਿੰਘ (ਸਿਟੀ ਕੌਂਸਲਰ) ਅਤੇ ਕੁਝ ਹੋਰ ਬੁਲਾਰਿਆਂ ਨੇ ਸ਼ਮੂਲੀਅਤ ਕੀਤੀ। ਸ: ਕਰਤਾਰ ਸਿੰਘ ਚਾਹਲ ਨੇ ਵਿਸਤ੍ਰਿਤ ਰੂਪ ਵਿਚ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦ ਭਾਰਤ ਦੀਆਂ ਪ੍ਰਸ਼ਾਸਨਿਕ ਤਰੁੱਟੀਆਂ ਬਾਰੇ ਲੰਬੀ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਸਮੇਂ ਦੀ ਘਾਟ ਕਾਰਨ ਸ: ਰਾਮ ਸਿੰਘ ਕੁਲਾਰ ਨੇ ਕੁੰਜੀਵਤ ਭਾਸ਼ਣ ਵਿਚ ਗਾਗਰ ਵਿੱਚ ਸਾਗਰ ਬੰਦ ਕਰਦਿਆਂ ਲੋਕਾਂ ਦੀ ਇਕਾਗਰਤਾ ਬਣਾਈ ਰੱਖੀ। ਸੰਖੇਪ ਸਮੇਂ ਵਿੱਚ ਇਹ ਸਮਾਗਮ ਸਮਾਪਤ ਹੋਇਆ। ਇਸ ਮੌਕੇ ਚਾਹ, ਸਮੋਸੇ, ਮਠਿਆਈਆਂ ਤੇ ਕੋਲਡ ਡਰਿੰਕਸ ਦਾ ਖੁੱਲ੍ਹਾ ਲੰਗਰ ਚੱਲ ਰਿਹਾ ਸੀ। ਚਾਹ ਦਾ ਪ੍ਰਬੰਧ ਹਰ ਵਾਰ ਦੀ ਤਰ੍ਹਾਂ ਬੀਬੀ ਭਜਨ ਕੌਰ ਢਡਵਾਲ ਦੇ ਪਰਿਵਾਰ ਵਲੋਂ ਕੀਤਾ ਗਿਆ ਸੀ। ਸ: ਅਮਰਜੀਤ ਸਿੰਘ ਬੋਪਾਰਾਏ, ਹਰੀ ਸਿੰਘ ਗਿੱਲ, ਗੁਰਮੀਤ ਸਿੰਘ ਸੰਧੂ, ਟਹਿਲ ਸਿੰਘ ਮੁੰਡੀ, ਗੁਰਮੇਲ ਸਿੰਘ ਗਿੱਲ, ਮਲਕੀਤ ਸਿੰਘ ਸੰਧੂ ਨੇ ਲਗਾਤਾਰ ਚਾਹ ਪਾਣੀ ਦੀ ਸੇਵਾ ਨਿਭਾਈ। ਸ: ਇਕਬਾਲ ਸਿੰਘ ਘੋਲੀਆ (ਸੀਨੀਅਰ ਮੀਤ ਪ੍ਰਧਾਨ) ਅਤੇ ਰਣਜੀਤ ਸਿੰਘ ਤੱਗੜ (ਸਾਬਕਾ ਪ੍ਰਧਾਨ) ਨੇ ਸਾਰੇ ਪ੍ਰਬੰਧਾਂ ਦੀ ਦੇਖ ਰੇਖ ਕੀਤੀ। ਇਸ ਉਪਰੰਤ ਤੀਆਂ ਦਾ ਪਿੜ ਜੰਮ ਚੁੱਕਿਆ ਸੀ। ਸਾਰੇ ਏਰੀਆ ਦੀਆਂ ਬੀਬੀਆਂ ਭੈਣਾਂ ਬੱਚਿਆਂ ਨੇ ਗਿੱਧੇ ਵਿੱਚ ਸ਼ਮੂਲੀਅਤ ਕੀਤੀ। ਜਿਵੇਂ-ਜਿਵੇਂ ਗਿੱਧੇ ਦੀ ਧਮਾਲ ਪੈਂਦੀ ਗਈ, ਬੀਬੀਆਂ ਦੀ ਗਿਣਤੀ ਵਿਚ ਵੀ ਲਗਾਤਾਰ ਵਾਧਾ ਹੁੰਦਾ ਗਿਆ। ਸ਼ਾਮ ਕਰੀਬ ਸਾਢੇ ਸੱਤ ਵਜੇ ਇਸ ਤੀਆਂ ਦੇ ਸਮਾਗਮ ਦੀ ਸਮਾਪਤੀ ਹੋਈ। ਇਸ ਸਫ਼ਲ ਸਮਾਗਮ ਦੀਆਂ ਯਾਦਾਂ ਦਿਲ ਵਿਚ ਸਮੋਏ ਬੀਬੀਆਂ ਰਵਾਂ-ਰਵੀਂ ਘਰਾਂ ਨੂੰ ਰਵਾਨਾ ਹੋਈਆਂ। ਇਸ ਆਸ ਨਾਲ ਕਿ ਅਗਲੇ ਸਾਲ ਇਸ ਤੋਂ ਵੀ ਵਧੀਆ ਸਮਾਗਮ ਹੋਵੇਗਾ। ਤੀਆਂ ਦੇ ਸਮਾਗਮ ਦੀ ਸਫ਼ਲਤਾ ਵਿਚ ਬੀਬੀਆਂ ਦਾ ਵੱਡਾ ਯੋਗਦਾਨ ਸੀ।

## ਸ਼ੈਮਰਾਕ ਸਕੂਲ ਵਿਚ ਮਨਾਇਆ ਗਿਆ ਆਜ਼ਾਦੀ ਦਿਹਾੜਾ








ਮੁਹਾਲੀ: ਸ਼ੈਮਰਾਕ ਸੀਨੀਅਰ ਸਕੈਂਡਰੀ ਸਕੂਲ, ਸੈਕੰਡਰੀ ਪੰਜਤਰਵਾਂ ਆਜ਼ਾਦੀ ਦਾ ਦਿਹਾੜਾ ਦੇਸ਼ ਭਗਤੀ ਦਾ ਸੁਨੇਹਾ ਦਿੰਦੇ ਹੋਏ ਹੋ ਨਿਬੜਿਆ। ਸਕੂਲ ਵਿਚ ਸਭ ਤੋਂ ਪਹਿਲਾਂ ਤਿਰੰਗਾ ਲਹਿਰਾਉਣ ਦੀ ਰਸਮ ਸਕੂਲ ਦੇ ਚੇਅਰਮੈਨ ਏ ਐੱਸ ਬਾਜਵਾ ਵੱਲੋਂ ਅਦਾ ਕੀਤੀ ਗਈ। ਉਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਤੇ ਪ੍ਰਾਇਮਰੀ ਵਿੰਗ ਵੱਲੋਂ ਆਜ਼ਾਦੀ ਘੁਲਾਟੀਆਂ ਦੇ ਭੇਸ ਧਾਰ ਕੇ ਫੈਂਸੀ ਡਰੈੱਸ ਮੁਕਾਬਲੇ ਕਰਵਾਏ ਗਏ। ਇਸ ਦੇ ਨਾਲ ਹੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਰੰਗ ਵਿਚ ਰੰਗੇ ਗੀਤ ਵੀ ਪੇਸ਼ ਕੀਤੇ ਗਏ ।






ਚੇਅਰਮੈਨ ਏ ਐੱਸ ਬਾਜਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੇ ਦੇਸ਼ ਦੇ ਦੇਸ਼-ਭਗਤਾਂ ਦੇ ਬਲੀਦਾਨ ਨੂੰ ਨਹੀ ਭੁੱਲਣਾ ਚਾਹੀਦਾ। ਅਸੀ ਅੱਜ ਜਿਸ ਆਜ਼ਾਦੀ ਦਾ ਆਨੰਦ ਲੈ ਰਹੇ ਹਾ ਇਸ ਦੇ ਲਈ ਸਾਨੂੰ ਦੇਸ਼ ਦੇ ਉਨ੍ਹਾਂ ਮਹਾਨ ਸਪੂਤਾ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ । ਪ੍ਰਿੰਸੀਪਲ ਪ੍ਰਨੀਤ ਸੋਹਲ ਨੇ ਦੇਸ਼ ਦੇ ਭਵਿੱਖ,ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਆਜ਼ਾਦੀ ਦਾ ਇਹ ਦਿਹਾੜਾ ਯਾਦ ਕਰਵਾਉਂਦਾ ਹੈ ਕਿ ਅਸੀ ਅਜੇ ਤੱਕ ਬੇਸ਼ੱਕ ਆਜ਼ਾਦੀ ਦੇ ਪਰਵਾਨਿਆਂ ਦੀ ਕੁਰਬਾਨੀ ਸਦਕਾ ਗੁਲਾਮੀ ਮੁਕਤ ਆਜ਼ਾਦੀ ਤਾਂ ਮਾਣ ਰਹੇ ਹਾਂ । ਪਰ ਹੁਣ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀ ਭਾਰਤ ਨੂੰ ਗਰੀਬੀ, ਭ੍ਰਿਸ਼ਟਾਚਾਰ ਅਤੇ ਅਨਪੜ੍ਹਤਾ ਜਿਹੀ ਸਮਾਜਿਕ ਬੁਰਾਈਆਂ ਤੋਂ ਮੁਕਤ ਕਰਾਉਣ ਲਈ ਲਾਮਬੰਦ ਹੋ ਜਾਈਏ। ਇਸ ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ।




# ਇਸ ਗੱਲ ਤੋਂ ਖ਼ਫ਼ਾ ਹੈ ਵਿਦਿਆ ਬਾਲਨ



ਬਾਲੀਵੁੱਡ ਦੀਆਂ ਬਹੁਤ ਸਾਰੀਆਂ ਅਭਿਨੇਤਰੀਆਂ ਨੂੰ ਸ਼ਿਕਾਇਤ ਹੈ ਕਿ ਫਿਲਮਾਂ ਮਰਦ ਪ੍ਰਧਾਨ ਹੁੰਦੀਆਂ ਹਨ। ਕਈ ਅਭਿਨੇਤਰੀਆਂ ਅਜਿਹੀਆਂ ਹਨ, ਜਿਨ੍ਹਾਂ ਨੇ ਮਹਿਲਾ ਪ੍ਰਧਾਨ ਫਿਲਮਾਂ ਵਿਚ ਕੰਮ ਕੀਤਾ ਹੈ। ਅਜਿਹੀ ਅਭਿਨੇਤਰੀਆਂ ਵਿਚ ਵਿਦਿਆ ਬਾਲਨ ਵੀ ਹੈ। ਉਸ ਦਾ ਕਹਿਣਾ ਹੈ ਕਿ ਮਹਿਲਾ ਪ੍ਰਧਾਨ ਫਿਲਮਾਂ ਚੰਗੀਆਂ ਚੱਲ ਰਹੀਆਂ ਹਨ ਅਤੇ ਲੋਕਾਂ ਨੂੰ ਪਸੰਦ ਆ ਰਹੀਆਂ ਹਨ। ਵਿਦਿਆ ਨੇ ਇਹ ਗੱਲ ਔਰਤਾਂ ਉੱਤੇ ਆਧਾਰਤ ਇਕ ਪ੍ਰੋਗਰਾਮ ਦੌਰਾਨ ਕਹੀ। ਇਸ ਗੱਲਬਾਤ ਵਿਚ ਵਿਦਿਆ ਬਾਲਨ ਨੇ ਕਿਹਾ ਕਿ ਉਸ਼ ਦੀ ਫਿਲਮ 'ਮਿਸ਼ਨ ਮੰਗਲ' ਦਾ ਪੂਰਾ ਕ੍ਰੈਡਿਟ ਅਕਸ਼ੈ ਕੁਮਾਰ ਨੂੰ ਦਿੱਤਾ ਗਿਆ ਸੀ, ਜਦ ਕਿ ਫਿਲਮ ਵਿੱਚ ਪੰਜ ਔਰਤਾਂ ਮਹੱਤਵਪੂਰਨ ਕਿਰਦਾਰ ਵਿਚ ਸਨ। ਵਿਦਿਆ ਨੇ ਕਿਹਾ, ''ਕੋਰੋਨਾ ਆਉਣ ਨਾਲ ਲੋਕਾਂ ਨੂੰ ਕਹਿਣ ਦਾ ਬਹਾਨਾ ਮਿਲ ਗਿਆ ਕਿ ਮਹਿਲਾ ਪ੍ਰਧਾਨ ਫਿਲਮਾਂ ਨਹੀਂ ਚੱਲਦੀਆਂ, ਪਰ ਇਸ ਦਾ ਕਾਰਨ ਇਹ ਹੈ ਕਿ ਇੱਥੇ ਇੱਕ ਦੇ ਬਾਅਦ ਇੱਕ ਫਿਲਮ ਲਿਆਈ ਜਾਂਦੀ ਹੈ ਅਤੇ ਤੁਹਾਡੇ ਸੋ-ਕਾਲਡ ਮੇਲ ਹੀਰੋ ਫਲਾਪ ਹੋ ਜਾਂਦੇ ਹਨ, ਪਰ ਮਹਿਲਾ ਪ੍ਰਧਾਨ ਫਿਲਮਾਂ ਦੀ ਗੱਲ ਕੌਣ ਕਰੇਗਾ। 'ਗੰਗੂਬਾਈ ਕਾਠੀਆਵਾੜੀ' ਵਿੱਚ ਕੋਈ ਪੁਰਸ਼ ਲੀਡ ਰੋਲ ਵਿਚ ਨਹੀਂ ਸੀ, ਇਹ ਆਲੀਆ ਭੱਟ ਦੀ ਫਿਲਮ ਸੀ। ਇਸ ਨੇ ਕਈ ਪੁਰਸ਼ ਹੀਰੋ ਵਾਲੀਆਂ ਫਿਲਮਾਂ ਤੋਂ ਵੱਧ ਚੰਗਾ ਬਿਜ਼ਨਸ ਕੀਤਾ ਸੀ। ਇਹ ਬੇਹੱਦ ਮੰਦਭਾਗਾ ਹੈ ਕਿਉਂਕਿ ਇਸਦੇ ਲਈ ਕੋਈ ਲਾਜਿਕ ਨਹੀਂ ਹੈ।''

ਵਿਦਿਆ ਨੇ ਇਹ ਵੀ ਦੱਸਿਆ ਕਿ ਮਹਿਲਾ ਪ੍ਰਧਾਨ ਫਿਲਮਾਂ ਕਿਵੇਂ ਮੇਲ ਹੀਰੋ ਵਾਲੀਆਂ ਫਿਲਮਾਂ ਤੋਂ ਵੱਖ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਬੁਰੀ ਤੋਂ ਬੁਰੀ ਫਲਾਪ ਫਿਲਮ ਨੇ ਵੀ ਮੇਲ ਹੀਰੋ ਵਾਲੀਆਂ ਫਿਲਮਾਂ ਦੇ ਅਨੁਪਾਤ ਵਿਚ ਵਧੀਆ ਪੈਸਾ ਬਣਾ ਲਿਆ ਸੀ। ਡਿਸਕਸ਼ਨ ਵਿਚ ਸ਼ਾਮਲ ਵਿਕਰਮ ਮਲਹੋਤਰਾ ਨੇ ਵਿਦਿਆ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਜੇ ਪਿਛਲੀਆਂ ਪੰਜਾਹ ਫਿਲਮਾਂ ਦੇਖੀਏ ਜਿਨ੍ਹਾਂ ਵਿਚ ਔਰਤਾਂ ਸਨ ਤਾਂ ਉਨ੍ਹਾਂ ਦੀ ਸਕਸੈਸ ਰੇਟ ਬਾਕੀ ਫਿਲਮਾਂ ਦੇ ਮੁਕਾਬਲੇ ਜ਼ਿਆਦਾ ਹੈ।ਵਿਦਿਆ ਨੇ ਕਿਹਾ ਕਿ ਪ੍ਰੋਡਿਊਸਰਾਂ ਨੂੰ ਇਹ ਲੱਗਦਾ ਹੈ ਕਿ ਫਿਲਮ ਦਾ ਪ੍ਰਚਾਰ ਉਸ ਨੂੰ ਮਹਿਲਾ ਪ੍ਰਧਾਨ ਫਿਲਮ ਦੱਸ ਕੇ ਕੀਤਾ ਗਿਆ ਤਾਂ ਮੇਲ ਦਰਸ਼ਕਾਂ ਦਾ ਨੈਗੇਟਿਵ ਰਿਸਪਾਂਸ ਮਿਲੇਗਾ। ਉਨ੍ਹਾਂ ਨੇ ਕਿਹਾ, ''ਉਦਾਹਰਣ ਦੇ ਲਈ 'ਮਿਸ਼ਨ ਮੰਗਲ' ਨੂੰ ਲੈ ਲਓ ਜਿਸ ਨੇ ਵਧੀਆ ਬਿਜ਼ਨਸ ਕੀਤਾ ਸੀ, ਪਰ ਫਾਈਨਲੀ ਉਸ ਨੂੰ ਵੀ ਅਕਸ਼ੈ ਕੁਮਾਰ ਦੀ ਫਿਲਮ ਦੱਸਿਆ ਗਿਆ, ਇਹ ਬੇਹੱਦ ਨਿਰਾਸ਼ਾਜਨਕ ਹੈ। ਇਸ ਵਿੱਚ ਕੇਵਲ ਅਕਸ਼ੈ ਕੁਮਾਰ ਨਹੀਂ, ਲੀਡ ਰੋਲ ਵਿੱਚ ਪੰਜ ਔਰਤਾਂ ਵੀ ਸਨ। ਕੋਈ ਮੇਰੇ ਤੋਂ ਮੇਰੀ ਪਿਛਲੀ ਹਿਟ ਦੇ ਬਾਰੇ ਗੱਲ ਕਰ ਰਿਹਾ ਸੀ ਤਾਂ ਉਨ੍ਹਾਂ ਨੇ 'ਮਿਸ਼ਨ ਮੰਗਲ' ਦੀ ਗੱਲ ਨਹੀਂ ਕੀਤੀ ਕਿਉਂਕਿ ਉਨ੍ਹਾਂ ਦੇ ਹਿਸਾਬ ਨਾਲ ਉਹ ਅਕਸ਼ੈ ਦੀ ਫਿਲਮ ਸੀ ਤਾਂ ਮੈਂ ਕਿਹਾ, ''ਕੀ ਤੁਸੀਂ ਫਿਲਮ ਵਿੱਚ ਮੈਨੂੰ ਅਤੇ ਚਾਰ ਦੂਸਰੀਆਂ ਔਰਤਾਂ ਨੂੰ ਨਹੀਂ ਦੇਖਿਆ ਸੀ?''

# ਦਾਦੀ ਤੋਂ ਸਿੱਖਿਆ ਸੰਗੀਤ ਦਾ ਆਨੰਦ ਲੈਣਾ : ਆਯੁਸ਼ਮਾਨ



ਆਯੁਸ਼ਮਾਨ ਖੁਰਾਣਾ ਸੰਗੀਤ ਪ੍ਰੇਮੀ ਵੀ ਹੈ ਅਤੇ ਉਸ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਨਵੇਂ ਗੀਤਾਂ ਅਤੇ ਨਵੇਂ ਸੰਗੀਤ ਦੀ ਭਾਲ ਵਿੱਚ ਰਹਿੰਦਾ ਹੈ। ਆਯੁਸ਼ਮਾਨ ਨੇ ਕਿਹਾ, ''ਮੈਂ ਬਚਪਨ ਤੋਂ ਹੀ ਸੰਗੀਤ ਦਾ ਆਨੰਦ ਲਿਆ ਹੈ ਅਤੇ ਮੈਂ ਵੱਖ-ਵੱਖ ਭਾਸ਼ਾਵਾਂ ਦਾ ਸੰਗੀਤ ਸੁਣਨਾ ਪਸੰਦ ਕਰਦਾ ਹਾਂ। ਮੈਨੂੰ ਇਹ ਗੁਣ ਮੇਰੀ ਦਾਦੀ ਤੋਂ ਮਿਲਿਆ ਹੈ। ਉਹ ਫਿਲਮੀ ਗਾਣਿਆਂ ਦੀ ਇੱਕ ਵਿਸ਼ਵਕੋਸ਼ ਦੇ ਵਾਂਗ ਸੀ ਅਤੇ ਹਰ ਤਰ੍ਹਾਂ ਦੇ ਸੰਗੀਤ ਦਾ ਆਨੰਦ ਲੈਂਦੀ ਸੀ। ਇਸੇ ਤਰ੍ਹਾਂ ਮੇਰੇ ਦਿਮਾਗ 'ਚ ਹਰ ਮੌਕੇ ਲਈ ਇਕਦਮ ਸਹੀ ਗਾਣਾ ਰਹਿੰਦਾ ਹੈ ਅਤੇ ਮੈਨੂੰ ਗਾਣਾ ਲੱਭਣ 'ਚ ਬੜਾ ਮਜ਼ਾ ਆਉਂਦਾ ਹੈ।'' ਉਹ ਅੱਗੇ ਕਹਿੰਦਾ ਹੈ, ''ਮੈਂ ਲਗਾਤਾਰ ਸਾਰੀਆਂ ਸ਼ੈਲੀਆਂ 'ਚ ਨਵੇਂ ਸੰਗੀਤ ਦੀ ਭਾਲ ਵਿੱਚ ਰਹਿੰਦਾ ਹਾਂ। ਮੈਂ ਹਮੇਸ਼ਾ ਵੱਖ-ਵੱਖ ਤਰ੍ਹਾਂ ਦੇ ਸੰਗੀਤ ਦਾ ਪੂਰਾ ਆਨੰਦ ਲੈਣਾ ਪਸੰਦ ਕਰਦਾ ਹਾਂ।''

ਆਯੁਸ਼ਮਨ ਨੇ 'ਪਾਣੀ ਦਾ ਰੰਗ', 'ਓ ਹੀਰੀਏ', 'ਮਿੱਟੀ ਦੀ ਖੁਸ਼ਬੂ' ਅਤੇ 'ਮੇਰੇ ਲੀਏ ਤੁਮ ਕਾਫੀ ਹੋ'। ਵਰਗੇ ਕਈ ਗਾਣੇ ਵੀ ਗਾਏ ਹਨ। ਉਸ ਦੇ ਐਕਟਿੰਗ ਕਰੀਅਰ ਦੀ ਗੱਲ ਕਰੀਏ ਤਾਂ ਉਹ 'ਐਨ ਐਕਸ਼ਨ ਹੀਰੋ' ਅਤੇ 'ਡਾਕਟਰ ਜੀ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆਵੇਗਾ।

# ਮੈਂ ਬਹੁਤ ਕੁਝ ਬਰਦਾਸ਼ਤ ਕੀਤਾ : ਹਰਨਾਜ਼ ਸੰਧੂ



'ਮਿਸ ਯੂਨੀਵਰਸ 2021' ਹਰਨਾਜ਼ ਸੰਧੂ ਆਪਣੀ ਖੂਬਸੂਰਤੀ ਅਤੇ ਗਲੈਮਰਸ ਅਵਤਾਰ ਲਈ ਚੰਗੀ ਪ੍ਰਸਿੱਧ ਹੈ, ਪਰ ਉਸ ਨੂੰ ਵੀ ਆਪਣੇ ਭਾਰ ਬਾਰੇ ਤਾਅਨੇ ਸਹਿਣੇ ਪਏ ਹਨ। ਪਿੱਛੇ ਜਿਹੇ ਉਸ ਨੇ ਇਨ੍ਹਾਂ ਬਾਰੇ ਦੱਸਿਆ ਕਿ ਕਿਵੇਂ ਇਸ ਸਭ ਤੋਂ ਨਿਕਲ ਕੇ ਉਸ ਨੇ ਖੁਸ਼ ਰਹਿਣਾ ਸਿੱਖਿਆ ਹੈ। ਉਸ ਦੇ ਅਨੁਸਾਰ, ''ਸਰੀਰਕ ਤੌਰ ਉੱਤੇ ਮੈਂ ਇਕ ਤਰ੍ਹਾਂ ਵੱਡੀ ਹੋ ਗਈ ਹਾਂ, ਆਪਣਾ ਭਾਰ ਵਧਾ ਲਿਆ ਹੈ, ਜਿਸ ਬਾਰੇ ਮੈਂ ਪੂਰੀ ਤਰ੍ਹਾਂ ਸਹਿਜ ਹਾਂ, ਪਰ ਮੇਰੇ ਭਾਰ ਨਾਲ ਸ਼ਾਇਦ ਕੁਝ ਲੋਕਾਂ ਨੂੰ ਦਿੱਕਤ ਹੈ, ਭਾਰ ਵਧਾਉਣ ਉੱਤੇ ਮੈਨੂੰ ਤਾਅਨੇ ਦਿੱਤੇ ਗਏ ਸਨ। ਇਹ ਦੇਖਣਾ ਮੇਰੇ ਲਈ ਹੈਰਾਨ ਕਰਨ ਵਾਲਾ ਸੀ ਕਿ ਕਿਵੇਂ ਉਨ੍ਹਾਂ ਲੋਕਾਂ ਨੇ ਆਪਣੀ ਰਾਏ ਦੇਣੀ ਸ਼ੁਰੂ ਕਰ ਦਿੱਤੀ, ਜੋ ਮੇਰੇ ਲਈ ਕੋਈ ਅਰਥ ਹੀ ਨਹੀਂ ਰੱਖਦੇ।'' ਇਸ ਤਜਰਬੇ ਬਾਰੇ ਵਿਚ ਉਹ ਦੱਸਦੀ ਹੈ, ''ਇਹ ਬਾਰੇ ਨਹੀਂ ਹੈ ਕਿ ਤੁਸੀਂ ਕਿਵੇਂ ਦਿਸਦੇ ਹੋ, ਇਹ ਇਸ ਬਾਰੇ ਹੈ ਕਿ ਤੁਸੀਂ ਅੰਦਰੋਂ ਕੀ ਅਤੇ ਕੌਣ ਹੋ ਅਤੇ ਤੁਸੀਂ ਲੋਕਾਂ ਨਾਲ ਕਿਵੇਂ ਵਿਹਾਰ ਕਰਦੇ ਅਤੇ ਤੁਸੀਂ ਕਿਸ ਉੱਤੇ ਯਕੀਨ ਕਰਦੇ ਹੋ। ਮੈਂ ਅਸਲ ਵਿਚ ਆਪਣੇ ਟੀਚੇ ਉੱਤੇ ਕੇਂਦਰਿਤ ਸੀ ਅਤੇ ਮੈਂ ਆਪਣੀ ਸਿਹਤ ਬਾਰੇ ਨਹੀਂ ਸੋਚਦੀ ਸੀ। ਪੂਰਾ ਸਮਾਂ ਅਸੀਂ ਕੰਮ ਕਰਦੇ ਸੀ, ਬਹੁਤ ਸਾਰੀਆਂ ਗਤੀਵਿਧੀਆਂ ਕਰਦੇ ਸੀ ਅਤੇ ਮੇਰੇ ਕੋਲ ਆਰਾਮ ਲਈ ਲਗਭਗ ਇਕ ਮਹੀਨਾ ਸੀ।''

ਹਰਨਾਜ਼ ਅੱਗੇ ਦੱਸਦੀ ਹੈ ''ਉਸ ਦੌਰਾਨ ਮੈਂ ਅਸਲ ਵਿਚ ਕੰਮ ਨਹੀਂ ਕੀਤਾ ਅਤੇ ਬੱਸ ਖਾਣਾ ਖਾਂਦੀ ਰਹੀ ਅਤੇ ਆਪਣੇ ਪਰਵਾਰ ਨਾਲ ਸਮੇਂ ਦਾ ਆਨੰਦ ਲੈ ਰਹੀ ਸੀ। ਮੈਂ ਕਦੇ ਨਹੀਂ ਸੋਚਿਆ ਸੀ ਕਿ ਇਹ ਮੇਰੇ ਸਰੀਰ ਉੱਤੇ ਦਿੱਸਣ ਲੱਗ ਪਵੇਗਾ। ਅਜਿਹੇ ਵਿੱਚ ਕੁਝ ਆਨਲਾਈਨ ਕੁਮੈਂਟ ਬਹੁਤ ਗੁੱਸੇ ਵਾਲੇ ਸੀ। ਮੈਂ ਬੜਾ ਕੁਝ ਬਰਦਾਸ਼ਤ ਕੀਤਾ, ਮੈਨੂੰ ਬਹੁਤ ਧੱਕਾ ਲੱਗਾ, ਇੱਥੋਂ ਤੱਕ ਕਿ ਮੈਂ ਟੁੱਟ ਗਈ। ਇਹ ਅਸਲ ਵਿੱਚ ਦੁਖਦਾਈ ਸੀ।''ਉਸ ਦਾ ਭਾਰ ਤਾਂ ਵਧਿਆ, ਪਰ ਉਸ ਦੀ ਤਬੀਅਤ ਵੀ ਠੀਕ ਨਹੀਂ ਸੀ ਤੇ ਜਾਂਚ ਵਿੱਚ ਉਸ ਨੂੰ ਐਲਰਜੀ ਦਾ ਪਤਾ ਲੱਗਾ। ਪਹਿਲਾਂ ਉਸ ਨੂੰ ਪਤਾ ਨਹੀਂ ਸੀ ਕਿ ਇਹ ਸਮੱਸਿਆ ਹੈ। ਉਹ ਕਹਿੰਦੀ ਹੈ, ''ਮੈਨੂੰ ਆਂਡੇ ਤੋਂ ਐਲਰਜੀ ਹੈ ਤੇ ਇਸ ਦਾ ਉਦੋਂ ਅਹਿਸਾਸ ਹੋਇਆ ਜਦੋਂ ਮੈਂ ਨਿਊ ਯਾਰਕ ਗਈ।"ਜਦ 70ਵੀਂ ਮਿਸ ਯਨੀਵਰਸ ਦਾ ਖਿਤਾਬ ਜਿੱਤ ਕੇ ਆਪਣੀ ਸਿਹਤ ਉੱਤੇ ਪਕੜ ਬਣਾ ਲਈ ਹੈ ਤਾਂ ਉਸ ਦੀ ਮਾਨਸਿਕਤਾ ਬਦਲ ਗਈ ਹੈ। ਉਹ ਕਹਿੰਦੀ ਹੈ, ''ਮੈਂ ਜ਼ਿੰਦਗੀ ਦੇ ਉਸ ਦੌਰ ਤੋਂ ਲੰਘ ਰਹੀ ਹਾਂ ਜਿੱਥੇ ਹਰ ਚੀਜ਼ ਦੇ ਬਾਰੇ ਬੁਰਾ ਲੱਗਦਾ ਸੀ, ਅੱਜਕੱਲ੍ਹ ਮੈਂ ਹਰ ਚੀਜ਼ ਨੂੰ ਪਿਆਰ ਕਰਨ ਲੱਗੀ ਹਾਂ। ਰੋਣਾ ਠੀਕ ਹੈ। ਉਦਾਸ ਹੋਣਾ ਠੀਕ ਹੈ।'' ਉਸ ਨੂੰ ਆਸ ਹੈ ਕਿ ਇਹ ਗੱਲਾਂ ਕਰਨ ਨਾਲ ਉਨ੍ਹਾਂ ਲੋਕਾਂ ਨੂੰ ਮਦਦ ਮਿਲੇਗੀ, ਜੋ ਆਪਣੇ ਸਰੀਰ ਅਤੇ ਖੁਦ ਨੂੰ ਪ੍ਰੇਮ ਕਰਨ ਬਾਰੇ ਸੰਘਰਸ਼ਮਈ ਹਨ। ਖੁਦ ਨੂੰ ਪਿਆਰ ਕਰੋ ਅਤੇ ਭਰੋਸਾ ਰੱਖੋ ਤਾਂ ਕਿ ਇੱਕ ਦਿਨ ਜਿੱਤ ਤੁਹਾਡੀ ਹੁੰਦੀ ਹੈ।



# 'ਡਰੀਮ ਗਰਲ' ਵਿੱਚ ਆਯੁਸ਼ਮਾਨ ਦੇ ਨਾਲ ਪਰਦੇ 'ਤੇ ਨਜ਼ਰ ਆਏਗੀ ਅਨੰਨਿਆ

ਆਯੁਸ਼ਮਾਨ ਖੁਰਾਣਾ ਜਲਦੀ ਹੀ ਫਿਲਮ 'ਡਰੀਮ ਗਰਲ 2' ਵਿੱਚ ਨਜ਼ਰ ਆਉਣਗੇ। ਇਸ ਫਿਲਮ ਵਿੱਚ ਫੀਮੇਲ ਲੀਡ ਕਿਰਦਾਰ ਲਈ ਹੁਣ ਤੱਕ ਕਈ ਹੀਰੋਇਨਾਂ ਦਾ ਨਾਂਅ ਸਾਹਮਣੇ ਆ ਚੁੱਕਾ ਹੈ। ਇੱਕ ਵੇਲੇ ਸੁਣਨ ਵਿੱਚ ਆਇਆ ਸੀ ਕਿ ਫਿਲਮ ਵਿੱਚ ਤੇਜਸਵੀ ਪ੍ਰਕਾਸ਼ ਨਜ਼ਰ ਆਏਗੀ। ਉਸ ਦੇ ਬਾਅਦ ਸਾਰਾ ਅਲੀ ਖਾਨ ਦੇ ਨਾਂਅ ਦੀ ਚਰਚਾ ਚੱਲੀ ਸੀ। ਹੁਣ ਸੂਤਰਾਂ ਅਨੁਸਾਰ 'ਡਰੀਮ ਗਰਲ 2' ਵਿੱਚ ਅਨੰਨਿਆ ਪਾਂਡੇ ਦੀ ਐਂਟਰੀ ਹੋ ਗਈ ਹੈ। ਸੂਤਰਾਂ ਨੇ ਦੱਸਿਆ, ''ਫਿਲਮ ਲਈ ਮੇਕਰਸ ਅਨੰਨਿਆ ਦੇ ਨਾਲ ਗੱਲਬਾਤ ਕਰ ਰਹੇ ਸਨ। ਫਿਲਮ ਦੇ ਮੇਕਰਸ ਨੇ ਆਯੁਸ਼ਮਾਨ ਦੇ ਆਪੋਜ਼ਿਟ ਅਨੰਨਿਆ ਨੂੰ ਫਾਈਨਲ ਕਰ ਲਿਆ ਹੈ।'' ਕਿਹਾ ਜਾ ਰਿਹਾ ਹੈ ਕਿ ਮੇਕਰਸ ਫੀਮੇਲ ਲੀਡ ਕਿਰਦਾਰ ਦੇ ਲਈ ਇੱਕ ਨਵੀਂ ਪੀੜ੍ਹੀ ਦੀ ਅਭਿਨੇਤਰੀ ਦੀ ਤਲਾਸ਼ ਵਿੱਚ ਸਨ। ਹਾਲਾਂਕਿ ਇਸ ਸੰਬੰਧ ਵਿੱਚ ਆਫੀਸ਼ੀਅਲ ਅਨਾਊਂਸਮੈਂਟ ਹੋਣਾ ਬਾਕੀ ਹੈ। ਇਹ ਪ੍ਰੋਜੈਕਟ ਪ੍ਰੀ ਪ੍ਰੋਡਕਸ਼ਨ ਸਟੇਜ ਵਿੱਚ ਹੈ।'' ਖਬਰਾਂ ਦੀ ਮੰਨੀਏ ਤਾਂ ਇਸ ਸਾਲ ਦੇ ਅਖੀਰ ਵਿੱਚ ਫਿਲਮ ਦੀ ਸ਼ੂਟਿੰਗ ਸ਼ੁਰੂ ਹੋਵੇਗੀ। ਇਸ ਫਿਲਮ ਦਾ ਨਿਰਦੇਸ਼ਨ ਰਾਜ ਸ਼ਾਂਡਿਲਯ ਕਰਨਗੇ। ਮਨੋਰੰਜਨ ਦੇ ਨਾਲ-ਨਾਲ ਫਿਲਮ ਵਿੱਚ ਦਰਸ਼ਕਾਂ ਦੇ ਲਈ ਇੱਕ ਖਾਸ ਸੰਦੇਸ਼ ਵੀ ਹੋਵੇਗਾ। ਫਿਲਮ ਦੀ ਸ਼ੂਟਿੰਗ ਦੇ ਲਈ ਲੋਕੇਸ਼ਨ ਨੂੰ ਤੈਅ ਕਰ ਲਿਆ ਗਿਆ ਹੈ। ਅਨੰਨਿਆ ਬਹੁਤ ਜਲਦੀ ਫਿਲਮ 'ਲਾਈਗਰ' ਵਿੱਚ ਨਜ਼ਰ ਆਏਗੀ। ਇਹ ਉਸ ਦੀ ਪਹਿਲੀ ਪੈਨ ਇੰਡੀਆ ਫਿਲਮ ਹੈ, ਜਿਸ ਵਿੱਚ ਉਸ ਦੀ ਜੋੜੀ ਸਾਊਥ ਦੇ ਸੁਪਰਸਟਾਰ ਵਿਜੈ ਦੇਵਰਕੋਂਡਾ ਦੇ ਨਾਲ ਬਣੀ ਹੈ।















FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017